@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 8 June 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 8 ਜੂਨ 2025, 25 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 208, qpatrika@gmail.com ਫੋਨ : 9971359517 www.qaumipatrika.org

## ਕੀ ਸੱਚੀ ਬੰਦ ਹੋ ਰਹੇ ਹਨ 500 ਰੁਪਏ ਦੇ ਨੋਟ?

ਨੈਸ਼ਨਲ ਡੈਸਕ 7 ਜੂਨ। ਸੋਸ਼ਲ ਮੀਡੀਆ 'ਤੇ ਕਈ ਦਿਨਾਂ ਤੋਂ ਖ਼ਬਰਾਂ ਵਾਇਰਲ ਹੋ ਰਹੀਆਂ ਹਨ ਕਿ 500 ਰੁਪਏ ਦੇ ਨੋਟ ਬੰਦ ਹੋਣ ਜਾ ਰਹੇ ਹਨ। ਦਰਅਸਲ ਸਰਕਾਰ ਦੀ 500 ਰੁਪਏ ਦੇ ਨੋਟ ਬੰਦ ਕਰਨ ਕੋਈ ਯੋਜਨਾ ਨਹੀਂ ਹੈ। ਸਰਕਾਰ ਨੇ ਜੂਨ 'ਚ 500 ਰੁਪਏ ਦੇ ਨੋਟ ਬੰਦ ਕੀਤੇ ਜਾਣ ਦੀਆਂ ਸੰਭਾਵਨਾਵਾਂ ਨਾਲ ਸੰਬੰਧਤ ਖ਼ਬਰਾਂ ਨੂੰ ਖਾਰਜ ਕਰ ਦਿੱਤਾ ਹੈ। ਪੀ.ਆਈ.ਬੀ. ਦੀ ਫੈਕਟ ਚੈੱਕ ਯੂਨਿਟ ਵਲੋਂ ਇਸ ਸੰਬੰਧ 'ਚ 'ਐਕਸ' 'ਤੇ ਕੀਤੀ ਗਈ ਇਕ ਪੋਸਟ 'ਚ ਕਿਹਾ ਗਿਆ ਹੈ,"ਇਕ ਯੂ-ਟਿਊਬ ਚੈਨਲ ਵਲੋਂ ਫੈਲਾਈ ਗਈ ਖ਼ਬਰ ਕਿ 500 ਰੁਪਏ ਦੇ ਨੋਟ ਬੰਦ ਕੀਤੇ ਜਾ ਰਹੇ ਹਨ, ਪੂਰੀ ਤਰ੍ਹਾਂ ਗਲਤ ਹੈ। ਪੀ.ਆਈ.ਬੀ. ਨੇ ਇਸ ਨੂੰ ਫੇਕ ਨਿਊਜ਼ ਦੱਸਦੇ ਹੋਏ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵਲੋਂ ਅਜਿਹਾ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ ਅਤੇ 500 ਰੁਪਏ ਦੇ ਨੋਟ ਪੂਰੀ ਤਰ੍ਹਾਂ ਸਰਕੁਲੇਸ਼ਨ 'ਚ ਬਣੇ ਰਹਿਣਗੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਇਕ ਬਿਆਨ ਦਿੱਤਾ ਸੀ ਕਿ ਕੇਂਦਰ ਸਰਕਾਰ ਨੂੰ 500 ਰੁਪਏ ਅਤੇ ਇਸ ਤੋਂ ਵੱਡੇ ਮੁੱਲ ਦੇ ਨੋਟਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੇ ਬਾਅਦ ਤੋਂ 500 ਰੁਪਏ ਦੇ ਨੋਟ ਨੂੰ ਲੈ ਕੇ ਖ਼ਬਰਾਂ ਵਾਇਰਲ ਹੋਣ ਲੱਗੀਆਂ ਸਨ। ਉਨ੍ਹਾਂ ਦਾ ਮੰਨਣਾ ਹੈ ਕਿ ਉੱਚ ਮੁੱਲ ਦੇ ਨੋਟਾਂ ਨੂੰ ਹਟਾ ਕੇ ਦੇਸ਼ ਨੂੰ ਪੂਰੀ ਤਰ੍ਹਾਂ ਡਿਜੀਟਲ ਲੈਣ-ਦੇਣ ਵੱਲ ਲਿਆਂਦਾ ਜਾ ਸਕਦਾ ਹੈ, ਜਿਸ ਨਾਲ ਨਾ ਸਿਰਫ਼ ਭ੍ਰਿਸ਼ਟਾਚਾਰ 'ਤੇ ਰੋਕ ਲੱਗੇਗੀ ਸਗੋਂ ਅਰਥਵਿਵਸਥਾ ਵੀ ਵੱਧ ਪਾਰਦਰਸ਼ੀ ਬਣੇਗੀ।

## "ਅਪਰਾਧੀਆਂ ਦੀ ਪੀੜਤਾਂ ਨਾਲ ਬਰਾਬਰੀ ਨੂੰ ਕਦੇ ਸਵੀਕਾਰ ਨਹੀਂ ਕਰੇਗਾ ਭਾਰਤ": ਜੈਸ਼ੰਕਰ

ਨੈਸ਼ਨਲ ਡੈਸਕ 7 ਜੂਨ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸ਼ਨੀਵਾਰ ਨੂੰ ਬ੍ਰਿਟਿਸ਼ ਵਿਦੇਸ਼ ਮੰਤਰੀ ਡੇਵਿਡ ਲੈਮੀ ਨਾਲ ਵਿਆਪਕ ਗੱਲਬਾਤ ਦੌਰਾਨ ਕਿਹਾ ਕਿ ਭਾਰਤ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦੀ ਪਾਲਣਾ ਕਰ ਰਿਹਾ ਹੈ ਅਤੇ ਅਪਰਾਧ ਕਰਨ ਵਾਲਿਆਂ ਨੂੰ ਪੀੜਤਾਂ ਨਾਲ ਬਰਾਬਰੀ ਕਰਨ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ। ਇਹ ਟਿੱਪਣੀ ਪਿਛਲੇ ਮਹੀਨੇ ਚਾਰ ਦਿਨਾਂ ਫੌਜੀ ਟਕਰਾਅ ਤੋਂ ਬਾਅਦ ਕਈ ਦੇਸ਼ਾਂ ਵੱਲੋਂ ਭਾਰਤ ਅਤੇ ਪਾਕਿਸਤਾਨ ਦੀ ਬਰਾਬਰੀ ਕਰਨ 'ਤੇ ਨਵੀਂ ਦਿੱਲੀ ਦੇ ਇਤਰਾਜ਼ ਦੇ ਵਿਚਕਾਰ ਆਈ ਹੈ। ਲੈਮੀ ਅੱਜ ਸਵੇਰੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਦੇ ਵੱਖ-ਵੱਖ ਪਹਿਲੂਆਂ ਦੀ ਸਮੀਖਿਆ ਕਰਨ ਲਈ ਦੋ ਦਿਨਾਂ ਦੌਰੇ 'ਤੇ ਨਵੀਂ ਦਿੱਲੀ ਪਹੁੰਚੇ। ਆਪਣੇ ਭਾਸ਼ਣ ਦੌਰਾਨ ਜੈਸ਼ੰਕਰ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਨ ਅਤੇ ਅੱਤਵਾਦ ਵਿਰੁੱਧ ਨਵੀਂ ਦਿੱਲੀ ਦੀ ਲੜਾਈ ਦਾ ਸਮਰਥਨ ਕਰਨ ਲਈ ਬ੍ਰਿਟੇਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, ÷ਅਸੀਂ ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦੀ ਪਾਲਣਾ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਸਾਡੇ ਭਾਈਵਾਲ ਇਸ ਨੂੰ ਸਮਝਣਗੇ। ਭਾਰਤ ਕਦੇ ਵੀ ਅਪਰਾਧ ਕਰਨ ਵਾਲਿਆਂ ਨੂੰ ਪੀੜਤਾਂ ਦੇ ਬਰਾਬਰ ਰੱਖਣ ਦੇ ਵਿਚਾਰ ਦਾ ਸਮਰਥਨ ਨਹੀਂ ਕਰੇਗਾ।÷ ਜੈਸ਼ੰਕਰ ਨੇ ਹਾਲ ਹੀ ਵਿੱਚ ਹੋਏ ਭਾਰਤ-ਯੂਕੇ ਮੁਕਤ ਵਪਾਰ ਸਮਝੌਤੇ ਅਤੇ ਦੋਹਰੇ ਯੋਗਦਾਨ ਸਮਝੌਤੇ ਨੂੰ ਮੀਲ ਪੱਥਰ ਦੱਸਿਆ। ਮੰਨਿਆ ਜਾਂਦਾ ਹੈ ਕਿ ਭਾਰਤੀ ਪੱਖ ਨੇ ਪਾਕਿਸਤਾਨ ਵਿੱਚ ਵਧ ਰਹੇ ਅੱਤਵਾਦ ਦਾ ਮੁੱਦਾ ਉਠਾਇਆ। ਬ੍ਰਿਟੇਨ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਸੀ ਜੋ ਪਿਛਲੇ ਮਹੀਨੇ ਫੌਜੀ ਟਕਰਾਅ ਦੌਰਾਨ ਤਣਾਅ ਘਟਾਉਣ ਦੀ ਕੋਸ਼ਿਸ਼ ਵਿੱਚ ਭਾਰਤ ਅਤੇ ਪਾਕਿਸਤਾਨ ਦੋਵਾਂ ਦੇ ਸੰਪਰਕ ਵਿੱਚ ਸਨ। ਲੈਮੀ 16 ਮਈ ਨੂੰ ਇਸਲਾਮਾਬਾਦ ਦੇ ਦੋ ਦਿਨਾਂ ਦੌਰੇ 'ਤੇ ਵੀ ਗਏ ਸਨ, ਜਿਸ ਦੌਰਾਨ ਉਨ੍ਹਾਂ ਨੇ 10 ਮਈ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਨੂੰ ਰੋਕਣ ਲਈ ਹੋਏ ਸਮਝੌਤੇ ਦਾ ਸਵਾਗਤ ਕੀਤਾ।

# ਪੰਜਾਬ ਲਈ ਖ਼ੁਸ਼ਖਬਰੀ, ਕੇਂਦਰ ਸਰਕਾਰ ਨੇ ਇੱਕ ਵੱਡੇ ਪ੍ਰੋਜੈਕਟ ਨੂੰ ਦਿੱਤੀ ਮਨਜ਼ੂਰੀ !

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਚੰਡੀਗੜ੍ਹ 7 ਜੂਨ। ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਯਤਨਾਂ ਦੇ ਨਤੀਜੇ ਵਜੋਂ, ਪੰਜਾਬ ਰਾਜ ਵਿੱਚ 800 ਮੈਗਾਵਾਟ ਦੇ 3 ਹੋਰ ਬਿਜਲੀ ਉਤਪਾਦਨ ਯੂਨਿਟ ਸਥਾਪਤ ਕਰਨ ਦੀ ਮੰਗ ਨੂੰ ਅੱਜ ਕੇਂਦਰੀ ਬਿਜਲੀ ਮੰਤਰੀ ਨੇ ਸਵੀਕਾਰ ਕਰ ਲਿਆ। ਇਹ ਮੁੱਦਾ ਹਰਭਜਨ ਸਿੰਘ ਈਟੀਓ ਨੇ ਅੱਜ ਇੱਥੇ ਭਾਰਤ ਸਰਕਾਰ ਦੇ ਬਿਜਲੀ ਵਿਭਾਗ ਦੁਆਰਾ ਉੱਤਰੀ ਭਾਰਤ ਦੇ ਬਿਜਲੀ ਮੰਤਰੀਆਂ ਲਈ ਆਯੋਜਿਤ ਇੱਕ ਕਾਨਫਰੰਸ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਕਰਦੇ ਹੋਏ ਉਠਾਇਆ। ਇਸ ਕਾਨਫਰੰਸ ਦੀ ਪ੍ਰਧਾਨਗੀ ਭਾਰਤ ਦੇ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨੇ ਕੀਤੀ ਅਤੇ ਇਸ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ, ਜੰਮੂ ਅਤੇ ਕਸ਼ਮੀਰ, ਲੱਦਾਖ ਅਤੇ ਦਿੱਲੀ ਸਰਕਾਰ ਦੇ ਬਿਜਲੀ ਮੰਤਰੀਆਂ ਅਤੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਬਿਜਲੀ ਮੰਤਰੀ ਨੇ ਰੋਪੜ ਥਰਮਲ ਪਲਾਂਟ ਦੀ ਮੌਜੂਦਾ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਦੀ ਮੰਗ ਕੀਤੀ ਅਤੇ ਕਿਹਾ ਕਿ ਪੰਜਾਬ ਦੀਆਂ ਆਪਣੀਆਂ ਕੋਲਾ ਖਾਣਾਂ ਹਨ, ਪਰ ਕੇਂਦਰ ਸਰਕਾਰ ਦੀ ਸ਼ਰਤ ਹੈ ਕਿ ਕੋਲੇ ਦੀ ਢੋਆ-ਢੁਆਈ 1000 ਕਿਲੋਮੀਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ, ਇਸ ਕਾਰਨ ਇਨ੍ਹਾਂ ਥਰਮਲ ਪਲਾਂਟਾਂ ਦੀ ਸਮਰੱਥਾ ਵਧਾਉਣ ਵਿੱਚ ਮੁਸ਼ਕਲ ਦਾ ਮੁੱਦਾ ਉਠਾਇਆ। ਇਸ ਮੰਗ ਨੂੰ ਸਵੀਕਾਰ ਕਰਦੇ ਹੋਏ, ਕੇਂਦਰੀ ਬਿਜਲੀ ਮੰਤਰੀ ਨੇ ਅਧਿਕਾਰੀਆਂ ਨੂੰ ਕੋਲੇ ਦੀ ਢੋਆ-ਢੁਆਈ ਦੀ ਸੀਮਾ 1500 ਕਿਲੋਮੀਟਰ ਤੋਂ ਵਧਾਉਣ ਅਤੇ ਪੰਜਾਬ ਦੇ ਰੋਪੜ ਵਿੱਚ 800-800 ਮੈਗਾਵਾਟ ਦੇ ਦੋ ਹੋਰ ਬਿਜਲੀ ਉਤਪਾਦਨ ਪਲਾਂਟ ਸਥਾਪਤ ਕਰਨ ਦੀ ਇਜਾਜ਼ਤ ਦੇਣ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਪੰਜਾਬ ਵਿੱਚ 800 ਮੈਗਾਵਾਟ ਦੀ ਇੱਕ ਨਵੀਂ ਯੂਨਿਟ ਸਥਾਪਤ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਗਈ। ਕੇਂਦਰੀ ਬਿਜਲੀ ਮੰਤਰੀ ਦੀ ਇਸ ਪ੍ਰਵਾਨਗੀ ਨਾਲ ਪੰਜਾਬ ਵਿੱਚ 2400 ਮੈਗਾਵਾਟ ਦਾ ਥਰਮਲ ਪਲਾਂਟ ਸਥਾਪਤ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਤੋਂ ਇਲਾਵਾ, ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ 7000 ਮੈਗਾਵਾਟ ਸੂਰਜੀ ਊਰਜਾ ਪੈਦਾ ਕਰਨ ਦੇ ਨਿਰਧਾਰਤ ਟੀਚੇ ਬਾਰੇ ਬੋਲਦਿਆਂ, ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ ਵਿੱਚ ਲੋੜੀਂਦੀ ਜ਼ਮੀਨ ਦੀ ਕੀਮਤ ਜ਼ਿਆਦਾ ਹੋਣ ਕਾਰਨ, ਇਸ ਦਿਸ਼ਾ ਵਿੱਚ ਟੀਚਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਪਰ ਪੰਜਾਬ ਸਰਕਾਰ ਇਸ ਸੂਰਜੀ ਪ੍ਰੋਜੈਕਟ ਨੂੰ ਗੁਆਂਢੀ




ਸੂਬੇ ਵਿੱਚ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿੱਥੋਂ ਪੰਜਾਬ ਨੂੰ ਬਿਜਲੀ ਦੀ ਸਪਲਾਈ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਮੌਕੇ ਬਿਜਲੀ ਨਾਲ ਸਬੰਧਤ ਪੰਜਾਬ ਦਾ ਪੱਖ ਜ਼ੋਰਦਾਰ ਢੰਗ ਨਾਲ ਰੱਖਦੇ ਹੋਏ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਮੰਗ ਕੀਤੀ ਕਿ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਤੋਂ ਮੰਗੀ ਗਈ 1000 ਮੈਗਾਵਾਟ ਬਿਜਲੀ ਦੀ ਮੰਗ ਨੂੰ ਜਲਦੀ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੇ ਅਨਾਜ ਭੰਡਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ, ਇਸ ਲਈ ਝੋਨੇ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਦੀ ਇਸ ਮੰਗ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਸਮੇਂ ਸਿਰ ਬਿਜਲੀ ਮਿਲ ਸਕੇ ਅਤੇ ਉਹ ਲੋੜ ਅਨੁਸਾਰ ਝੋਨੇ ਨੂੰ ਪਾਣੀ ਦੇ ਸਕਣ। ਇਸ ਵੇਲੇ ਪੰਜਾਬ ਰਾਜ ਨੂੰ ਕੇਂਦਰੀ ਪੂਲ ਵਿੱਚੋਂ 275 ਮੈਗਾਵਾਟ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਬੀਬੀਐਮਬੀ ਜਲੰਧਰ ਵਿੱਚ ਪਹਿਲਾਂ ਤੋਂ ਹੀ ਲਗਾਏ ਗਏ 100 ਐਮਵੀਏ ਦੇ 2 ਟ?ਰਾਂਸਫਾਰਮਰਾਂ ਦੀ ਸਮਰੱਥਾ ਨੂੰ 160 ਐਮਵੀਏ ਤੱਕ ਵਧਾਉਣ ਲਈ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰ ਲਈਆਂ ਗਈਆਂ ਹਨ ਅਤੇ ਇਸ ਕੰਮ ਦਾ ਖਰਚਾ ਵੀ ਪੰਜਾਬ ਸਰਕਾਰ ਵੱਲੋਂ ਸਹਿਣ ਕੀਤਾ ਜਾਣਾ ਹੈ, ਪਰ ਫਿਰ ਵੀ ਇਹ ਮਾਮਲਾ ਅਜੇ ਪੂਰਾ ਨਹੀਂ ਹੋ ਰਿਹਾ, ਜਿਸ ਕਾਰਨ ਸਾਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਲੰਬਿਤ ਕਾਰਵਾਈ ਜਲਦੀ ਪੂਰੀ ਕੀਤੀ ਜਾਵੇ ਤਾਂ ਜੋ ਬੀਬੀਐਮਬੀ ਜਲੰਧਰ ਦੀ ਇਕਾਈ ਨੂੰ ਸਹੀ ਢੰਗ ਨਾਲ ਚਲਾਇਆ ਜਾ ਸਕੇ। ਇਸ ਮੌਕੇ ਬਿਜਲੀ ਮੰਤਰੀ ਨੇ ਕੇਂਦਰ ਸਰਕਾਰ ਦੀ ਆਰਡੀਐਸਐਸ ਸਕੀਮ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਇਸ ਸਕੀਮ ਤਹਿਤ ਕੇਂਦਰ ਸਰਕਾਰ ਨੂੰ ਪੰਜਾਬ ਰਾਜ ਦੇ ਬਿਜਲੀ ਸਪਲਾਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 60-40 ਦੇ ਅਨੁਪਾਤ ਵਿੱਚ 3600 ਕਰੋੜ ਰੁਪਏ ਦੇ ਪ੍ਰੋਜੈਕਟ ਲਈ 60 ਪ੍ਰਤੀਸ਼ਤ ਹਿੱਸਾ ਦੇਣਾ ਸੀ। ਪਰ ਹੁਣ ਇਸ ਪ੍ਰੋਜੈਕਟ ਦੀ ਲਾਗਤ ਵਿੱਚ ਵਾਧੇ ਅਤੇ ਕੇਂਦਰੀ ਗ੍ਰਾਂਟ ਨਿਰਧਾਰਤ ਕੀਤੇ ਜਾਣ ਕਾਰਨ, ਗ੍ਰਾਂਟ ਦੀ ਪ੍ਰਤੀਸ਼ਤਤਾ 60 ਤੋਂ ਘਟਾ ਕੇ 40 ਕਰ ਦਿੱਤੀ ਗਈ ਹੈ, ਜਿਸ ਕਾਰਨ ਪੰਜਾਬ ਰਾਜ ਨੂੰ ਲਗਭਗ 300 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਥਿਤੀ ਦੇ ਮੱਦੇਨਜ਼ਰ, ਇਸ ਪ੍ਰੋਜੈਕਟ ਨੂੰ ਨਵੀਆਂ ਦਰਾਂ 'ਤੇ ਮਨਜ਼ੂਰੀ ਦਿੱਤੀ ਜਾਵੇ। ਬਿਜਲੀ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ, ਪੰਜਾਬ ਰਾਜ ਵਿੱਚ ਜਲਦੀ ਹੀ ਸਾਈਬਰ ਸੁਰੱਖਿਆ ਆਡਿਟ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਭ ਤੋਂ ਵਧੀਆ ਬਿਜਲੀ ਸਪਲਾਈ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਦਿੱਲੀ ਪੁਲਿਸ ਨੇ ਨਕਲੀ ਕਰੰਸੀ ਨੈੱਟਵਰਕ ਦਾ ਪਰਦਾਫਾਸ਼ ਕੀਤਾ !

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨਵੀਂ ਦਿੱਲੀ 7 ਜੂਨ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਰਾਜਧਾਨੀ ਦੇ ਵਿਜੇ ਘਾਟ ਬੱਸ ਸਟੈਂਡ ਤੋਂ ਇੱਕ ਚਲਾਕ ਤਸਕਰ ਨੂੰ ਨਕਲੀ ਨੋਟਾਂ ਦੀ ਵੱਡੀ ਖੇਪ ਨਾਲ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਖੁਲਾਸਾ ਗ੍ਰਿਫ਼ਤਾਰੀ ਨਾਲੋਂ ਵੀ ਡਰਾਉਣਾ ਸੀ। ਇਹ ਖੁਲਾਸਾ ਹੋਇਆ ਕਿ ਨਕਲੀ ਨੋਟਾਂ ਦਾ ਇਹ ਨੈੱਟਵਰਕ ਸਰਹੱਦ ਪਾਰ ਤੋਂ ਚਲਾਇਆ ਜਾ ਰਿਹਾ ਹੈ। ਇਸਦਾ ਸਬੰਧ ਦੇਸ਼ ਦੀ ਸੁਰੱਖਿਆ ਨਾਲ ਸਿੱਧਾ ਜੁੜਿਆ ਹੋਇਆ ਜਾਪਦਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਨੌਸ਼ਾਦ ਆਲਮ ਵਜੋਂ ਹੋਈ ਹੈ। ਨੌਸ਼ਾਦ ਬਿਹਾਰ ਦੇ ਬੇਤੀਆਹ ਦਾ ਰਹਿਣ ਵਾਲਾ ਹੈ। ਉਸ ਕੋਲੋਂ 4 ਲੱਖ ਰੁਪਏ ਦੀ ਨਕਲੀ ਕਰੰਸੀ ਬਰਾਮਦ ਕੀਤੀ ਗਈ ਹੈ। ਇਹ ਸਾਰੇ 500 ਰੁਪਏ ਦੇ ਨੋਟ ਹਨ। ਪੁਲਿਸ ਨੇ ਉਸ ਕੋਲੋਂ ਧੋਖਾਧੜੀ ਵਿੱਚ ਵਰਤੇ ਗਏ ਮੋਬਾਈਲ ਫੋਨ ਅਤੇ ਕਈ ਸਿਮ ਕਾਰਡ ਵੀ ਜ਼ਬਤ ਕੀਤੇ ਹਨ।

**ਪੁਲਿਸ ਚਾਰ ਮਹੀਨਿਆਂ ਤੋਂ ਉਸ 'ਤੇ ਨਜ਼ਰ ਰੱਖ ਰਹੀ ਸੀ।**

ਸਪੈਸ਼ਲ ਸੈੱਲ ਪਿਛਲੇ 4 ਮਹੀਨਿਆਂ ਤੋਂ ਜਾਅਲੀ ਕਰੰਸੀ ਰੈਕੇਟ 'ਤੇ ਕੰਮ ਕਰ ਰਿਹਾ ਸੀ। ਜਾਣਕਾਰੀ ਮਿਲੀ ਸੀ ਕਿ ਇੱਕ ਗਿਰੋਹ ਦਿੱਲੀ-ਐਨਸੀਆਰ ਸਮੇਤ ਕਈ ਰਾਜਾਂ ਵਿੱਚ ਜਾਅਲੀ ਨੋਟਾਂ ਦਾ ਨੈੱਟਵਰਕ ਫੈਲਾ ਰਿਹਾ ਹੈ। ਜਦੋਂ 8 ਮਈ ਨੂੰ ਪੁਸ਼ਟੀ ਕੀਤੀ ਗਈ ਖ਼ਬਰ ਮਿਲੀ ਕਿ ਨੌਸ਼ਾਦ ਵਿਜੇ ਘਾਟ 'ਤੇ ਇੱਕ ਵੱਡੀ ਡਿਲੀਵਰੀ ਕਰਨ ਜਾ ਰਿਹਾ ਹੈ, ਤਾਂ ਤੁਰੰਤ ਇੱਕ ਜਾਲ ਵਿਛਾਇਆ ਗਿਆ ਅਤੇ ਉਸਨੂੰ ਫੜ ਲਿਆ ਗਿਆ। ਪੁੱਛਗਿੱਛ ਦੌਰਾਨ, ਨੌਸ਼ਾਦ ਨੇ ਕਬੂਲ ਕੀਤਾ ਕਿ ਉਹ ਬਿਹਾਰ ਦੇ ਇੱਕ ਗਿਰੋਹ ਲਈ ਕੰਮ ਕਰਦਾ ਹੈ ਅਤੇ ਪੱਛਮੀ ਬੰਗਾਲ ਦੇ ਮਾਲਦਾ ਤੋਂ ਨਕਲੀ ਨੋਟ ਲਿਆਉਂਦਾ ਸੀ ਅਤੇ ਉਨ੍ਹਾਂ ਨੂੰ ਦਿੱਲੀ ਅਤੇ ਬਿਹਾਰ ਵਿੱਚ ਸਪਲਾਈ ਕਰਦਾ ਸੀ। ਉਹ 200 ਰੁਪਏ ਵਿੱਚ 500 ਰੁਪਏ ਦਾ ਨਕਲੀ ਨੋਟ ਖਰੀਦਦਾ ਸੀ ਅਤੇ ਇਸਨੂੰ 300 ਰੁਪਏ ਵਿੱਚ ਵੇਚਦਾ ਸੀ। ਹੁਣ ਤੱਕ, ਉਸਨੇ ਇਸ ਕਾਰੋਬਾਰ ਤੋਂ 4-5 ਵਾਰ ਬਹੁਤ ਪੈਸਾ ਕਮਾ ਲਿਆ ਹੈ। ਇਸ ਗ੍ਰਿਫ਼ਤਾਰੀ ਤੋਂ ਬਾਅਦ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਸਾਹਮਣੇ ਆਈ ਕਿ ਇਹ ਸਿਰਫ਼ ਇੱਕ ਵਿੱਤੀ ਧੋਖਾਧੜੀ ਨਹੀਂ ਹੈ, ਸਗੋਂ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਮਾਮਲਾ ਹੈ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਬੰਗਲਾਦੇਸ਼ ਸਰਹੱਦ ਤੋਂ



ਨਕਲੀ ਨੋਟਾਂ ਦੀ ਸਪਲਾਈ ਕੀਤੀ ਜਾ ਰਹੀ ਹੈ। ਇਨ੍ਹਾਂ ਨੋਟਾਂ ਤੋਂ ਕਮਾਏ ਪੈਸੇ ਦੀ ਵਰਤੋਂ ਹਥਿਆਰ ਖਰੀਦਣ ਲਈ ਕੀਤੀ ਜਾ ਰਹੀ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਭਾਰਤੀ ਦੰਡ ਵਿਧਾਨ ਅਤੇ ਰਾਸ਼ਟਰੀ ਸੁਰੱਖਿਆ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਹੁਣ ਪੂਰੇ ਨੈੱਟਵਰਕ ਦੇ ਲਿੰਕਾਂ ਨੂੰ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਸਿੰਡੀਕੇਟ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ ਅਤੇ ਇਸਦੇ ਸੰਪਰਕ ਕਿਹੜੇ-ਕਿਹੜੇ ਰਾਜਾਂ ਵਿੱਚ ਫੈਲੇ ਹੋਏ ਹਨ।

# ਰਾਹੁਲ ਗਾਂਧੀ ਬਨਾਮ ਚੋਣ ਕਮਿਸ਼ਨ ਮਹਾਰਾਸ਼ਟਰ ਚੋਣਾਂ ਬਾਰੇ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨਵੀਂ ਦਿੱਲੀ 7 ਜੂਨ। ਨਵੰਬਰ 2024 ਦੀਆਂ ਮਹਾਰਾਸ਼ਟਰ ਚੋਣਾਂ ਵਿੱਚ ਰਾਹੁਲ ਗਾਂਧੀ ਦੇ "ਮੈਚ-ਫਿਕਸਿੰਗ"ਦੇ ਤਾਜ਼ਾ ਦਾਅਵਿਆਂ ਦਾ ਜਵਾਬ ਦਿੰਦਿਆਂ, ਚੋਣ ਕਮਿਸ਼ਨ ਨੇ ਇਸ ਸਾਲ ਅਪ੍ਰੈਲ ਵਿੱਚ ਜਾਰੀ ਕੀਤਾ ਇੱਕ ਦਸਤਾਵੇਜ਼ ਮੁੜ ਜਾਰੀ ਕੀਤਾ ਹੈ ਅਤੇ ਕਿਹਾ ਹੈ ਕਿ ਕਾਂਗਰਸ ਸੰਸਦ ਮੈਂਬਰ ਦੇ ਦੋਸ਼ "ਬਿਲਕੁਲ ਅਜੀਬ"ਹਨ। ਰਾਹੁਲ ਨੇ ਕਿਹਾ ਕਿ ਚੋਣ ਕਮਿਸ਼ਨ ਨੇ "ਬਿਨਾਂ ਦਸਤਖਤ ਵਾਲੇ, ਟਾਲ-ਮਟੋਲ ਵਾਲੇ ਨੋਟ"ਜਾਰੀ ਕੀਤੇ ਹਨ, ਜੋੜਦਿਆਂ ਕਿ ਇਹ ਗੰਭੀਰ ਸਵਾਲਾਂ ਦਾ ਜਵਾਬ ਦੇਣ ਦਾ ਕੋਈ ਤਰੀਕਾ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਚੋਣ ਕਮਿਸ਼ਨ ਕੋਲ ਲੁਕਾਉਣ ਲਈ ਕੁਝ ਨਹੀਂ ਹੈ, ਤਾਂ ਉਸ ਨੂੰ ਉਨ੍ਹਾਂ ਦੁਆਰਾ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਅਤੇ ਵੋਟਿੰਗ ਵਾਲੇ ਦਿਨ ਸ਼ਾਮ 5 ਵਜੇ ਤੋਂ ਬਾਅਦ ਮਹਾਰਾਸ਼ਟਰ ਦੇ ਬੂਥਾਂ ਦੀ ਸੀਸੀਟੀਵੀ ਫੁਟੇਜ ਵੀ ਜਾਰੀ ਕਰਨੀ ਚਾਹੀਦੀ ਹੈ। ਸ਼ਨੀਵਾਰ ਨੂੰ ਦਿ ਇੰਡੀਅਨ ਐਕਸਪ੍ਰੈਸ ਲਈ ਇੱਕ ਓਪ-ਐਡ ਵਿੱਚ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੇ ਢੰਗ ਨਾਲ ਸੰਬੰਧਿਤ ਨਵੇਂ ਸਵਾਲ ਉਠਾਏ। ਕਾਂਗਰਸ, ਸ਼ਰਦ ਪਵਾਰ ਦੀ ਐਨਸੀਪੀ ਧੜੇ ਅਤੇ ਉਦਧਵ ਠਾਕਰੇ ਦੀ



ਸ਼ਿਵ ਸੈਨਾ ਧੜੇ ਦੇ ਗਠਜੋੜ ਨੂੰ ਚੋਣਾਂ ਵਿੱਚ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਹਾਲਾਂਕਿ ਉਨ੍ਹਾਂ ਨੇ ਕੁਝ ਮਹੀਨਿਆਂ ਪਹਿਲਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਨਾਲੋਂ ਬਿਹਤਰ ਪ੍ਰਦਰਸ਼ਨ ਕੀਤਾ ਸੀ। ਸ੍ਰੀ ਗਾਂਧੀ ਨੇ ਵੋਟਰ ਸੂਚੀ ਵਿੱਚ ਨਕਲੀ ਵੋਟਰਾਂ ਨੂੰ ਸ਼ਾਮਲ ਕਰਨ, ਵੋਟਰ ਟਰਨਆਊਟ ਵਿੱਚ ਵਾਧਾ, ਨਿਸ਼ਾਨਾ ਬਣਾਏ ਗਏ ਜਾਅਲੀ ਵੋਟਿੰਗ, ਚੋਣ ਕਮਿਸ਼ਨ ਦੀ ਨਿਯੁਕਤੀ ਲਈ ਪੈਨਲ ਵਿੱਚ ਧਾਂਦਲੀ, ਅਤੇ ਸਬੂਤਾਂ ਨੂੰ ਲੁਕਾਉਣ ਦੇ ਦਾਅਵਿਆਂ ਬਾਰੇ ਸਵਾਲ ਉਠਾਏ। ਚੋਣ ਕਮਿਸ਼ਨ ਨੇ ਦੋਸ਼ਾਂ ਦਾ ਜਵਾਬ ਦਿੰਦਿਆਂ ਇਸ਼ਾਰਾ ਕੀਤਾ ਕਿ ਵੋਟਿੰਗ ਸਮੇਂ ਪਾਰਟੀ ਜਾਂ ਇਸ ਦੁਆਰਾ ਨਿਯੁਕਤ ਪੋਲਿੰਗ ਏਜੰਟਾਂ ਵੱਲੋਂ ਕੋਈ ਗੰਭੀਰ ਦੋਸ਼ ਨਹੀਂ ਲਗਾਏ ਗਏ। "ਹਰ ਪੋਲਿੰਗ ਬੂਥ ਵਿੱਚ, ਵੋਟਿੰਗ ਉਮੀਦਵਾਰਾਂ/ ਰਾਜਨੀਤਕ ਪਾਰਟੀਆਂ ਵੱਲੋਂ ਰਸਮੀ ਤੌਰ 'ਤੇ ਨਿਯੁਕਤ ਪੋਲਿੰਗ ਏਜੰਟਾਂ ਦੀ ਮੌਜੂਦਗੀ ਵਿੱਚ ਹੋਈ। ਆਈਐਨਸੀ (ਇੰਡੀਅਨ ਨੈਸ਼ਨਲ ਕਾਂਗਰਸ) ਦੇ ਨਾਮਜ਼ਦ ਉਮੀਦਵਾਰਾਂ ਜਾਂ ਉਨ੍ਹਾਂ ਦੇ ਅਧਿਕਾਰਤ ਏਜੰਟਾਂ ਨੇ ਅਗਲੇ ਦਿਨ ਰਿਟਰਨਿੰਗ ਅਫਸਰ (ਆਰਓ) ਅਤੇ ਚੋਣ ਨਿਰੀਖਕਾਂ ਸਾਹਮਣੇ ਜਾਂਚ ਸਮੇਂ ਕਿਸੇ ਵੀ ਤਰ੍ਹਾਂ ਦੀ ਅਸਧਾਰਨ ਵ ✂ਟਿੰਗ ਸੰਬੰਧੀ ਕੋਈ ਪੁਸ਼ਟੀਸ਼ੁਦਾ ਦੋਸ਼ ਨਹੀਂ ਉਠਾਏ,"ਚੋਣ ਕਮਿਸ਼ਨ ਨੇ ਕਿਹਾ।

# ਬਾਬਾ ਸਿੱਦੀਕੀ ਕਤਲਕਾਂਡ ਦਾ ਮਾਸਟਰਮਾਈਂਡ ਕੈਨੇਡਾ 'ਚ ਹੋਇਆ ਗ੍ਰਿਫ਼ਤਾਰ

ਇੰਟਰਨੈਸ਼ਨਲ ਡੈਸਕ 7 ਜੂਨ। ਐੱਨ.ਸੀ.ਪੀ. ਆਗੂ ਬਾਬਾ ਸਿੱਦੀਕੀ ਕਤਲਕਾਂਡ ਦੇ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਉਰਫ਼ ਜੱਸੀ ਪੁਰੇਵਾਲ ਨੂੰ ਕੈਨੇਡਾ ਵਿਚ ਸਰੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸਰੀ ਪੁਲਸ ਨੇ ਭਾਰਤੀ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਜ਼ੀਸ਼ਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਬਾਬਾ ਸਿੱਦੀਕੀ ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਦੇ ਕਰੀਬੀ ਸਨ ਤੇ ਉਨ੍ਹਾਂ ਦੇ ਕਤਲ ਤੋਂ ਬਾਅਦ ਸਲਮਾਨ ਖ਼ਾਨ ਨੂੰ ਵੀ ਕਈ ਵਾਰ ਧਮਕੀਆਂ ਮਿਲ ਚੁੱਕੀਆਂ ਹਨ। ਜ਼ੀਸ਼ਾਨ ਅਖ਼ਤਰ ਉਰਫ਼ ਜੱਸੀ ਪੁਰੇਵਾਲ ਜਲੰਧਰ ਦੇ ਨਕੋਦਰ ਅਧੀਨ ਆਉਂਦੇ ਪਿੰਡ ਸ਼ੰਕਰ ਨਾਲ ਸਬੰਧਿਤ ਹੈ, ਜੋ ਕਿ ਬਾਬਾ ਸਿੱਦੀਕੀ ਦੇ ਕਤਲ ਮਗਰੋਂ ਕੈਨੇਡਾ ਫਰਾਰ ਹੋ ਗਿਆ ਸੀ। ਉਸ ਦੇ ਕੈਨੇਡਾ ਪਹੁੰਚਣ 'ਚ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਮਦਦ ਕੀਤੀ ਸੀ। ਜ਼ੀਸ਼ਾਨ ਦੇ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਵੀ ਸੰਪਰਕ 'ਚ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਸਨ। ਇਸ ਕਾਂਡ ਤੋਂ ਬਾਅਦ ਇਸ ਸਾਲ ਅਪ੍ਰੈਲ ਮਹੀਨੇ ਜਲੰਧਰ 'ਚ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਵੀ ਗ੍ਰਨੇਡ ਹਮਲਾ ਹੋਇਆ ਸੀ, ਜਿਸ 'ਚ ਇਕ ਵਾਰ ਫ਼?ਰ ਜ਼ੀਸ਼ਾਨ ਦਾ ਨਾਂ ਸਾਹਮਣੇ ਆਇਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਗ੍ਰਨੇਡ ਨੂੰ ਜਲੰਧਰ ਪਹੁੰਚਾਉਣ 'ਚ ਜ਼ੀਸ਼ਾਨ ਦੇ



ਗੁਰਗਿਆਂ ਨੇ ਮਦਦ ਕੀਤੀ ਸੀ। ਇਸ ਤੋਂ ਬਾਅਦ ਯੂਟਿਊਬਰ ਰੋਜ਼ਰ ਸੰਧੂ ਦੇ ਘਰ ਵੀ ਗ੍ਰਨੇਡ ਹਮਲਾ ਹੋਇਆ ਸੀ, ਜਿਸ 'ਚ ਜ਼ੀਸ਼ਾਨ ਦਾ ਨਾਂ ਆਇਆ ਸੀ। ਇਸ ਮਾਮਲੇ 'ਚ ਜ਼ੀਸ਼ਾਨ ਦੇ ਖ਼?ਲਾਫ਼ ਮਾਮਲਾ ਵੀ ਦਰਜ ਹੋਇਆ ਸੀ, ਜਿਸ ਮਗਰੋਂ ਜਲੰਧਰ ਪੁਲਸ ਦੀ ਵਾਂਟੇਡ ਲਿਸਟ 'ਚ ਵੀ ਉਹ ਸ਼ਾਮਲ ਹੋ ਗਿਆ ਸੀ। ਜ਼ਿਕਰਯੋਗ ਹੈ ਕਿ 12 ਅਕਤੂਬਰ 2024 ਦੀ ਰਾਤ ਨੂੰ ਬਾਬਾ ਸਿੱਦੀਕੀ ਦੀ ਮੁੰਬਈ ਵਿਚ ਉਸ ਦੇ ਪੁੱਤਰ ਜ਼ੀਸ਼ਾਨ ਸਿੱਦੀਕੀ ਦੇ ਦਫਤਰ ਦੇ ਬਾਹਰ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ। ਲਾਰੈਂਸ ਬਿਸ਼ਨੋਈ ਗੈਂਗ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਗੈਂਗ ਨੇ ਦਾਅਵਾ ਕੀਤਾ ਸੀ ਕਿ ਬਾਬਾ ਸਿੱਦੀਕੀ ਬਾਲੀਵੁੱਡ ਸਟਾਰ ਸਲਮਾਨ ਖਾਨ ਦਾ ਕਰੀਬੀ ਸੀ ਤੇ ਇਸੇ ਕਰ ਕੇ ਉਸ ਨੂੰ ਮਾਰ ਦਿੱਤਾ ਗਿਆ।

# ਭਾਰਤ ਦੀ ਆਵਾਜ਼ ਵਿਸ਼ਵ ਮੰਚ 'ਤੇ ਗੂੰਜੀ

ਨਵੀਂ ਦਿੱਲੀ, 7 ਜੂਨ: ਭਾਰਤ ਦੇ ਸੀਨੀਅਰ ਆਗੂ, ਲੇਖਕ ਅਤੇ ਰਾਸ਼ਟਰਵਾਦੀ ਵਿਚਾਰਧਾਰਾ ਵਾਲੇ ਡਾ. ਸ਼ਸ਼ੀ ਥਰੂਰ ਨੇ ਅਮਰੀਕਾ ਦੌਰੇ ਦੌਰਾਨ ਅੰਤਰਰਾਸ਼ਟਰੀ ਸਤਰ 'ਤੇ ਭਾਰਤ ਦੀ ਅਵਾਜ਼ ਨੂੰ ਨਿਰਭੀਕਤਾ ਅਤੇ ਤਰਕਸੰਗਤ ਤਰੀਕੇ ਨਾਲ ਪੇਸ਼ ਕਰਕੇ ਇਕ ਨਵਾਂ ਇਤਿਹਾਸ ਰਚਿਆ ਹੈ। ਉਨ੍ਹਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਭਾਰਤ ਕਦੇ ਵੀ ਦਹਿਸ਼ਤਗਰਦੀ ਜਾਂ ਦਹਿਸ਼ਤਗਰਦਾਂ ਦੀ ਹਿਮਾਇਤ ਕਰਨ ਵਾਲਿਆਂ ਦੇ ਸਾਹਮਣੇ ਝੁਕਣ ਵਾਲਾ ਨਹੀਂ। ਡਾ. ਥਰੂਰ ਨੇ ਆਪਣੇ ਅਮਰੀਕੀ ਦੌਰੇ ਦੌਰਾਨ ਨਾਂਕੇਵਲ ਉੱਚ ਅਮਰੀਕੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ, ਸਨੈਟ ਮੈਂਬਰਾਂ ਅਤੇ ਵਿਦੇਸ਼ ਮੰਤਰਾਲੇ ਦੇ ਨੁਮਾਇੰਦਿਆਂ ਨਾਲ ਗੰਭੀਰ ਵਿਚਾਰ-ਵਟਾਂਦਰਾ ਕੀਤਾ, ਬਲਕਿ ਅਮਰੀਕਾ ਦੀ ਸਰਜਨਾਵੀਕ ਅਧਿਸ਼ਠਾਨਾਂ ਵਿੱਚ ਭਾਰਤ ਦੀ ਆਤੰਕਵਾਦ ਵਿਰੋਧੀ ਨੀਤੀ ਨੂੰ ਪ੍ਰਮਾਣਿਕ ਸਬੂਤਾਂ ਸਮੇਤ ਪੇਸ਼ ਕੀਤਾ। ÷ਭਾਰਤ ਇਕ ਸ਼ਾਂਤਿ ਪਸੰਦ ਰਾਸ਼ਟਰ ਹੈ, ਪਰ ਜਦੋਂ ਗੱਲ ਆਉਂਦੀ ਹੈ ਰਾਸ਼ਟਰ ਦੀ ਅਖੰਡਤਾ, ਸੁਰੱਖਿਆ ਅਤੇ ਨਿਰਦੋਸ਼ ਲੋਕਾਂ ਦੀ ਜਾਨ ਦੀ, ਤਦ ਭਾਰਤ ਕਿਸੇ ਵੀ ਹੱਦ ਤੱਕ ਜਾਣ ਤੋਂ ਹਿਚਕਚਾਉਂਦਾ ਨਹੀਂ।÷ ਡਾ. ਥਰੂਰ ਨੇ ਵਿਸ਼ਵ ਭਾਈਚਾਰੇ ਨੂੰ ਚੇਤਾਵਨੀ ਦਿੱਤੀ ਕਿ ਪਾਕਿਸਤਾਨ ਅਜੇ ਵੀ ਅਜਿਹੇ ਤੱਤਾਂ ਨੂੰ ਆਸ਼ਰਾ ਦੇ ਰਿਹਾ ਹੈ ਜੋ ਭਾਰਤ ਵਿਚ ਅਸ਼ਾਂਤੀ ਪੈਦਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਦਸਤਾਵੇਜ਼ੀ ਸਬੂਤਾਂ ਨਾਲ ਸਾਫ਼ ਕੀਤਾ ਕਿ ਕਈ ਆਤੰਕਵਾਦੀ ਗਿਰੋਹ ਜਿਵੇਂ ਕਿ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਆਦਿ ਪਾਕਿਸਤਾਨ ਦੀ ਜਮੀਨ ਤੋਂ ਕੰਮ ਕਰ ਰਹੇ ਹਨ, ਜਿਨ੍ਹਾਂ ਨੂੰ ਉਥਲੇ ਸਰਕਾਰੀ ਹਿਮਾਇਤ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਭਾਰਤ ਲਈ, ਬਲਕਿ ਸੰਸਾਰ ਲਈ ਇੱਕ ਵੱਡਾ ਖ਼ਤਰਾ ਹੈ। ÷ਆਤੰਕਵਾਦ ਦੀ ਕੋਈ ਕੌਮ ਨਹੀਂ ਹੁੰਦੀ, ਪਰ ਜੇਕਰ ਕਿਸੇ ਦੇਸ਼ ਦੀ ਸਰਕਾਰ ਹੀ ਦਹਿਸ਼ਤਗਰਦਾਂ ਦੀ ਰਾਖੀ ਕਰਦੀ ਹੋਵੇ, ਤਾਂ ਅਜਿਹੀ ਨੀਤੀ ਦੀ ਨਿੰਦਾ ਹੋਣੀ ਚਾਹੀਦੀ ਹੈ,÷ ਥਰੂਰ ਨੇ ਆਖਿਆ। ਥਰੂਰ ਨੇ ਅਮਰੀਕੀ ਯੂਨੀਵਰਸਿਟੀਆਂ ਅਤੇ ਰਣਨੀਤਿਕ ਫੋਰਮਾਂ ਵਿਚ ਆਪਣੀ ਗੱਲ ਰੱਖਦੇ ਹੋਏ ਕਿਹਾ ਕਿ ਦਹਿਸ਼ਤਗਰਦੀ ਦੇ ਖਿਲਾਫ਼ ਅੰਤਰਰਾਸ਼ਟਰੀ ਸਹਿਯੋਗ ਸਭ ਤੋਂ ਵੱਡਾ ਹਥਿਆਰ ਹੈ। ਭਾਰਤ, ਇਜ਼ਰਾਈਲ, ਅਮਰੀਕਾ, ਯੂਰਪ ਅਤੇ ਹੋਰ ਦੇਸ਼ਾਂ ਨੂੰ ਆਪਸੀ ਸਾਂਝਦਾਰੀ ਰਾਹੀਂ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਕਿਸੇ ਵੀ ਕੀਮਤ 'ਤੇ ਆਪਣੀ ਜਮੀਨ 'ਤੇ ਹੋ ਰਹੇ ਹਮਲਿਆਂ ਜਾਂ ਅਪਰਤੱਖ ਯੁੱਧ ਨੂੰ ਸਹਿਣ ਨਹੀਂ ਕਰੇਗਾ। ਥਰੂਰ ਨੇ ਆਪਣੀ ਯਾਤਰਾ ਵਿੱਚ ਜਿੱਥੇ ਵਿਦੇਸ਼ੀ ਨੀਤੀਆਂ 'ਤੇ ਭਾਰਤੀ ਰੁਖ ਨੂੰ ਵਿਆਖਿਆ ਕੀਤਾ, ਉਥੇ ਦੂਜੇ ਪਾਸੇ ਭਾਰਤ ਦੀ ਨਵੀਨ ਰਾਜਨੀਤਿਕ ਸੋਚ ਨੂੰ ਵੀ ਵਿਸ਼ਵ ਅੱਗੇ ਰੱਖਿਆ। ਉਨ੍ਹਾਂ ਆਖਿਆ ਕਿ ਭਾਰਤ ਹੁਣ ਸਿਰਫ ਇੱਕ ਵਿਕਾਸਸ਼ੀਲ ਦੇਸ਼ ਨਹੀਂ, ਬਲਕਿ ਇਕ ਆਕਰਸ਼ਕ ਨਿਵੇਸ਼ ਮਾਰਕੀਟ, ਸੁਰੱਖਿਅਤ ਸੰਗਠਨ ਅਤੇ ਕੜਕ ਰਾਜਨੀਤਿਕ ਆਵਾਜ਼ ਬਣ ਚੁੱਕਾ ਹੈ।

# ਦਿੱਲੀ ਦੇ ਮੁੱਖ ਮੰਤਰੀ ਨੇ ਟਰਾਂਸਜੈਂਡਰ ਭਲਾਈ ਅਤੇ ਸਸ਼ਕਤੀਕਰਨ ਬੋਰਡ ਦਾ ਗਠਨ ਕੀਤਾ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨਵੀਂ ਦਿੱਲੀ 7 ਜੂਨ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼ਨੀਵਾਰ ਨੂੰ ਟਰਾਂਸਜੈਂਡਰ ਭਾਈਚਾਰੇ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਟਰਾਂਸਜੈਂਡਰ ਭਲਾਈ ਅਤੇ ਸਸ਼ਕਤੀਕਰਨ ਬੋਰਡ ਦੇ ਗਠਨ ਦਾ ਐਲਾਨ ਕੀਤਾ ਮੁੱਖ ਮੰਤਰੀ ਨੇ ਕਿਹਾ ਕਿ ਬੋਰਡ ਨੀਤੀ-ਨਿਰਮਾਣ ਅਤੇ ਭਲਾਈ ਸਕੀਮਾਂ ਦੀ ਸਿਫਾਰਸ਼ 'ਤੇ ਕੰਮ ਕਰੇਗਾ, ਅਤੇ ਟਰਾਂਸਜੈਂਡਰ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਵੀ ਕਰੇਗਾ। ਇਸ ਵਿਕਾਸ ਨਾਲ ਪਛਾਣ ਸਰਟੀਫਿਕੇਟ ਅਤੇ ਆਈਡੀ ਕਾਰਡਾਂ ਦੀ ਸਮੇਂ ਸਿਰ ਜਾਰੀ ਕਰਨਾ ਵੀ ਯਕੀਨੀ ਬਣਾਇਆ ਜਾਵੇਗਾ ।ਬਿਆਨ ਵਿੱਚ ਕਿਹਾ ਗਿਆ ਹੈ ਕਿ ਹੁਣ ਟਰਾਂਸਜੈਂਡਰ ਆਪਣੀ ਜੈਂਡਰ ਪਛਾਣ ਨੂੰ ਸਵੈ-ਘੋਸ਼ਿਤ ਕਰ ਸਕਣਗੇ ਅਤੇ ਜ਼ਿਲ੍ਹਾ ਮੈਜਿਸਟ?ਰੇਟ ਤੋਂ ਪਛਾਣ ਦਸਤਾਵੇਜ਼ ਪ੍ਰਾਪਤ ਕਰ ਸਕਣਗੇ । ਮੁੱਖ ਮੰਤਰੀ ਨੇ ਅੱਗੇ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ਼ ਇੱਕ ਕਾਨੂੰਨੀ ਰਸਮ ਨਹੀਂ ਹੈ, ਸਗੋਂ ਸਰਕਾਰ ਦੀ ਟਰਾਂਸਜੈਂਡਰ ਭਾਈਚਾਰੇ ਨੂੰ ਮਾਣ, ਅਧਿਕਾਰ ਅਤੇ ਮੌਕੇ ਪ੍ਰਦਾਨ ਕਰਨ ਦੀ ਡੂੰਘੀ ਵਚਨਬੱਧਤਾ ਦਾ ਪ੍ਰਤੀਬਿੰਬ ਹੈ । ਦਿੱਲੀ ਸਰਕਾਰ ਟਰਾਂਸਜੈਂਡਰ ਭਾਈਚਾਰੇ ਲਈ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣ ਲਈ ਨਵੀਆਂ ਪਹਿਲਕਦਮੀਆਂ ਦੀ ਯੋਜਨਾ ਬਣਾ ਰਹੀ ਹੈ, ਜਿਸ ਵਿੱਚ ਸਰਕਾਰੀ ਇਮਾਰਤਾਂ ਵਿੱਚ ਵਿਸ਼ੇਸ਼ ਤੀਜੇ ਲਿੰਗ ਦੇ ਟਾਇਲਟਾਂ ਦਾ ਨਿਰਮਾਣ, ਸਰਕਾਰੀ ਹਸਪਤਾਲਾਂ ਵਿੱਚ ਹਸਪਤਾਲ ਵਾਰਡ ਅਤੇ ਜੈਂਡਰ-ਵਿਸ਼ੇਸ਼ ਸਿਹਤ ਸੇਵਾਵਾਂ ਸ਼ਾਮਲ ਹਨ । ਆਈਡੀ ਕਾਰਡ ਜਾਰੀ ਕਰਨ ਲਈ ਪਾਰਦਰਸ਼ੀ ਔਨਲਾਈਨ ਪ੍ਰਕਿਰਿਆ, ਵਿਦਿਅਕ ਸੰਸਥਾਵਾਂ ਅਤੇ ਕਾਰਜ ਸਥਾਨਾਂ ਵਿੱਚ ਸੰਵੇਦਨਸ਼ੀਲਤਾ ਅਤੇ ਜਾਗਰੂਕਤਾ ਮੁਹਿੰਮਾਂ, ਅਸਥਾਈ ਸ਼ਰਨਸਥਾਨ, ਰੁਜ਼ਗਾਰ ਸਿਖਲਾਈ ਅਤੇ ਭਾਈਚਾਰੇ ਲਈ ਅਨੁਕੂਲਿਤ ਸਮਾਜਿਕ ਸੁਰੱਖਿਆ ਸਕੀਮਾਂ ਦੀ ਵੀ ਸਰਕਾਰ ਵੱਲੋਂ ਯੋਜਨਾ ਬਣਾਈ ਜਾ ਰਹੀ ਹੈ। ਗੁਪਤਾ ਨੇ ਆਪਣੀ ਸਰਕਾਰ ਦੀ ਸਮਾਨਤਾ, ਸਤਿਕਾਰ ਅਤੇ ਸਮਾਵੇਸ਼ ਦੀ ਨੁਮਾਇੰਦਗੀ ਕਰਨ ਵਾਲੇ ਦਿੱਲੀ ਦੇ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਇਹ ਫੈਸਲਾ ਭਾਰਤੀ ਸੰਵਿਧਾਨ ਵਿੱਚ ਸਮਾਨਤਾ ਅਤੇ ਨਿਆਂ ਦੀਆਂ ਕਦਰਾਂ-ਕੀਮਤਾਂ ਨੂੰ ਮੁੜ ਪੁਸ਼ਟੀ ਕਰਦਾ ਹੈ। ਉਨ੍ਹਾਂ ਨੇ ਇਸ ਵਿਕਾਸ ਨੂੰ 'ਕ੍ਰਾਂਤੀਕਾਰੀ' ਵੀ ਕਿਹਾ ਕਿਉਂਕਿ ਇਹ ਟਰਾਂਸਜੈਂਡਰ ਭਾਈਚਾਰੇ ਨੂੰ ਮੁੱਖਧਾਰਾ ਵਿੱਚ ਲਿਆਵੇਗਾ।



# ਮੋਬਾਈਲ ਵਿੰਗ ਦੀ ਟੈਕਸ ਮਾਫ਼ੀਆ 'ਤੇ ਸਖ਼ਤ ਕਾਰਵਾਈ, ਜੰਮੂ ਤੇ ਹਿਮਾਚਲ ਦੇ ਟਰੱਕਾਂ ਸਮੇਤ 7 ਵਾਹਨ ਜ਼ਬਤ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਅੰਮ੍ਰਿਤਸਰ 7 ਜੂਨ। ਆਬਕਾਰੀ ਅਤੇ ਕਰ ਵਿਭਾਗ ਦੇ ਮੋਬਾਈਲ ਵਿੰਗ ਨੇ ਟੈਕਸ ਮਾਫ਼ੀਆ 'ਤੇ ਸਖ਼ਤ ਕਾਰਵਾਈ ਕਰਦਿਆਂ 7 ਟਰੱਕ ਜ਼ਬਤ ਕੀਤੇ ਹਨ। ਇਸ 'ਚ 2 ਟਰੱਕ ਅਜਿਹੇ ਸ਼ਾਮਲ ਹਨ, ਜਿਨ੍ਹਾਂ 'ਚੋਂ ਇਕ ਨੂੰ ਪੰਜਾਬ ਤੋਂ ਹਿਮਾਚਲ ਜਾਂਦੇ ਸਮੇਂ ਜ਼ਬਤ ਕੀਤਾ ਗਿਆ ਸੀ, ਜਦਕਿ ਦੂਜਾ ਜੰਮੂ ਤੋਂ ਮਾਲ ਲੈ ਕੇ ਅੰਮ੍ਰਿਤਸਰ 'ਚ ਪਿਆ ਹੈ। ਕੁੱਲ ਮਿਲਾ ਕੇ ਪੰਜਾਬ ਤੋਂ ਆਉਣ ਵਾਲੇ ਅਤੇ ਪੰਜਾਬ ਜਾਣ ਵਾਲੇ ਦੋਵਾਂ ਤਰ੍ਹਾਂ ਦੇ ਵਾਹਨਾਂ 'ਤੇ ਜੁਰਮਾਨਾ ਵਸੂਲਿਆ ਗਿਆ ਹੈ। ਮੋਬਾਈਲ ਵਿੰਗ ਵੱਲੋਂ ਬਰਾਮਦ ਕੀਤੇ ਗਏ ਇਨ੍ਹਾਂ ਵਾਹਨਾਂ 'ਤੇ ਲੱਦੇ ਹੋਰ ਸਾਮਾਨ 'ਤੇ ਕੁੱਲ 17.14 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ ਹੈ। ਦੱਸਣਾ ਜ਼ਰੂਰੀ ਹੈ ਕਿ ਮੋਬਾਈਲ ਵਿੰਗ ਵੱਲੋਂ ਵਾਹਨਾਂ 'ਤੇ ਲੱਦੇ ਸਾਮਾਨ 'ਤੇ ਇੰਨਾ ਵੱਡਾ ਜੁਰਮਾਨਾ ਲਾਉਣ ਤੋਂ ਬਾਅਦ ਟੈਕਸ ਮਾਫ਼ੀਆ 'ਚ ਦਹਿਸ਼ਤ ਪੈਦਾ ਹੋ ਗਈ ਹੈ। ਲੰਬੇ ਸਮੇਂ ਤੋਂ ਅਜਿਹੇ ਵਾਹਨ ਆਮ ਤੌਰ 'ਤੇ ਪੰਜਾਬ ਦੇ ਇਸਪਾਤ ਨਗਰੀ ਗੋਬਿੰਦਗੜ੍ਹ ਵੱਲ ਜਾ ਰਹੇ ਹਨ, ਜਿੱਥੇ ਹਰ ਤਰ੍ਹਾਂ ਦੇ ਸਕ੍ਰੈਪ ਦੀ ਵੱਡੀ ਖਪਤ ਹੁੰਦੀ ਹੈ ਪਰ ਹੁਣ ਵੱਡੀ ਗਿਣਤੀ 'ਚ ਸਕ੍ਰੈਪ ਆਦਿ ਲੈ ਕੇ ਜਾਣ ਵਾਲੇ ਵਾਹਨ ਹਿਮਾਚਲ ਵੱਲ ਜਾ ਰਹੇ ਹਨ। ਅੰਮ੍ਰਿਤਸਰ ਬਾਰਡਰ ਰੇਂਜ ਦੇ ਮੋਬਾਈਲ ਵਿੰਗ ਦੇ ਸਹਾਇਕ ਕਮਿਸ਼ਨਰ ਮਹੇਸ਼ ਗੁਪਤਾ ਨੂੰ ਇਨਪੁੱਟ ਸੀ ਕਿ 'ਲੈਡ' ਮਟੀਰੀਅਲ ਨਾਲ ਭਰਿਆ ਇਕ ਟਰੱਕ ਹਿਮਾਚਲ ਦੇ ਉਦਯੋਗਿਕ ਖੇਤਰ ਬੱਦੀ ਜਾਣ ਦੀ ਤਿਆਰੀ ਕਰ ਰਿਹਾ ਹੈ। ਜਾਣਕਾਰੀ ਇਹ ਵੀ ਸੀ ਕਿ 'ਲੈਡ' ਮਟੀਰੀਅਲ ਕੀਮਤੀ ਹੁੰਦਾ ਹੈ ਅਤੇ ?ਇਸ ਦੀ ਵਰਤੋਂ ਬੈਟਰੀਆਂ ਲਈ ਕੀਤੀ ਜਾਂਦੀ ਹੈ। ਸਹਾਇਕ ਕਮਿਸ਼ਨਰ ਮਹੇਸ਼ ਗੁਪਤਾ ਵੱਲੋਂ ਬਣਾਈ ਗਈ ਯੋਜਨਾ ਅਨੁਸਾਰ ਇਸ ਵਾਰ ਵੀ ਮੋਬਾਈਲ ਵਿੰਗ ਦੇ ਤੇਜ਼ ਈ. ਟੀ. ਓ. ਪੰਡਿਤ ਰਮਨ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਇਕ ਟੀਮ ਭੇਜੀ ਗਈ ਸੀ। ਪਤਾ ਲੱਗਾ ਕਿ ਇਸ ਟਰੱਕ



ਨੂੰ ਹੁਸ਼ਿਆਰਪੁਰ ਰਾਹੀਂ ਹਿਮਾਚਲ ਭੇਜਣ ਦੀ ਯੋਜਨਾ ਸੀ। ਉਥੇ ਟਰੱਕ ਨੂੰ ਜਲੰਧਰ ਦੇ ਨੇੜੇ ਮੋਬਾਈਲ ਟੀਮ ਨੇ ਘੇਰ ਲਿਆ। ਖੁਦ ਨੂੰ ਘਿਰੇ ਹੋਏ ਦੇਖ ਕੇ ਡਰਾਈਵਰ ਮੋਬਾਈਲ ਟੀਮ ਨੂੰ ਇਹ ਕਹਿ ਕੇ ਧੋਖਾ ਦੇਣ ਦੀ ਕੋਸ਼ਿਸ਼ ਕਰ ਰਹੇ ਸਨ ਕਿ 'ਟਰੱਕ ਖਾਲੀ' ਹੈ ਪਰ ਜਿਵੇਂ ਹੀ ਮੋਬਾਈਲ ਵਿੰਗ ਨੇ ਟਰੱਕ ਦੀ ਤਲਾਸ਼ੀ ਲਈ, ਉਥੇ ਲੈਡ ਮਟੀਰੀਅਲ ਦਾ ਸਕ੍ਰੈਪ ਮਿਲਿਆ। ਕਿਹਾ ਜਾਂਦਾ ਹੈ ਕਿ ਲੈਡ ਮਟੀਰੀਅਲ ਵਜ਼ਨ 'ਚ ਬਹੁਤ ਭਾਰੀ ਹੁੰਦੀ ਹੈ, ਇਸ ਲਈ ਜੇਕਰ ਟਰੱਕ ਦੇ ਹੇਠਲੇ ਹਿੱਸੇ 'ਤੇ ਵੀ ਲੁਕਾਇਆ ਜਾਵੇ ਤਾਂ ਇਸ ਦਾ ਪਤਾ ਨਹੀਂ ਚੱਲਦਾ ਅਤੇ ਟਰੱਕ ਉਪਰੋਂ ਖਾਲੀ ਦਿਖਾਈ ਦਿੰਦਾ ਹੈ। ਜਦੋਂ ਅਧਿਕਾਰੀ ਰਮਨ ਸ਼ਰਮਾ ਨੇ ਟਰੱਕ ਦੇ ਟਾਇਰਾਂ ਨੂੰ ਦੇਖਿਆ ਜੋ ਦੱਬੇ ਹੋਏ ਸਨ ਤਾਂ ਉਸ ਨੇ ਅੰਦਾਜ਼ਾ ਲਾਇਆ ਕਿ ਗੱਡੀ 'ਤੇ ਬਹੁਤ ਭਾਰ ਹੈ। ਸੱਚਾਈ ਦਾ ਪਰਦਾਫਾਸ਼ ਕਰਨ ਤੋਂ ਬਾਅਦ ਉਕਤ ਗੱਡੀ 'ਤੇ 8.26 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਇਸੇ ਤਰ੍ਹਾਂ ਮੋਬਾਈਲ ਵਿੰਗ ਟੀਮ ਨੇ ਫਗਵਾੜਾ ਨੇੜੇ ਹੁਸ਼ਿਆਰਪੁਰ ਤੋਂ ਜਾ ਰਹੇ ਇਕ ਵਾਹਨ ਨੂੰ ਫੜਿਆ, ਜਿਸ ਵਿਚ ਸਫੈਦੇ ਦੀ ਲੱਕੜੀ ਸੀ। ਮੋਬਾਈਲ ਟੀਮ ਨੇ ਉਸ 'ਤੇ 70 ਹਜ਼ਾਰ ਰੁਪਏ ਦਾ ਜੁਰਮਾਨਾ ਵਸੂਲਿਆ। ਮੋਬਾਈਲ ਵਿੰਗ ਟੀਮ ਨੇ ਜਹਾਜ਼ਗੜ੍ਹ ਨੇੜੇ ਦਿੱਲੀ ਤੋਂ ਆ ਰਹੇ ਇਕ ਵਾਹਨ ਨੂੰ ਘੇਰ ਲਿਆ। ਜਦੋਂ ਕੁਝ ਚੀਜ਼ਾਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਦੇ ਬਿੱਲ ਲੱਗੇ ਹੋਏ ਸਨ, ਜਦਕਿ ਮੋਬਾਈਲ ਵਿੰਗ ਟੀਮ ਦੇ ਅਧਿਕਾਰੀ ਪੰਡਿਤ ਰਮਨ ਸ਼ਰਮਾ ਨੇ ਉਥੇ ਪਏ ਭਾਂਡਿਆਂ ਦਾ ਮੁਆਇਨਾ ਕੀਤਾ ਅਤੇ ਪਾਇਆ ਕਿ ਉਹ ਬਿਨਾਂ ਬਿੱਲਾਂ ਦੇ ਆਏ ਸਨ। ਮੁਲਾਂਕਣ ਕਰਨ ਤੋਂ ਬਾਅਦ ਮੋਬਾਈਲ ਵਿੰਗ ਟੀਮ ਨੇ ਇਨ੍ਹਾਂ ਭਾਂਡਿਆਂ 'ਤੇ 2.02 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ। ਈ. ਟੀ. ਓ. ਪੰਡਿਤ ਰਮਨ ਸ਼ਰਮਾ ਦੀ ਟੀਮ ਨੇ ਕਾਰਵਾਈ ਕੀਤੀ ਅਤੇ ਅੰਮ੍ਰਿਤਸਰ ਦੇ ਗੋਲਡਨ ਗੇਟ ਵੱਲ ਜਾਂਦੇ ਰਸਤੇ 'ਤੇ ਅੰਮ੍ਰਿਤਸਰ ਬਾਈਪਾਸ ਤੇ ਇਕ ਟਰੱਕ ਨੂੰ ਘੇਰ ਲਿਆ। ਵਾਹਨ 'ਤੇ ਲੱਦੇ ਸਾਮਾਨ ਨੂੰ ਦੇਖ ਕੇ ਪਤਾ ਲੱਗਾ ਕਿ ਇਸ ਵਿਚ ਬਦਬੂਦਾਰ ਅਤੇ ਬੇਕਾਰ ਪਲਾਸਟਿਕ ਦੀਆਂ ਚੀਜ਼ਾਂ ਸਨ। ਮੋਬਾਈਲ ਵਿੰਗ ਆਲੇ-ਦੁਆਲੇ ਦੇਖ ਰਿਹਾ ਸੀ ਤਾਂ ਈ. ਟੀ. ਓ ਪੰਡਿਤ ਰਮਨ ਸ਼ਰਮਾ ਨੂੰ ਡਰਾਈਵਰ ਦਾ ਚਿਹਰਾ ਪੜ੍ਹ ਕੇ ਸ਼ੱਕ ਹੋਇਆ। ਅਧਿਕਾਰੀ ਦਾ ਅੰਦਾਜ਼ਾ ਸਹੀ ਸਾਬਤ ਹੋਇਆ, ਜਦੋਂ ਬੇਕਾਰ ਪਲਾਸਟਿਕ ਦੀਆਂ ਚੀਜ਼ਾਂ ਨੂੰ ਹਟਾ ਕੇ ਮਹਿੰਗੀਆਂ ਸਕ੍ਰੈਪ ਚੀਜ਼ਾਂ ਕੱਢੀਆਂ ਗਈਆਂ। ਮੁੱਲਾਂਕਣ ਅਤੇ ਟੈਕਸ ਦਾ ਮੇਲ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਤੋਂ ਆ ਰਹੇ ਟਰੱਕ 'ਤੇ 2.01 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਚੈਕਿੰਗ ਦੌਰਾਨ ਮੋਬਾਈਲ ਵਿੰਗ ਟੀਮ ਨੂੰ ਪੱਖੇ ਦੇ ਪੁਰਜ਼ਿਆਂ ਨਾਲ ਭਰਿਆ ਇਕ ਵਾਹਨ ?ਮਿਲਿਆ ਜੋ ਅੰਮ੍ਰਿਤਸਰ ਤੋਂ ਜਲੰਧਰ ਜਾਣ ਲੱਗਾ ਸੀ। ਈ. ਟੀ. ਓ. ਪੰਡਿਤ ਸ਼ਰਮਾ ਦੀ ਅਗਵਾਈ ਹੇਠ ਇਸ ਟੀਮ ਨੇ ਟਰੱਕ ਨੂੰ ਰੋਕਿਆ। ਦਸਤਾਵੇਜ਼ਾਂ ਦੀ ਜਾਂਚ ਕਰਨ 'ਤੇ ਪਤਾ ਲੱਗਾ ਕਿ ਸਾਮਾਨ ਘੱਟ ਬਿੱਲ ਵਾਲਾ ਸੀ, ਜਦੋਂ ਢੁੱਕਵੇਂ ਬਿੱਲ ਪੇਸ਼ ਨਹੀਂ ਕੀਤੇ ਗਏ ਤਾਂ ਵਿੰਗ ਨੇ ਇਸ ਵਾਹਨ 'ਤੇ 90 ਹਜ਼ਾਰ ਰੁਪਏ ਟੈਕਸ ਵਸੂਲਿਆ। ਮੋਬਾਇਲ ਵਿੰਗ ਦੀ ਕਾਰਵਾਈ ਦੌਰਾਨ ਜਲੰਧਰ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਟਰੱਕ ਨੂੰ ਰੋਕਿਆ ਗਿਆ। ਜਾਂਚ ਕਰਨ 'ਤੇ ਪਤਾ ਲੱਗਾ ਕਿ ਇਹ ਤਾਂਬੇ ਨਾਲ ਲੱਦਿਆ ਹੋਇਆ ਸੀ। ਜਦੋਂ ਡਰਾਈਵਰ ਨੇ ਢੁੱਕਵੇਂ ਦਸਤਾਵੇਜ਼ ਪੇਸ਼ ਨਹੀਂ ਕੀਤੇ, ਤਾਂ ਮੋਬਾਈਲ ਟੀਮ ਨੇ 3.25 ਲੱਖ ਰੁਪਏ ਟੈਕਸ ਵਸੂਲਿਆ। ਲੰਬੇ ਸਮੇਂ ਤੋਂ ਮੋਬਾਇਲ ਵਿੰਗ ਦੀ ਟੀਮ ਲੋਹੇ ਦੇ ਸਕ੍ਰੈਪ ਟਰੱਕਾਂ 'ਤੇ ਤਿੱਖੀ ਨਜ਼ਰ ਰੱਖ ਰਹੀ ਹੈ ਪਰ ਸੂਤਰਾਂ ਤੋਂ ਜਾਣਕਾਰੀ ਮਿਲ ਰਹੀ ਹੈ ਕਿ ਹੁਣ ਤਾਂਬੇ ਦੇ ਸਕ੍ਰੈਪ ਕਾਰੋਬਾਰੀ ਵੀ ਸਰਗਰਮ ਹੋ ਗਏ ਹਨ ਅਤੇ ਉੱਚ ਪੱਧਰ 'ਤੇ ਕੰਮ ਸ਼ੁਰੂ ਹੋ ਰਿਹਾ ਹੈ। ਇਸ 'ਚ ਵੱਡੀ ਮਾਤਰਾ 'ਚ ਟੈਕਸ ਚੋਰੀ ਕੀਤੀ ਜਾ ਰਹੀ ਹੈ। ਹਾਲਾਂਕਿ ਪਿਛਲੇ ਮਹੀਨਿਆਂ 'ਚ ਮੋਬਾਈਲ ਵਿੰਗ ਨੇ ਇਕ ਵਿਸ਼ੇਸ਼ ਮੁਖਬਰ ਦੀ ਜਾਣਕਾਰੀ 'ਤੇ ਉਨ੍ਹਾਂ ਦਾ ਸਾਮਾਨ ਜ਼ਬਤ ਕੀਤਾ ਹੈ ਅਤੇ ਜੁਰਮਾਨੇ ਲਾਏ ਹਨ ਪਰ ਕੀਮਤ ਜ਼ਿਆਦਾ ਹੈ

## ਗੋਲੀ ਲੱਗਣ ਕਾਰਨ ਸਾਬਕਾ ਕੌਂਸਲਰ ਦੀ ਮੌਤ, ਪਿਆ ਚੀਕ-ਚਿਹਾੜਾ

ਮੋਗਾ 7 ਜੂਨ। ਮੋਗਾ ਦੇ ਨਿਊ ਟਾਊਨ-8 ਇਲਾਕੇ 'ਚ ਉਸ ਸਮੇਂ ਵੱਡੀ ਘਟਨਾ ਵਾਪਰੀ, ਜਦੋਂ ਸਾਬਕਾ ਕੌਂਸਲਰ ਪੁਰਸ਼ੋਤਮ ਪੁਰੀ ਦੀ ਆਪਣੇ ਹੀ ਘਰ 'ਚ 12 ਬੋਰ ਦੀ ਰਾਈਫਲ ਨਾਲ ਗੋਲੀ ਲੱਗਣ ਕਾਰਨ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਪੁਰਸ਼ੋਤਮ ਪੁਰੀ ਆਪਣੇ ਕਮਰੇ 'ਚ ਸੀ, ਜਿੱਥੋਂ ਅਚਾਨਕ ਗੋਲੀ ਚੱਲਣ ਦੀ ਆਵਾਜ਼ ਆਈ। ਜਦੋਂ ਉਨ੍ਹਾਂ ਦੀ ਪਤਨੀ ਨੇ ਕਮਰੇ ਅੰਦਰ ਜਾ ਕੇ ਦੇਖਿਆ ਤਾਂ ਪੁਰਸ਼ੋਤਮ ਪੁਰੀ ਪੂਰੀ ਤਰ੍ਹਾਂ ਖੂਨ ਨਾਲ ਲੱਥਪੱਥ ਪਏ ਸਨ। ਪਤਨੀ ਵਲੋਂ ਰੌਲਾ ਪਾਉਣ 'ਤੇ ਗੁਆਂਢੀ ਵੀ ਮੌਕੇ 'ਤੇ



ਆ ਗਏ। ਇਸ ਘਟਨਾ ਕਾਰਨ ਪੂਰੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਸਿਟੀ ਸਾਊਥ ਦੇ ਇੰਚਾਰਜ ਵਰੁਣ ਅਤੇ ਸੀ. ਆਈ. ਸਟਾਫ਼ ਦੇ ਇੰਚਾਰਜ ਦਲਜੀਤ ਬਰਾੜ ਫੋਰੈਂਸਿਕ ਟੀਮ ਸਣੇ ਮੌਕੇ 'ਤੇ ਪੁੱਜੇ। ਫਿਲਹਾਲ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ 12 ਬੋਰ ਦੀ ਰਾਈਫਲ ਵੀ ਜ਼ਬਤ ਕਰ ਲਈ ਹੈ। ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ ਮੋਗਾ ਰਖਵਾਇਆ ਗਿਆ ਹੈ। ਨਰੋਤਮਪੁਰੀ ਦੇ ਭਰਾ ਪੁਰਸ਼ੋਤਮ ਪੁਰੀ ਬੱਸਾਂ ਦੇ ਮਾਲਕ ਸਨ ਅਤੇ ਸ਼ਹਿਰ ਦੀ ਪ੍ਰਾਈਵੇਟ ਬੱਸ ਐਸੋਸੀਏਸ਼ਨ ਦੇ ਪ੍ਰਧਾਨ ਦੇ ਤੌਰ 'ਤੇ ਜਾਣੇ ਜਾਂਦੇ ਸਨ। ਪੁਰਸ਼ੋਤਮ ਪੁਰੀ ਦਾ ਬੇਟਾ ਰੋਹਿਤ ਪੁਰੀ ਉੱਤਰ ਪ੍ਰਦੇਸ਼ 'ਚ ਜੱਜ ਹੈ। ਫਿਲਹਾਲ ਪੁਲਸ ਨੇ ਗੰਭੀਰਤਾ ਨਾਲ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਰਸ਼ੋਤਮ ਪੁਰੀ ਦੇ ਮੌਤ ਦੇ ਕਾਰਨ ਸਪੱਸ਼ਟ ਨਹੀਂ ਹੋ ਸਕੇ ਹਨ। ਅਜੇ ਇਹ ਨਹੀਂ ਦੱਸਿਆ ਜਾ ਸਕਦਾ ਹੈ ਕਿ ਇਹ ਇਕ ਹਾਦਸਾ ਹੈ ਜਾਂ ਫਿਰ ਉਨ੍ਹਾਂ ਦੀ ਮੌਤ ਪਿੱਛੇ ਕੋਈ ਹੋਰ ਕਾਰਨ ਹੈ। ਇਹ ਪੁਲਸ ਦੀ ਜਾਂਚ ਤੋਂ ਬਾਅਦ ਹੀ ਪਤਾ ਲੱਗ ਸਕੇਗਾ।

## ਨਸ਼ੀਲੀਆਂ ਗੋਲੀਆਂ, ਹੈਰੋਇਨ ਅਤੇ ਡਰੱਗ ਮਨੀ ਸਮੇਤ 4 ਕਾਬੂ

ਬਟਾਲਾ 7 ਜੂਨ। ਪੁਲਸ ਨੇ ਨਸ਼ੀਲੀਆਂ ਗੋਲੀਆਂ, ਹੈਰੋਇਨ ਅਤੇ ਡਰੱਗ ਮਨੀ ਸਮੇਤ 4 ਜਣਿਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਐੱਸ. ਆਈ. ਨਿਸ਼ਾਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਨਥਾਸੂ ਪੁਲ ਉੱਦੋਵਾਲੀ ਨੇੜਿਓਂ ਪਲਵਿੰਦਰ ਸਿੰਘ ਉਰਫ ਭਿੰਦਾ ਵਾਸੀ ਸ਼ਾਹਪੁਰ ਜਾਜਨ ਹਾਲ ਵਾਸੀ ਝਾਕੋਲਾੜੀ ਅਤੇ ਸੰਦੀਪ ਸਿੰਘ ਉਰਫ ਲਾਡੀ ਵਾਸੀ ਕਾਲਾ ਅਫਗਾਨਾ ਨੂੰ ਕਾਬੂ ਕਰ ਕੇ ਇਨ੍ਹਾਂ ਕੋਲੋਂ 6 ਗ੍ਰਾਮ ਹੈਰੋਇਨ, 1000 ਰੁਪਏ ਡਰੱਗ ਮਨੀ ਅਤੇ ਨੀਲੇ ਰੰਗ ਦੀ ਸਕੂਟਰੀ ਨੰ.ਪੀ.ਬੀ.08ਈ.ਕੇ.4694 ਬਰਾਮਦ ਕੀਤੀ



ਹੈ। ਉਕਤ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਦੋਵਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਉਪਰੋਕਤ ਥਾਣੇ ਵਿਚ ਕੇਸ ਦਰਜ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ, ਥਾਣਾ ਸਿਟੀ ਦੇ ਏ. ਐੱਸ. ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬੈਂਕ ਕਾਲੋਨੀ ਤੋਂ ਮਨਪ੍ਰੀਤ ਮਸੀਹ ਵਾਸੀ ਫੇਰੋਚੀਚੀ ਅਤੇ ਵਿਸ਼ਾਲ ਵਾਸੀ ਪ੍ਰੇਮ ਨਗਰ ਬੋਹੜਾਂਵਾਲ ਬਟਾਲਾ ਨੂੰ ਕਾਬੂ ਕਰਕੇ ਕ੍ਰਮਵਾਰ ਇਨ੍ਹਾਂ ਕੋਲੋਂ 60 ਤੇ 40 ਕੁਲ 100 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਉਕਤ ਥਾਣੇਦਾਰ ਨੇ ਦੱਸਿਆ ਕਿ ਇਸਦੇ ਬਾਅਦ ਉਕਤ ਦੋਵਾਂ ਨੌਜਵਾਨਾਂ ਨੂੰ ਥਾਣਾ ਸਿਟੀ ਵਿਖੇ ਲਿਜਾਇਆ ਗਿਆ, ਜਿਥੇ ਇਨ੍ਹਾਂ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ ਹੈ।

## ਲੱਖਾਂ ਰੁਪਏ ਦੇ ਗਹਿਣੇ ਚੋਰੀ ਕਰਨ ਦੇ ਦੋਸ਼ 'ਚ ਦੋਸ਼ੀ ਗ੍ਰਿਫ਼ਤਾਰ

ਜੈਪੁਰ 7 ਜੂਨ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਭਿਵਾੜੀ ਫੇਜ਼ 999 ਥਾਣਾ ਖੇਤਰ ਵਿੱਚ ਪੁਲਸ ਨੇ ਲੱਖਾਂ ਰੁਪਏ ਦੇ ਸੋਨੇ ਅਤੇ ਚਾਂਦੀ ਦੇ ਗਹਿਣਿਆਂ ਦੀ ਚੋਰੀ ਦਾ ਖੁਲਾਸਾ ਕਰਦੇ ਹੋਏ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ



ਕੀਤਾ ਹੈ। ਪੁਲਸ ਸੁਪਰਡੈਂਟ ਜਯੇਸ਼ਠਾ ਮੈਤ੍ਰੇਈ ਨੇ ਸੋਮਵਾਰ ਨੂੰ ਦੱਸਿਆ ਕਿ ਭਿਵਾੜੀ ਦੇ ਸੈਕਟਰ 5 ਦੇ ਰਹਿਣ ਵਾਲੇ ਜਤਿੰਦਰ ਕੁਮਾਰ ਸੋਨੀ ਨੇ 24 ਮਈ ਨੂੰ ਸ਼ਿਕਾਇਤ ਕੀਤੀ ਸੀ ਕਿ ਜਦੋਂ ਉਹ ਦੋ ਦਿਨਾਂ ਲਈ ਬਾਹਰ ਗਿਆ ਸੀ ਤਾਂ ਅਣਪਛਾਤੇ ਚੋਰਾਂ ਨੇ ਉਸਦੇ ਘਰੋਂ ਲਗਭਗ ਅੱਠ ਲੱਖ ਰੁਪਏ ਦੇ ਸੋਨੇ ਅਤੇ ਚਾਂਦੀ ਦੇ ਗਹਿਣੇ ਅਤੇ ਡੇਢ ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ। ਉਸਨੇ ਕਿਹਾ ਕਿ ਇਸ 'ਤੇ ਪੁਲਸ ਨੇ ਸੀਸੀਟੀਵੀ ਫੁਟੇਜ ਅਤੇ ਇੱਕ ਮੁਖਬਰ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਉੱਥੇ ਕਿਰਾਏ 'ਤੇ ਰਹਿਣ ਵਾਲੇ ਪਵਨ ਕੁਮਾਰ ਜਾਟ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ ਚੋਰੀ ਦਾ ਜ਼ਿਆਦਾਤਰ ਸਾਮਾਨ ਬਰਾਮਦ ਕੀਤਾ। ਪਵਨ ਕੁਮਾਰ ਨੇ ਡੂੰਘਾਈ ਨਾਲ ਪੁੱਛਗਿੱਛ ਦੌਰਾਨ ਆਪਣਾ ਜੁਰਮ ਕਬੂਲ ਕਰ ਲਿਆ। ਉਸਨੇ ਦੱਸਿਆ ਕਿ ਉਹ ਜਿਤੇਂਦਰ ਸੋਨੀ ਦੇ ਘਰ ਦੇ ਸਾਹਮਣੇ ਕਿਰਾਏ 'ਤੇ ਰਹਿੰਦਾ ਸੀ ਅਤੇ ਉਸਨੂੰ ਪਰਿਵਾਰ ਦੇ ਬਾਹਰ ਜਾਣ ਦਾ ਪਤਾ ਸੀ। ਉਸਨੇ ਆਪਣੇ ਵਿੱਤੀ ਸੰਕਟ ਅਤੇ ਕਰਜ਼ੇ ਦਾ ਭੁਗਤਾਨ ਕਰਨ ਲਈ ਚੋਰੀ ਕੀਤੀ। ਇਸ ਤੋਂ ਪਹਿਲਾਂ ਪਵਨ ਕੁਮਾਰ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ।

# ਕੋਆਪਰੇਟਿਵ ਬੈਂਕ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਇੱਕ ਹੰਗਾਮੀ ਮੀਟਿੰਗ ਕੀਤੀ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਫਗਵਾੜਾ 7 ਜੂਨ। ਇਸ ਮੌਕੇ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਸ: ਜਗਦੇਵ ਸਿੰਘ ਬਾਮ?ਹ ਜੀ, ਐਮ ਡੀ ਸ: ਹਰਜੀਤ ਸਿੰਘ ਸੰਧੂ, ਜੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਸਟੇਟ ਬੋਰਡ ਡਾਇਰੈਕਟਰ ਸਿਵਲ ਗੰਨਮੈਨ ਤੇ ਗਾਰਡ ਕੰਟਰੈਕਟ ਵਰਕਰਜ਼ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਲਛਮਣ ਸਿੰਘ ਧੂਰੀ ਅਤੇ ਸਮੂਹ ਕਮੇਟੀ ਮੈਂਬਰ ਮੀਟਿੰਗ ਸਵੇਰੇ 10 ਤੋਂ 12 ਵਜੇ ਤੱਕ ਸ਼ਾਮ 3.30 4.30 ਵਜੇ ਤੱਕ ਮੀਟਿੰਗ ਵਿੱਚ ਬੜੇ ਧਿਆਨ ਨਾਲ ਸਾਡੀ ਗੱਲ ਸੁਣੀ ਅਤੇ ਸਾਡੀ ਰਿਸ਼ਕ ਭਰੀ ਡਿਊਟੀ ਬੰਦੂਕ ਨੂੰ ਲੋਡ ਤੇ ਹਰ ਟਾਈਮ ਮੋਢੇ ਚ ਪਾ ਕੇ ਰੱਖਣੀ ਬੈਂਕ ਵਿੱਚ ਗੰਨਮੈਨ ਦੀ ਭੂਮਿਕਾ ਨੂੰ ਬਹੁਤ ਹੀ ਅਹਿਮ ਮੰਨਿਆ ✦ ਇਸ ਮੌਕੇ ਜਿਲਾ ਸੰਗਰੂਰ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਜੀ ਟੀਟੂ ਨੇ ਦੱਸਿਆ ਕਿ ਸਾਡੇ ਜਿਲੇ ਵਿੱਚ ਕੈਸ਼ ਦਾ ਲੈਣ ਦੇਣ ਬੁਹਤ ਹੁੰਦਾ ਹੈ✦ ਇਸ ਮੌਕੇ ਬੈਂਕ ਦੇ ਗੰਨਮੈਨ ਜਿੱਥੇ ਕੈਸ਼ ਦੀ ਰਾਖੀ ਕਰਦੇ ਹਨ ਉਥੇ 50-50 ਲੱਖ ਕਰੋੜ ਕਰੋੜ ਭਾਰੀ ਵਜਨ ਵੀ ਚੱਕਦੇ ਹਨ ਬੈਂਕ ਨੇ ਨਾਲ ਸੰਬੰਧਿਤ ਹੋਣ ਕਰਕੇ ਹਾੜੀ ਤੇ ਸੌਣੀ ਭਾਰੀ ਰਕਮ ਬੈਂਕਾਂ ਵਿੱਚ ਆਉਂਦੀ ਹੈ ਅਤੇ ਜਾਂਦੀ ਹੈ ✦ ਲੰਬੀਆਂ ਲੰਬੀਆਂ ਲਾਈਨਾਂ ਨੂੰ ਕੰਟਰੋਲ ਕਰਨਾ ਪੈਦਾ ਹੈ ✦ ਇਸ ਮੌਕੇ ਗੰਨਮੈਨ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ ✦ਅਤੇ ਬੋਰਡ ਦੇ ਮੈਂਬਰਾਂ ਅਤੇ ਮਾਨਯੋਗ ਐਮ ਡੀ ਸਾਹਿਬ ਨੇ ਇਹ ਫੈਸਲਾ ਲਿਆ ਕਿ ਇਹਨਾਂ ਨੂੰ ਟੈਕਨੀਕਲ ਟਰੇਡ ਵਿੱਚ ਪਾਈਆਂ ਜਾਵੇ ਤਾਂ ਜੋ ਇਹਨਾਂ ਦੀਆਂ ਤਨਖਾਹਾਂ ਤੇ ਇਹਨਾਂ ਦੇ ਪਸੀਨੇ ਦਾ ਮੁੱਲ ਮਿਲ ਸਕੇ ਐਮ ਡੀ ਸਾਹਿਬਾਨ ਦੇ ਚੇਅਰਮੈਨ ਸਾਹਿਬ ਜੀ ਨੂੰ ਸਾਰੇ ਪੰਜਾਬ ਦੇ ਡਾਇਰੈਕਟਰਾਂ ਨੇ ਬੇਨਤੀ ਕੀਤੀ ਕਿ ਇਹਨਾਂ ਨੂੰ ਜਲਦੀ ਤੋਂ ਜਲਦੀ ਹਾਈ ਸਕੈਂਲਡ ਕੈਟਾਗਰੀ ਦਰਜਾ ਦਵਾਇਆ ਜਾਵੇ ਤੇ ਇਹਨਾਂ ਦੀ ਮੀਟਿੰਗ ਪੰਜਾਬ ਦੇ ਕਿਰਤ ਮੰਤਰੀ ਸਰਦਾਰ ਤਰਨਪ੍ਰੀਤ ਸਿੰਘ ਸੌਂਦ ਜੀ ਨਾਲ ਕਰਵਾਈ ਜਾਵੇਗੀ ਜੇਕਰ ਗੰਨਮੈਨਾਂ ਨੂੰ ਹਾਈ ਸਕੈਂਲਡ ਕੈਟਾਗਰੀ ਅਤੇ ਗਾਰਡ ਸਕੈਂਲਡ ਦਾ ਦਰਜਾ ਮਿਲਦਾ ਹੈ ਜਿੱਥੇ ਇਹ ਲਾਭ ਕੋਆਪਰੇਟਿਵ ਬੈਂਕ ਦੇ 1100 ਗੰਨਮੈਨਾਂ ਤੇ ਗਾਰਡ ਨੂੰ ਮਿਲੇਗਾ ਉੱਥੇ ਪੰਜਾਬ ਵਿੱਚ ਕੰਮ ਕਰਦੇ ਵੱਖ ਵੱਖ ਅਦਾਰਿਆਂ ਚ ਗੰਨਮੈਨ ਤੇ ਗਾਰਡ ਦੀ ਡਿਊਟੀ ਨਿਭਾ ਰਹੇ ਲਗਭਗ 3 ਲੱਖ ਦੇ ਕਰੀਬ ਕਰਮਚਾਰੀਆਂ ਨੂੰ ਇਸ ਦਾ ਲਾਭ ਮਿਲੇਗਾ ✦ ਮਾਨਯੋਗ ਚੇਅਰਮੈਨ ਜੀ ਅਤੇ ਐਮ ਡੀ ਸਾਹਿਬ ਜਿਨਾਂ ਨੂੰ 22 /5//25 ਨੂੰ ਜ਼ਿਲ੍ਹਾ ਸੰਗਰੂਰ ਸ਼ਹਿਰ ਧੂਰੀ ਪਿੰਡ ਲੱਡਾ ਸੈਫਰਨ ਪੈਲਸ ਸੂਬਾ ਪ੍ਰਧਾਨ ਵੱਲੋਂ ਮੰਗ ਪੱਤਰ ਦਿੱਤਾ ਗਿਆ ਸੀ ਤੇ ਚੇਅਰਮੈਨ ਸਾਹਿਬਾਨ ਨੇ ਮੀਟਿੰਗ ਲਈ ਜੋ ਵਾਅਦਾ ਕਰਿਆ ਸੀ ਉਹ ਪੂਰਾ ਕਰਨ ਤੇ ਯੂਨੀਅਨ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ ਪਹੁੰਚੇ ਚੇਅਰਮੈਨ ਸਾਹਿਬ ਤੇ ਸਾਰੇ ਪੰਜਾਬ ਬੋਰਡ ਡਾਇਰੈਕਟਰ ਸਾਹਿਬਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਇਸ ਮੌਕੇ ਮੀਟਿੰਗ ਵਿੱਚ ਸ਼ਾਮਲ ਯੂਨੀਅਨ ਆਗੂ ਜਰਨਲ ਨੇ ਪਰਮਜੀਤ ਸਿੰਘ ਜਿਲਾ ਗੁਰਦਾਸਪੁਰ ਢਡਿਆਲਾ ਨੱਤ ਅੱਜੈਕਟਵ ਮੈਂਬਰ ਬਾਈ ਮਦਨਜੀਤ ਸਿੰਘ ਲੁਧਿਆਣਾ ਰਾਣੋ 11 ਮੈਂਬਰੀ ਕਮੇਟੀ ਸਾਬਕਾ ਸਰਪੰਚ ਬਾਈ ਅਵਤਾਰ ਸਿੰਘ ਜੀ ਚੱਕ ਗੁਰੂ ਨਵਾਂ ਸ਼ਹਿਰ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਬਾਈ ਦਵਿੰਦਰ ਸਿੰਘ ਮਾਨ ਕਲਾਲ ਮਾਜਰਾ ਅਤੇ ਬਾਈ ਬਲਵਿੰਦਰ ਸਿੰਘ ਮੁਕਤਸਰ ਅਤੇ ਹੋਰ ਮੈਂਬਰ ਹਾਜ਼ਰ ਸਨ ।

# ਸਟੀਲ ਤੇ ਐਲੂਮੀਨੀਅਮ 'ਤੇ ਅਮਰੀਕਾ 'ਚ ਉੱਚੀ ਇੰਪੋਰਟ ਡਿਊਟੀ ਤੋਂ ਫਿਕਰਮੰਦ ਹਨ ਭਾਰਤੀ ਬਰਾਮਦਕਾਰ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨਵੀਂ ਦਿੱਲੀ 7 ਜੂਨ। ਫੈਡਰੇਸ਼ਨ ਆਫ ਇੰਡੀਅਨ ਐਕਸਪੋਰਟ ਆਰਗੇਨਾਈਜ਼ੇਸ਼ਨ (ਫੀਓ) ਨੇ ਅਮਰੀਕਾ 'ਚ ਸਟੀਲ ਤੇ ਐਲੂਮੀਨੀਅਮ 'ਤੇ ਇੰਪੋਰਟ ਡਿਊਟੀ ਨੂੰ 25 ਫੀਸਦੀ ਤੋਂ ਵਧਾ ਕੇ 50 ਫੀਸਦੀ ਕਰਨ ਦੇ ਹੁਣੇ ਜਿਹੇ ਦੇ ਐਲਾਨ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਸਰਕਾਰ ਨੂੰ ਭਾਰਤੀ ਸਟੀਲ ਬਰਾਮਦ ਦੀ ਸੁਰੱਖਿਆ ਲਈ ਅਮਰੀਕਾ ਦੇ ਨਾਲ ਕੂਟਨੀਤਿਕ ਯਤਨ ਕਰਨ ਦੀ ਬੇਨਤੀ ਕੀਤੀ ਹੈ। ਬਰਾਮਦਕਾਰਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਜਿਹੀ ਕਾਰਵਾਈ ਨਾਲ ਭਾਰਤ ਦੀ ਸਟੀਲ ਤੇ ਐਲੂਮੀਨੀਅਮ ਦੀ ਬਰਾਮਦ, ਖਾਸ ਤੌਰ 'ਤੇ ਵੈਲਿਊ ਐਡਿਡ ਤੇ ਤਿਆਰ ਸਟੀਲ ਉਤਪਾਦਾਂ ਤੇ ਵਾਹਨਾਂ ਦੇ ਕਲਪੁਰਜਿਆਂ ਦੀ ਬਰਾਮਦ ਪ੍ਰਭਾਵਿਤ ਹੋਵੇਗੀ। ਭਾਰਤ ਦੇ ਬਰਾਮਦਕਾਰਾਂ ਦੇ ਚੋਟੀ ਦੇ ਮੰਚ ਫੀਓ ਦੇ ਪ੍ਰਧਾਨ ਐੱਸ. ਸੀ. ਰਲਹਨ ਨੇ ਕਿਹਾ ਕਿ ਅਮਰੀਕੀ ਸਟੀਲ ਤੇ ਐਲੂਮੀਨੀਅਮ ਇੰਪੋਰਟ ਡਿਊਟੀ ਵਿਚ ਪ੍ਰਸਤਾਵਤ ਵਾਧੇ ਨਾਲ ਖਾਸ ਤੌਰ 'ਤੇ ਸਟੇਨਲੈੱਸ ਸਟੀਲ ਪਾਈਪ, ਸਟ?ਰਕਚਰਲ




ਸਟੀਲ ਕੰਪੋਨੈਂਟ ਤੇ ਆਟੋਮੋਟਿਵ ਸਟੀਲ ਪਾਰਟਸ ਵਰਗੇ ਅਰਧ-ਤਿਆਰ ਤੇ ਤਿਆਰ ਇਸਪਾਤ ਉਤਪਾਦਾਂ ਦੀ ਬਰਾਮਦ 'ਤੇ ਅਸਰ ਪਵੇਗਾ। ਇਹ ਉਤਪਾਦ ਭਾਰਤ ਦੀ ਵਧਦੀ ਇੰਜੀਨੀਅਰਿੰਗ ਬਰਾਮਦ ਦਾ ਹਿੱਸਾ ਹਨ ਅਤੇ ਉੱਚੀ ਡਿਊਟੀ ਵਾਲੇ ਅਮਰੀਕੀ ਬਾਜ਼ਾਰ ਵਿਚ ਸਾਡੀ ਕੀਮਤ ਮੁਕਾਬਲੇਬਾਜ਼ੀ ਨੂੰ ਘੱਟ ਕਰ ਸਕਦੇ ਹਨ। ਭਾਰਤ ਨੇ ਵਿੱਤੀ ਸਾਲ 2024-25 'ਚ ਅਮਰੀਕਾ ਨੂੰ ਲੱਗਭਗ 6.2 ਅਰਬ ਡਾਲਰ ਦੇ ਸਟੀਲ ਤੇ ਤਿਆਰ ਸਟੀਲ ਉਤਪਾਦਾਂ ਦੀ ਬਰਾਮਦ ਕੀਤੀ, ਜਿਸ ਵਿਚ ਇੰਜੀਨੀਅਰਡ ਤੇ ਫੈਬ੍ਰੀਕੇਟਿਡ ਸਟੀਲ ਦੇ ਹਿੱਸਿਆਂ ਦੀ ਇਕ ਵਿਸਤ੍ਰਿਤ ਲੜੀ ਅਤੇ ਲੱਗਭਗ 86 ਕਰੋੜ ਡਾਲਰ ਦਾ ਐਲੂਮੀਨੀਅਮ ਤੇ ਇਸ ਦੇ ਉਤਪਾਦ ਸ਼ਾਮਲ ਹਨ। ਰਲਹਨ ਨੇ ਕਿਹਾ,"ਅਸੀਂ ਸਰਕਾਰ ਨੂੰ ਦੁਵੱਲੇ ਪੱਧਰ 'ਤੇ ਇਸ ਮੁੱਦੇ ਨੂੰ ਉਠਾਉਣ ਦੀ ਅਪੀਲ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਾਰਤੀ ਬਰਾਮਦਕਾਰਾਂ ਨੂੰ ਸ਼ਿਪਮੈਂਟ ਦੇ ਮਾਮਲੇ 'ਚ ਗੈਰ-ਜ਼ਰੂਰੀ ਤੌਰ 'ਤੇ ਨੁਕਸਾਨ ਨਾ ਹੋਵੇ ਕਿਉਂਕਿ 25 ਫੀਸਦੀ ਵਾਧੂ ਡਿਊਟੀ ਵੱਡਾ ਬੋਝ ਹੋਵੇਗਾ, ਜਿਸ ਨੂੰ ਬਰਾਮਦਕਾਰ ਤੇ ਦਰਾਮਦਕਾਰ ਵੱਲੋਂ ਸਹਿਣ ਕਰਨਾ ਮੁਸ਼ਕਲ ਹੈ।"

## ਦੀਨਾਨਗਰ ਪੁਲਸ ਨੇ ਇਕ ਟਰੱਕ 'ਚੋਂ 9 ਗਊਆਂ ਤੇ 2 ਵੱਛੀਆਂ ਸਮੇਤ ਟਰੱਕ ਨੂੰ ਕੀਤਾ ਕਾਬੂ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਦੀਨਾਨਗਰ 7 ਜੂਨ। ਦੀਨਾਨਗਰ ਪੁਲਸ ਵੱਲੋਂ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਪਿੰਡ ਲੋਹਗੜ੍ਹ ਤੋਂ ਇੱਕ ਟਰੱਕ 'ਚੋਂ ਨੌ ਗਾਵਾਂ ਅਤੇ ਦੋ ਵੱਛੀਆਂ ਸਮੇਤ ਟਰੱਕ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪੁਲਸ ਦੇ ਜਾਂਚ ਅਧਿਕਾਰੀ ਅਸ਼ਵਨੀ ਕੁਮਾਰ ਸਮੇਤ ਪੁਲਸ ਪਾਰਟੀ ਇਲਾਕੇ ਅੰਦਰ ਗਸ਼ਤ ਕਰ ਰਹੀ ਸੀ। ਝੰਡੇਚੱਕ ਬਾਈਪਾਸ ਮੌਜੂਦ ਸੀ ਕਿ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੱਤਾ ਮਸੀਹ ਪੁੱਤਰ ਕਰਤਾਰ ਮਸੀਹ, ਸੰਤੋਸ਼ ਕੁਮਾਰੀ ਪਤਨੀ ਸੱਤਾ ਮਸੀਹ ਵਾਸੀਆਂਨ ਲੋਹਗੜ੍ਹ ਜੋ ਡੰਗਰਾਂ ਦਾ ਕੰਮ ਕਰਦੇ ਹਨ ਤੇ ਇਨ੍ਹਾਂ ਦੇ ਘਰ ਇੱਕ ਟਰੱਕ ਖੜ੍ਹਾ ਹੈ, ਜਿਸ 'ਤੇ ਸਾਰੇ ਮੁਲਜ਼ਮ ਗਾਵਾਂ ਲੱਦ ਰਹੇ ਹਨ। ਇਸ ਬਾਰੇ ਇੱਤਲਾਹ ਮਿਲਣ 'ਤੇ ਤਫ਼ਤੀਸ਼ ਅਫਸਰ ਨੇ ਮੁਲਜ਼ਮ ਸੱਤਾ ਮਸੀਹ ਦੇ ਘਰ ਰੇਡ ਕੀਤਾ ਜਿਥੇ ਇਹ ਘਰ ਦੇ ਅੰਦਰ ਖੜ੍ਹਾ ਸੀ, ਟਰੱਕ 'ਤੇ ਤਰਪਾਲ ਪਾਈ ਹੋਈ ਸੀ ਅਤੇ ਜਿਸ 'ਚ 09 ਗਊਆਂ ਅਤੇ 02 ਵੱਛੀਆਂ ਨੂੰ ਸਮਰੱਥਾ ਤੋਂ ਵੱਧ ਠੂਸ ਕੇ ਰੱਸੀਆਂ ਨਾਲ ਬੰਨ੍ਹ ਕੇ ਲੱਦਿਆ ਹੋਇਆ ਸੀ, ਜਿਸ ਉਪਰੰਤ ਪੁਲਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਨ ਤੋਂ ਬਾਅਦ ਸੱਤਾ ਮਸੀਹ ਪੁੱਤਰ ਕਰਤਾਰ ਮਸੀਹ,ਸੰਤੋਸ਼ ਕੁਮਾਰੀ ਪਤਨੀ ਸੱਤਾ ਮਸੀਹ, ਅਸੀਸ ਪੁੱਤਰ ਸੱਤਾ ਮਸੀਹ ਵਾਸੀਆਂਨ ਲੋਹਗੜ੍ਹ, ਮੁਖਤਿਆਰ ਅਲੀ ਪੁੱਤਰ ਸੈਫ ਅਲੀ ਵਾਸੀ ਸੁਖਲ ਥਾਣਾ ਹੀਰਾ ਨਗਰ ਜੰਮੂ ਅਤੇ ਰੋਸਨਦੀਨ ਪੁੱਤਰ ਸਾਬਦੀਨ ਵਾਸੀ ਹੀਰਾ ਨਗਰ ਜੰਮੂ ਵਿਰੁੱਧ ਵੱਖ-ਵੱਖ ਧਾਰਾਂ ਤਹਿਤ ਮਾਮਲਾ ਦਰਜ ਕਰਕੇ ਇਨ੍ਹਾਂ 'ਚ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬਾਕੀਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਭੇਡਾਂ-ਬੱਕਰੀਆਂ ਨਾਲ ਭਰਿਆ ਟਰੱਕ ਪਲਟਿਆ: 60 ਦੀ ਮੌਤ ਤੇ ਜੋ ਲੋਕ ਬਚੀਆਂ ਲੋਕ ਚੁੱਕ ਕੇ ਲੈ ਗਏ

ਖਰਗੋਨ 7 ਜੂਨ। ਮੱਧ ਪ੍ਰਦੇਸ਼ ਦੇ ਖਰਗੋਨ ਵਿੱਚ ਇੱਕ ਦਰਦਨਾਕ ਹਾਦਸੇ ਵਿੱਚ ਕਈ ਬੇਜ਼ੁਬਾਨ ਜਾਨਵਰਾਂ ਦੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਬੱਕਰੀਆਂ ਅਤੇ ਭੇਡਾਂ ਨਾਲ ਭਰਿਆ ਇੱਕ ਟਰੱਕ ਬੇਕਾਬੂ ਹੋ ਕੇ ਪਲਟ ਗਿਆ। ਇਸ ਹਾਦਸੇ ਵਿੱਚ 60 ਬੇਜ਼ੁਬਾਨ ਬੱਕਰੀਆਂ ਅਤੇ ਭੇਡਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਬਕਰਾ



ਈਦ 'ਤੇ ਕੁਰਬਾਨੀ ਲਈ ਭੇਡਾਂ-ਬੱਕਰੀਆਂ ਨਾਲ ਭਰਿਆ ਇੱਕ ਟਰੱਕ ਨੀਮਚ ਤੋਂ ਹੈਦਰਾਬਾਦ ਜਾ ਰਿਹਾ ਸੀ। ਮੇਂਗਾਓਂ ਥਾਣੇ ਦੇ ਨਿਮਗੁਲ ਨੇੜੇ ਇੰਦੌਰ ਖਰਗੋਂ ਸੜਕ 'ਤੇ ਓਵਰਟੇਕ ਕਰਦੇ ਸਮੇਂ ਇਹ ਪਲਟ ਗਿਆ। ਸੜਕ 'ਤੇ ਖੜੀ ਇੱਕ ਕਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਇਹ ਹਾਦਸਾ ਵਾਪਰਿਆ। ਘਟਨਾ ਦੀ ਸੂਚਨਾ ਮਿਲਦੇ ਹੀ ਮੇਂਗਾਓਂ ਪੁਲਸ ਮੌਕੇ 'ਤੇ ਪਹੁੰਚ ਗਈ। ਟਰੱਕ ਵਿੱਚ ਲਗਭਗ 180 ਬੱਕਰੀਆਂ ਅਤੇ ਭੇਡਾਂ ਲੱਦੀਆਂ ਹੋਈਆਂ ਸਨ। ਟਰੱਕ ਪਲਟਣ ਤੋਂ ਬਾਅਦ ਲੋਕ ਬਹੁਤ ਸਾਰੀਆਂ ਬੱਕਰੀਆਂ ਅਤੇ ਭੇਡਾਂ ਲੈ ਕੇ ਭੱਜਣ ਲੱਗ ਪਏ ਅਤੇ ਕੁਝ ਦੀ ਉੱਥੇ ਦਰਦਨਾਕ ਮੌਤ ਹੋ ਗਈ। ਪੁਲਸ ਟਰੱਕ ਡਰਾਈਵਰ ਨਬੀ ਮੁਹੰਮਦ ਤੋਂ ਪੁੱਛਗਿੱਛ ਕਰ ਰਹੀ ਹੈ।

## 15000 'ਚ ਸੌਦਾ ! ਘਰ ਜਾ ਕੇ ਦੱਸਦੇ ਸਨ ਮੁੰਡਾ ਜਾਂ ਕੁੜੀ, ਇਸ ਤਰ੍ਹਾਂ ਚੜ੍ਹੇ ਪੁਲਸ ਹੱਥੇ

ਵੈੱਬ ਡੈਸਕ 7 ਜੂਨ। 'ਬੇਟੀ ਬਚਾਓ' ਦੇ ਨਾਅਰਿਆਂ ਤੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਗੁਜਰਾਤ 'ਚ ਭਰੂਣ ਹੱਤਿਆ ਦਾ ਇੱਕ ਬਹੁਤ ਹੀ ਘਿਣਾਉਣਾ ਤੇ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਅਹਿਮਦਾਬਾਦ ਜ਼ਿਲ੍ਹੇ ਦੇ ਬਾਵਲਾ ਕਸਬੇ 'ਚ ਪੁਲਸ ਨੇ ਇੱਕ ਹਾਈ-ਟੈਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਜੋ ਚੁੱਪ-ਚਾਪ ਅਤੇ ਯੋਜਨਾਬੱਧ ਤਰੀਕੇ ਨਾਲ ਪਹਿਲਾਂ ਮਾਦਾ ਭਰੂਣ ਦੀ ਪਛਾਣ ਕਰਦਾ ਸੀ ਅਤੇ ਫਿਰ ਸਿੱਧਾ ਮਰੀਜ਼ਾਂ ਦੇ ਘਰ ਜਾ ਕੇ ਗਰਭਪਾਤ ਕਰਦਾ ਸੀ। ਇਸ ਪੂਰੇ ਗੈਰ-ਕਾਨੂੰਨੀ ਰੈਕੇਟ ਦੀ ਅਗਵਾਈ ਦੋ ਮੁੱਖ ਮੁਲਜ਼ਮ ਕਰ ਰਹੇ ਸਨ। ਇੱਕ ਨਰਸ ਹੇਮਲਤਾ ਦਾਰਜੀ ਅਤੇ ਇੱਕ ਰੇਡੀਓਲੋਜਿਸਟ ਹਰਸ਼ਦ ਆਚਾਰੀਆ। ਇਹ ਦੋਵੇਂ ਅਹਿਮਦਾਬਾਦ ਆਨੰਦ ਅਤੇ ਵਡੋਦਰਾ ਵਰਗੇ ਸ਼ਹਿਰਾਂ ਵਿੱਚ ਸਰਗਰਮ ਸਨ। ਪੁਲਸ ਨੇ ਖੁਲਾਸਾ ਕੀਤਾ ਹੈ ਕਿ ਇਸ ਗਿਰੋਹ ਨੇ ਹੁਣ ਤੱਕ ਘੱਟੋ-ਘੱਟ 25 ਭਰੂਣ ਟੈਸਟ ਕੀਤੇ ਹਨ, ਜਿਨ੍ਹਾਂ 'ਚੋਂ ਅੱਠ ਭਰੂਣ ਮਾਦਾ ਨਿਕਲੇ ਹਨ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਅੱਠ ਮਾਦਾ ਭਰੂਣਾਂ ਵਿੱਚੋਂ ਪੰਜ ਦਾ ਗਰਭਪਾਤ ਮਰੀਜ਼ਾਂ ਦੇ ਘਰਾਂ 'ਚ ਕੀਤਾ ਗਿਆ ਸੀ। ਅਹਿਮਦਾਬਾਦ ਦਿਹਾਤੀ ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, ਇਹ ਆਪ੍ਰੇਸ਼ਨ ਬਹੁਤ ਗੁਪਤ ਤਰੀਕੇ ਨਾਲ ਕੀਤਾ ਜਾ ਰਿਹਾ ਸੀ। ਮਰੀਜ਼ ਨੂੰ ਕਿਸੇ ਵੀ ਕਲੀਨਿਕ 'ਚ ਜਾਣ ਦੀ ਜ਼ਰੂਰਤ ਨਹੀਂ ਹੁੰਦੀ ਸੀ। ਗੈਂਗ ਟੀਮ ਖੁਦ ਉਨ੍ਹਾਂ ਦੇ ਘਰ ਜਾਂਦੀ ਸੀ, ਖੂਨ ਦੇ ਨਮੂਨੇ ਲੈਂਦੀ ਸੀ ਤੇ ਉਸੇ ਜਗ?ਹਾ 'ਤੇ ਗਰਭਪਾਤ ਕਰਦੀ ਸੀ। ਪੁਲਸ ਦੇ ਅਨੁਸਾਰ ਜੇਕਰ ਕਿਸੇ ਔਰਤ ਨੂੰ ਗਰਭਪਾਤ ਦੌਰਾਨ ਬਹੁਤ ਜ਼ਿਆਦਾ ਖੂਨ ਵਗਦਾ ਸੀ, ਤਾਂ ਹੇਮਲਤਾ ਦਾਰਜੀ ਉਹੀ ਦਵਾਈਆਂ ਵਰਤਦੀ ਸੀ ਜੋ ਉਸਨੇ ਆਪਣੇ ਪੁਰਾਣੇ ਨਿੱਜੀ ਹਸਪਤਾਲ ਤੋਂ ਚੋਰੀ ਕੀਤੀਆਂ ਸਨ। ਰੇਡੀਓਲੋਜਿਸਟ ਹਰਸ਼ਦ ਆਚਾਰੀਆ ਭਰੂਣ ਦੇ ਲਿੰਗ ਦੀ ਪਛਾਣ ਕਰਦਾ ਸੀ। ਇਸ ਰੈਕੇਟ 'ਚ, ਲਿੰਗ ਦੀ ਪਛਾਣ ਕਰਨ ਲਈ ਕੋਡ ਸ਼ਬਦਾਂ ਦੀ ਵਰਤੋਂ ਬਹੁਤ ਧਿਆਨ ਨਾਲ ਕੀਤੀ ਗਈ ਸੀ। ਪੁਲਸ ਅਧਿਕਾਰੀ ਨੇ ਕਿਹਾ ਕਿ ਜੇਕਰ ਆਚਾਰੀਆ ਮੁਸਕਰਾਉਂਦੇ ਅਤੇ 'ਆਸ਼ੀਰਵਾਦ' ਕਹਿੰਦੇ ਤਾਂ ਇਸਦਾ ਮਤਲਬ ਸੀ ਕਿ ਭਰੂਣ ਇੱਕ ਨਰ ਸੀ, ਪਰ ਜੇਕਰ ਉਹ ਗੰਭੀਰ ਹੋ ਜਾਂਦਾ ਅਤੇ 'ਠੀਕ ਥਾਈ ਜੈਸ਼ੇ' (ਸਭ ਕੁਝ ਠੀਕ ਹੋ ਜਾਵੇਗਾ) ਕਹਿੰਦਾ ਤਾਂ ਇਸਦਾ ਮਤਲਬ ਸੀ ਕਿ ਭਰੂਣ ਇੱਕ ਮਾਦਾ ਸੀ। ਪੁਲਸ ਨੇ ਇਹ ਵੀ ਖੁਲਾਸਾ ਕੀਤਾ ਕਿ ਇਸ ਗਿਰੋਹ ਨੇ ਹਰ ਕਿਸੇ ਨੂੰ ਇਹ ਗੈਰ-ਕਾਨੂੰਨੀ ਸੇਵਾ ਨਹੀਂ ਦਿੱਤੀ। ਸਿਰਫ਼ ਭਰੋਸੇਯੋਗ ਜਾਣਕਾਰਾਂ ਨਾਲ ਹੀ ਸੰਪਰਕ ਕੀਤਾ ਗਿਆ ਸੀ। ਇਸ ਪੂਰੀ ਕਾਰਵਾਈ ਵਿੱਚ, ਹਰੇਕ ਮਾਮਲੇ 'ਚ 15,000 ਰੁਪਏ ਲਏ ਗਏ ਸਨ, ਜਿਸ 'ਚੋਂ 7,000 ਰੁਪਏ ਹੇਮਲਤਾ ਦਾਰਜੀ ਨੂੰ ਦਿੱਤੇ ਗਏ ਸਨ ਤੇ ਬਾਕੀ ਹਰਸ਼ਦ ਆਚਾਰੀਆ ਨੇ ਰੱਖੇ ਸਨ। ਆਚਾਰੀਆ ਨੇ ਇਹ ਗੈਰ-ਕਾਨੂੰਨੀ ਕਾਰੋਬਾਰ ਲਗਭਗ ਡੇਢ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਪੁੱਛਗਿੱਛ ਦੌਰਾਨ, ਦੋਵਾਂ ਮੁਲਜ਼ਮਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਉਨ੍ਹਾਂ ਔਰਤਾਂ ਦੇ ਨਾਮ ਯਾਦ ਨਹੀਂ ਹਨ ਜਿਨ੍ਹਾਂ ਦਾ ਉਨ੍ਹਾਂ ਨੇ ਗਰਭਪਾਤ ਕਰਵਾਇਆ ਸੀ।

## ਪੰਜਾਬ ਕਾਂਗਰਸ 'ਚ ਵੱਡੀ ਹਲਚਲ, ਵਿਧਾਇਕ ਵਿਕਰਮਜੀਤ ਚੌਧਰੀ ਦੀ ਹੋਈ ਘਰ ਵਾਪਸੀ

ਜਲੰਧਰ/ਫਿਲੌਰ/ਲੁਧਿਆਣਾ 7 ਜੂਨ। ਫਿਲੌਰ ਤੋਂ ਕਾਂਗਰਸੀ ਵਿਧਾਇਕ ਵਿਕਰਮਜੀਤ ਚੌਧਰੀ ਦੀ ਪਾਰਟੀ 'ਚ ਘਰ ਵਾਪਸੀ ਹੋ ਗਈ ਹੈ। ਦਰਅਸਲ ਲੁਧਿਆਣਾ ਦੇ ਦਾਖਾ ਵਿਧਾਨ ਸਭਾ ਹਲਕੇ 'ਚ ਕਾਂਗਰਸ ਦੀ 'ਸੰਵਿਧਾਨ ਬਚਾਓ' ਰੈਲੀ ਦੌਰਾਨ ਵਿਕਰਮਜੀਤ ਚੌਧਰੀ ਨੂੰ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਵਿੱਚ ਸ਼ਾਮਲ ਕਰਵਾਇਆ। ਦੱਸਣਯੋਗ ਹੈ ਕਿ ਜਲੰਧਰ ਜ਼ਿਮਨੀ ਚੋਣ ਵਿੱਚ ਵਿਕਰਮਜੀਤ ਚੌਧਰੀ ਵੱਲੋਂ ਕਾਂਗਰਸੀ ਉਮੀਦਵਾਰ ਦਾ ਵਿਰੋਧ ਕੀਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ 'ਤੇ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਸੀ। ਤੁਹਾਨੂੰ ਦੱਸ ਦੇਈਏ ਕਿ ਅਪ੍ਰੈਲ 2024 ਵਿੱਚ ਸੰਸਦੀ ਚੋਣਾਂ ਤੋਂ ਇਕ ਮਹੀਨਾ ਪਹਿਲਾਂ ਵਿਕਰਮਜੀਤ ਚੌਧਰੀ ਨੂੰ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਉਸ ਸਮੇਂ ਚੌਧਰੀ ਅਤੇ ਉਨ੍ਹਾਂ ਦੀ ਮਾਂ ਕਰਮਜੀਤ ਕੌਰ ਚੌਧਰੀ ਜਲੰਧਰ ਲੋਕ ਸਭਾ ਸੀਟ ਤੋਂ ਚੋਣ ਲੜਨ ਲਈ ਟਿਕਟਾਂ ਦੀ ਮੰਗ ਕਰ ਰਹੇ ਸਨ। ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜਲੰਧਰ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਐਲਾਨਿਆ ਸੀ, ਜਿਸ ਤੋਂ ਬਾਅਦ ਵਿਕਰਮਜੀਤ ਚੌਧਰੀ ਨੇ ਚੰਨੀ ਦੀ ਉਮੀਦਵਾਰੀ ਦੇ ਵਿਰੁੱਧ ਕਈ ਬਿਆਨ ਦਿੱਤੇ। ਇਸ ਕਾਰਨ ਪਾਰਟੀ ਨੇ ਉਨ੍ਹਾਂ ਨੂੰ ਅਨੁਸ਼ਾਸਨੀ ਕਾਰਵਾਈ ਵਜੋਂ ਮੁਅੱਤਲ ਕਰ ਦਿੱਤਾ ਸੀ। ਉਸੇ ਸਮੇਂ ਉਨ੍ਹਾਂ ਦੀ ਮਾਂ ਕਰਮਜੀਤ ਕੌਰ ਚੌਧਰੀ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਅਤੇ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦਾ ਸਮਰਥਨ ਕੀਤਾ ਅਤੇ ਬਾਅਦ ਵਿੱਚ ਚਰਨਜੀਤ ਸਿੰਘ ਚੰਨੀ ਨੇ ਜਲੰਧਰ ਲੋਕ ਸਭਾ ਚੋਣਾਂ ਵੱਡੇ ਫਰਕ ਨਾਲ ਜਿੱਤੀਆਂ।

# ਵਿਦੇਸ਼ ਭੇਜਣ ਦੇ ਨਾਮ 'ਤੇ 17 ਲੱਖ 92 ਹਜ਼ਾਰ ਰੁਪਏ ਦੀ ਠੱਗੀ ਮਾਰਨ ਵਾਲੇ ਪਤੀ-ਪਤਨੀ ਸਮੇਤ ਚਾਰ ਨਾਮਜ਼ਦ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਭਵਾਨੀਗੜ੍ਹ 7 ਜੂਨ। ਸਥਾਨਕ ਪੁਲਸ ਵੱਲੋਂ ਇਕ ਵਿਅਕਤੀ ਦੀ ਸ਼ਿਕਾਇਤ 'ਤੇ ਵਿਦੇਸ਼ ਭੇਜਣ ਦੇ ਨਾਮ 'ਤੇ 17 ਲੱਖ 92 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਕਬੂਤਰਬਾਜ਼ ਪਤੀ-ਪਤਨੀ ਸਮੇਤ ਚਾਰ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ ਪਿੰਡ ਫੱਗੂਵਾਲਾ ਨੇ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਮੁੰਡਾ ਹਰਮਨਦੀਪ ਸਿੰਘ ਵਿਦੇਸ਼ ਜਾਣ ਦਾ ਚਾਹਵਾਨ ਸੀ। ਜਿਸ ਸਬੰਧੀ ਉਨ੍ਹਾਂ ਵੱਲੋਂ ਰੁਦਰਾਖਸ ਗਰੁੱਪ ਮੋਹਾਲੀ ਦਾ ਇਕ ਇਸ਼ਤਿਹਾਰ ਦੇਖ ਕੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ। ਜਿਸ ਤੋਂ ਬਾਅਦ ਉਹ ਉਨ੍ਹਾਂ ਦੇ ਮੋਹਾਲੀ ਸਥਿਤ ਦਫ਼ਤਰ ਵਿਖੇ ਗਏ ਜਿਥੇ ਉਹ ਰੁਦਰਾਖਸ ਗਰੁੱਪ ਦੇ ਮਾਲਕ ਰਾਕੇਸ਼ ਕੁਮਾਰ ਰਿਖੀ ਪੁੱਤਰ ਦੇਸ਼ ਰਾਜ ਅਤੇ ਮੈਨੇਜਿੰਗ ਡਾਇਰੈਕਟਰ ਪ੍ਰਭਾ ਰਿਖੀ ਪਤਨੀ ਰਾਕੇਸ਼ ਕੁਮਾਰ ਤੇ ਲੀਗਲ ਐਡਵਾਇਜਰ ਮਨਰਾਜ ਸੰਧੂ ਨੂੰ ਮਿਲੇ। ਜਿਨ੍ਹਾਂ ਵੱਲੋਂ ਕਥਿਤ ਤੌਰ 'ਤੇ ਉਸ ਦੇ ਮੁੰਡੇ ਹਰਮਨਦੀਪ ਸਿੰਘ ਨੂੰ ਕੈਨੇਡਾ ਦੇਸ਼ ਵਿਚ ਵਰਕ ਪਰਮਿੰਟ ਅਤੇ ਵੀਜਾ ਲਗਵਾ ਕੇ ਦੇਣ ਦਾ ਭਰੋਸਾ ਦਿੱਤਾ ਅਤੇ ਉਸ ਤੋਂ ਇਸ ਕੰਮ ਲਈ 17 ਲੱਖ 92 ਹਜ਼ਾਰ ਰੁਪੈ ਦੀ ਮੰਗ ਕੀਤੀ। ਜਿਸ ਤੋਂ ਬਾਅਦ ਸ਼ਿਕਾਇਤ ਕਰਤਾ ਨੇ ਵੱਖ-ਵੱਖ ਮਿਤੀਆਂ ਨੂੰ ਆਪਣੇ ਬੈਂਕ ਖਾਤੇ ਦੇ ਚੈਕਾਂ ਰਾਹੀਂ ਇਨ੍ਹਾਂ ਨੂੰ ਇਸ ਰਾਸ਼ੀ ਦੀ ਅਦਾਇਗੀ ਕੀਤੀ ਗਈ ਅਤੇ ਉਕਤ ਗਰੁੱਪ



ਵੱਲੋਂ ਇਨ੍ਹਾਂ ਨਾਲ ਕੀਤੇ ਗਏ ਇਕ ਐਗਰੀਮੈਂਟ ਰਾਹੀ ਇਨ੍ਹਾਂ ਦੇ ਮੁੰਡੇ ਨੂੰ ਤਿੰਨ ਮਹੀਨਿਆਂ ਦੇ ਸਮੇਂ ਅੰਦਰ ਕੈਨੇਡਾ ਭੇਜਣ ਦਾ ਟਾਇਮ ਦਿੱਤਾ ਗਿਆ। ਤਿੰਨ ਮਹੀਨੇ ਦਾਂ ਸਮਾਂ ਬੀਤ ਜਾਣ 'ਤੇ ਜਦੋਂ ਗਰੁੱਪ ਵੱਲੋਂ ਉਨ੍ਹਾਂ ਦੇ ਲੜਕੇ ਨੂੰ ਕੈਨੇਡਾ ਨਹੀਂ ਭੇਜਿਆਂ ਗਿਆ ਤਾਂ ਇਨ੍ਹਾਂ ਵੱਲੋਂ ਫੋਨ ਕਰਨ 'ਤੇ ਅਤੇ ਇਨ੍ਹਾਂ ਨੂੰ ਦਫ਼ਤਰ ਜਾ ਕੇ ਮਿਲਣ 'ਤੇ ਇਹ ਸ਼ਿਕਾਇਤ ਕਰਤਾ ਨੂੰ ਝੂਠੀ ਤਸੱਲੀ ਦੇ ਕੇ ਲਾਅਰੇ ਲਗਾਉਂਦੇ ਰਹੇ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਕਤ ਗਰੁੱਪ ਦੇ ਮੈਂਬਰਾਂ ਵੱਲੋਂ ਨਾ ਹੀ ਉਸ ਦੇ ਲੜਕੇ ਨੂੰ ਵਿਦੇਸ਼ ਭੇਜਿਆ ਤੇ ਨਾ ਹੀ ਉਨ੍ਹਾਂ ਦੀ ਇਹ ਪੈਸੇ ਵਾਪਸ ਕੀਤੇ। ਜਿਸ ਤੋਂ ਬਾਅਦ ਜਦੋਂ ਫਿਰ ਇਹ ਗਰੁੱਪ ਦੇ ਸਾਰੇ ਵਿਅਕਤੀ ਆਪਣੇ ਦਿੱਤੇ ਪਤੇ 'ਤੇ ਵੀ ਨਹੀਂ ਮਿਲੇ ਤਾਂ ਫਿਰ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਕਤ ਗਰੁੱਪ ਦੇ ਮੈਂਬਰਾਂ ਵੱਲੋਂ ਉਸ ਦੇ ਲੜਕੇ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 17 ਲੱਖ 92 ਹਜ਼ਾਰ ਰੁਪੈ ਦੀ ਠੱਗੀ ਮਾਰੀ ਹੈ। ਪੁਲਸ ਨੇ ਸੁਖਵਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਗਰੁੱਪ ਦੇ ਮਾਲਕ ਰਾਕੇਸ਼ ਕੁਮਾਰ ਰਿਖੀ ਤੇ ਉਸ ਦੀ ਪਤਨੀ ਪ੍ਰਭਾ ਰਿਖੀ, ਮਨਰਾਜ ਸੰਧੂ ਅਤੇ ਨਤਾਸਾ ਵਿਰੁੱਧ ਕਾਨੂੰਨ ਦੀਆਂ ਵੱਖ ਵੱਖ ਧਾਰਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਕਿਥੋਂ ਤੱਕ ਡਿੱਗ ਗਿਐ ਇਨਸਾਨ! 6 ਮਹੀਨੇ ਦੀ ਕੱਟੀ ਨੂੰ ਵੀ ਨਹੀਂ ਛੱਡਿਆ

ਕੌਸ਼ਾਂਬੀ 7 ਜੂਨ। ਉੱਤਰ ਪ੍ਰਦੇਸ਼ ਦੇ ਕੌਸ਼ਾਂਬੀ ਜ਼ਿਲ੍ਹੇ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਦੋਸ਼ ਹੈ ਕਿ 25 ਸਾਲਾ ਨੌਜਵਾਨ ਨੇ 6 ਮਹੀਨੇ ਦੀ ਮੱਝ ਦੀ ਕੱਟੀ ਨਾਲ ਬਲਾਤਕਾਰ ਕੀਤਾ ਹੈ। ਬਲਾਤਕਾਰ ਦੌਰਾਨ ਨੌਜਵਾਨ ਨੇ ਕੱਟੀ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ। ਜਿਸ ਕਾਰਨ ਵੱਛੀ ਜ਼ਖਮੀ ਹੋ ਗਈ। ਸਵੇਰੇ ਪਸ਼ੂ ਮਾਲਕ ਨੂੰ ਪਸ਼ੂਆਂ ਦੇ ਕੋਲ ਇੱਕ ਪਰਸ ਪਿਆ ਮਿਲਿਆ। ਜਿਸ ਕਾਰਨ ਇਸ ਘਟਨਾ ਦਾ ਖੁਲਾਸਾ ਹੋਇਆ ਹੈ। ਪਸ਼ੂ ਪਾਲਕ ਔਰਤ ਨੇ ਇਸ ਮਾਮਲੇ ਵਿੱਚ ਸੈਣੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਨੇ ਕਿਹਾ ਹੈ ਕਿ ਪਸ਼ੂ ਡਾਕਟਰ ਤੋਂ ਡਾਕਟਰੀ ਜਾਂਚ ਕਰਵਾਉਣ ਤੋਂ ਬਾਅਦ ਇਸ ਮਾਮਲੇ ਵਿੱਚ ਕਾਰਵਾਈ ਕੀਤੀ ਜਾਵੇਗੀ। ਮਾਮਲਾ ਸੈਣੀ



ਥਾਣਾ ਖੇਤਰ ਦੇ ਕੇਸਰੀਆ ਪਿੰਡ ਦਾ ਹੈ। ਜਾਣਕਾਰੀ ਅਨੁਸਾਰ, ਕੇਸਰੀਆ ਪਿੰਡ ਦੀ ਰਹਿਣ ਵਾਲੀ ਉਰਮਿਲਾ ਦੇਵੀ ਇੱਕ ਪਸ਼ੂ ਪਾਲਕ ਹੈ। ਪਸ਼ੂ ਮਾਲਕ ਉਰਮਿਲਾ ਦੇਵੀ ਨੇ ਸੈਣੀ ਕੋਤਵਾਲੀ ਪੁਲਸ ਨੂੰ ਸ਼ਿਕਾਇਤ ਦਿੰਦੇ ਹੋਏ ਦੱਸਿਆ ਕਿ ਉਸਦੇ ਪਿੰਡ ਦੇ ਰਹਿਣ ਵਾਲੇ 25 ਸਾਲਾ ਪਾਰਸਨਾਥ ਨੇ ਐਤਵਾਰ ਸਵੇਰੇ ਆਪਣੀ 6 ਮਹੀਨੇ ਦੀ ਕੱਟੀ ਨਾਲ ਬਲਾਤਕਾਰ ਕੀਤਾ। ਬਲਾਤਕਾਰ ਦੌਰਾਨ ਨੌਜਵਾਨ ਨੇ ਬੇਜ਼ੁਬਾਨ ਜਾਨਵਰ ਨੂੰ ਕੁੱਟਿਆ ਹੈ। ਜਿਸ ਕਾਰਨ ਉਹ ਜ਼ਖਮੀ ਹੋ ਗਿਆ ਹੈ। ਹੁਣ ਇਹ ਘਟਨਾ ਨਾ ਸਿਰਫ਼ ਹੈਰਾਨ ਕਰਨ ਵਾਲੀ ਹੈ, ਸਗੋਂ ਸਾਨੂੰ ਸੋਚਣ ਲਈ ਵੀ ਮਜਬੂਰ ਕਰਦੀ ਹੈ ਕਿ ਮਨੁੱਖ ਕਿੰਨਾ ਹੇਠਾਂ ਡਿੱਗ ਸਕਦਾ ਹੈ। ਜਾਨਵਰਾਂ ਨਾਲ ਅਜਿਹੀ ਬੇਰਹਿਮੀ ਨੂੰ ਕਿਸੇ ਵੀ ਸੱਭਿਅਕ ਸਮਾਜ ਵਿੱਚ ਸਹੀ ਨਹੀਂ ਮੰਨਿਆ ਜਾ ਸਕਦਾ। ਪਰ ਕੌਸ਼ਾਂਬੀ ਵਿੱਚ ਅਜਿਹਾ ਹੋਇਆ ਹੈ ਅਤੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਦੋਸ਼ੀ ਪਾਰਸਨਾਥ ਘਰੋਂ ਫਰਾਰ ਹੋ ਗਿਆ ਹੈ। ਸੀਓ ਸ਼ਿਵਗ ਸਿੰਘ ਨੇ ਕਿਹਾ ਕਿ ਉਰਮਿਲਾ ਦੇਵੀ ਨਾਮ ਦੀ ਇੱਕ ਔਰਤ ਨੇ ਸੈਣੀ ਕੋਤਵਾਲੀ ਵਿੱਚ ਸ਼ਿਕਾਇਤ ਦਿੱਤੀ ਹੈ। ਇੰਸਪੈਕਟਰ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਜਾਂਚ ਵਿੱਚ ਦੋਸ਼ ਸੱਚ ਪਾਏ ਜਾਂਦੇ ਹਨ, ਤਾਂ ਦੋਸ਼ੀ ਵਿਰੁੱਧ ਜਾਨਵਰਾਂ ਪ੍ਰਤੀ ਬੇਰਹਿਮੀ ਰੋਕਥਾਮ ਐਕਟ 1960 ਦੇ ਤਹਿਤ ਰਿਪੋਰਟ ਦਰਜ ਕੀਤੀ ਜਾਵੇਗੀ ਅਤੇ ਉਸਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ।

## ਵਾਘੜੀ ਨਦੀ 'ਚ ਕਾਰ ਡਿੱਗਣ ਕਾਰਨ ਤਿੰਨ ਲੋਕਾਂ ਦੀ ਮੌਤ, ਮਚ ਗਿਆ ਚੀਕ-ਚਿਹਾੜਾ

ਮੁੰਬਈ 7 ਜੂਨ। ਅਧਿਕਾਰੀਆਂ ਨੇ ਸੋਮਵਾਰ ਨੂੰ ਪੁਸ਼ਟੀ ਕੀਤੀ ਕਿ ਐਤਵਾਰ ਦੇਰ ਰਾਤ ਅਕੋਲਾ ਜ਼ਿਲ੍ਹੇ ਵਿੱਚ ਬਰੇਗਾਂਵ-ਬਾਲਾਪੁਰ ਸੜਕ 'ਤੇ ਇੱਕ ਪੁਲ ਤੋਂ ਵਾਘੜੀ ਨਦੀ 'ਚ ਇੱਕ ਕਾਰ ਡਿੱਗਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਤੇ ਇੱਕ ਹੋਰ ਗੰਭੀਰ ਜ਼ਖਮੀ ਹੋ ਗਿਆ। ਪੁਲਸ ਰਿਪੋਰਟਾਂ ਦੇ ਅਨੁਸਾਰ ਵਾਹਨ ਬਾਲਾਪੁਰ ਦੇ ਵਸਨੀਕਾਂ ਨੂੰ ਲੈ ਕੇ ਜਾ ਰਿਹਾ ਸੀ ਜੋ




ਬਡੇਗਾਂਵ ਤੋਂ ਘਰ ਵਾਪਸ ਆ ਰਹੇ ਸਨ, ਜਦੋਂ ਅਚਾਨਕ ਟਾਇਰ ਪੰਕਚਰ ਹੋਣ ਕਾਰਨ ਡਰਾਈਵਰ ਵਾਹਨ ਤੋਂ ਕੰਟਰੋਲ ਗੁਆ ਬੈਠਾ। ਕਾਰ ਪੁਲ ਦੀ ਰੇਲਿੰਗ ਤੋੜ ਕੇ ਹੇਠਾਂ ਨਦੀ ਵਿੱਚ ਡਿੱਗ ਗਈ। ਐਮਰਜੈਂਸੀ ਸੇਵਾਵਾਂ ਦੇ ਕਰਮਚਾਰੀ ਤੁਰੰਤ ਮੌਕੇ ਉੱਤੇ ਪਹੁੰਚੇ ਕਾਰ ਅਤੇ ਉਸ ਵਿੱਚ ਸਵਾਰ ਲੋਕਾਂ ਨੂੰ ਬਾਹਰ ਕੱਢਿਆ। ਮ੍ਰਿਤਕਾਂ ਦੀ ਪਛਾਣ ਕਨ੍ਹਈਆ ਸਿੰਘ ਠਾਕੁਰ (54), ਵਿਸ਼ਾਲ ਭਾਨੂਦਾਸ ਸੋਲੰਕਰ (45) ਅਤੇ ਸੁਨੀਲ ਸ਼ਰਮਾ (45) ਵਜੋਂ ਹੋਈ ਹੈ। ਆਸ਼ੀਸ਼ ਕਨ੍ਹਈਆ ਸਿੰਘ ਠਾਕੁਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਹ ਇਸ ਸਮੇਂ ਅਕੋਲਾ ਸਰਕਾਰੀ ਹਸਪਤਾਲ 'ਚ ਇਲਾਜ ਅਧੀਨ ਹਨ। ਸਥਾਨਕ ਅਧਿਕਾਰੀ ਘਟਨਾ ਦੀ ਜਾਂਚ ਕਰ ਰਹੇ ਹਨ ਅਤੇ ਵਾਹਨ ਚਾਲਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ

# ਮੁੱਖ ਮੰਤਰੀ ਦਾ ਕਾਂਗਰਸ 'ਤੇ ਨਿਸ਼ਾਨਾ, ਕਾਂਗਰਸ ਨੇ ਦਿੱਤੀ ਪਰਿਵਾਰ ਨੂੰ ਪ੍ਰਾਥਮਿਕਤਾ, ਜਨਤਾ ਨੂੰ ਕੀਤਾ ਨਜ਼ਰਅੰਦਾਜ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ, 7 ਜੂਨ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਦੇਸ਼ ਦੀ ਅਸਲੀ ਤਾਕਤ ਸਾਡੇ ਗਰੀਬ, ਮਜਦੂਰ ਅਤੇ ਵਾਂਝੇ ਵਰਗ ਦੇ ਲੋਕ ਹਨ। ਇੱਥੇ ਲੋਕ ਆਪਣੇ ਪਸੀਨੇ ਅਤੇ ਮਿਹਨਤ ਨਾਲ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਬਨਾਉਣ ਦੀ ਦਿਸ਼ਾ ਵਿੱਚ ਸੱਭ ਤੋਂ ਵੱਡਾ ਯੋਗਦਾਨ ਦੇ ਰਹੇ ਹਨ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਬੀਤੇ 11 ਸਾਲਾਂ ਵਿੱਚ ਇੰਨ੍ਹਾਂ ਮਿਹਨਤਕਸ਼ ਵਰਗਾਂ ਨੂੰ ਜੋ ਸਨਮਾਨ ਅਤੇ ਅਧਿਕਾਰ ਦਿੱਤੇ ਹਨ, ਉਹ ਕਾਂਗਰਸ ਕਦੀ ਨਹੀਂ ਦੇ ਪਾਈ। ਕਾਂਗਰਸ ਨੇ ਹਮੇਸ਼ਾ ਆਪਣੇ ਪਰਿਵਾਰ ਦੇ ਹਿੱਤਾ ਨੂੰ ਪ੍ਰਾਥਮਿਕਤਾ ਦਿੱਤੀ ਅਤੇ ਆਮ ਜਨਤਾ, ਸਮਾਜ ਅਤੇ ਦੇਸ਼ ਦੀ ਚਿੰਤਾ ਨਹੀਂ ਕੀਤੀ ਕਾਂਗਰਸ ਨੇ ਦਿਹਾਕਿਆਂ ਤੱਕ ਸੱਤਾ ਵਿੱਚ ਰਹਿੰਦੇ ਹੋਏ ਆਮ ਜਨਤਾ ਦੀ ਉਮੀਦਾਂ ਦੀ ਅਣਦੇਖੀ ਕੀਤੀ ਅਤੇ ਹੁਣ ਜਨਤਾ ਨੇ ਉਨ੍ਹਾਂ ਨੂੰ ਜੀਰੋ 'ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਮੁੱਖ ਮੰਤਰੀ ਅੱਜ ਇੱਥੇ ਸੰਤ ਕਬੀਰ ਕੁਟੀਰ 'ਤੇ ਪੂਰੇ ਸੂਬੇ ਤੋਂ ਆਏ ਡੀਐਸਸੀ ਸਮਾਜ ਦੇ ਵਫਦ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਡੀਐਸਸੀ ਸਮਾਜ ਦੇ ਲੋਕਾਂ ਨੇ ਮੁੱਖ ਮੰਤਰੀ ਨੂੰ ਪੱਗ ਪਹਿਨਾ ਕੇ ਉਨ੍ਹਾਂ ਦਾ ਸਨਮਾਨ ਅਤੇ ਡੀਐਸਸੀ ਸਮਾਜ ਦੇ ਰਾਖਵਾਂ ਵਿੱਚ ਵਰਗੀਕਰਣ ਨੂੰ ਲਾਗੂ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸਮਾਜ ਦੇ ਲੋਕਾਂ ਨੇ ਮੁੱਖ ਮੰਤਰੀ ਨੂੰ 11 ਜੂਨ ਨੂੰ ਸਿਰਸਾ ਵਿੱਚ ਮਨਾਈ ਜਾਣ ਵਾਲੀ ਸੰਤ ਕਬੀਰ ਜੈਯੰਤੀ ਲਈ ਸੱਦਾ ਵੀ ਦਿੱਤਾ। ਮੁੱਖ ਮੰਤਰੀ ਨੇ ਸਮਾਜ ਦੇ ਲੋਕਾਂ ਨੂੰ ਯੋਧਾ ਦੱਸਦੇ ਹੋਏ ਕਿਹਾ ਕਿ ਸਮਾਜ ਨੇ ਜੋ ਇਹ ਸਨਮਾਨ ਦੀ ਪੱਗ ਮੇਰੇ



ਸਿਰ 'ਤੇ ਰੱਖੀ ਹੈ, ਇਹ ਸਨਮਾਨ ਸਮਾਜ ਦਾ ਹੈ ਅਤੇ ਮੈਂ ਇਸ ਸਨਮਾਨ ਨੂੰ ਕਦੀ ਘੱਟ ਨਹੀਂ ਹੋਣ ਦਵਾਂਗਾ। ਉਨ੍ਹਾਂ ਨੇ ਕਿਹਾ ਕਿ ਅੱਜ ਡੀਐਸਸੀ ਨੂੰ ਉਸ ਦਾ ਅਧਿਕਾਰ ਅਤੇ ਸਨਮਾਨ ਮਿਲ ਰਿਹਾ ਹੈ। ਹਾਲ ਹੀ ਵਿੱਚ ਜੋ ਲਗਭਗ 3,500 ਭਰਤੀਆਂ ਦਾ ਐਲਾਨ ਹੋਇਆ ਹੈ, ਉਸ ਵਿੱਚ 605 ਅਹੁਦੇ ਡੀਐਸਸੀ ਸਮਾਜ ਲਈ ਅਤੇ 664 ਅਹੁਦੇ ਹੋਰ ਅਨੁਸੂਚਿਤ ?ਾਤੀਆਂ ਲਈ ਹਨ। ਇਹ ਸਮਾਜਿਕ ਨਿਆਂ ਦੀ ਦਿਸ਼ਾ ਵਿੱਚ ਇੱਕ ਮਜਬੂਤ ਕਦਮ ਹੈ। ਉਨ੍ਹਾਂ ਨੇ ਕਿਹਾ ਕਿ ਡੀਐਸਸੀ ਸਮਾਜ ਨੇ ਕਾਫੀ ਸੰਘਰਸ਼ ਕੀਤਾ ਅਤੇ ਅੱਜ ਉਸ ਸੰਘਰਸ਼ ਦੇ ਸੁਖਦ ਨਤੀਜੇ ਸਾਹਮਣੇ ਆਏ ਹਨ। ਇਸ ਨਾਲ ਸਾਡੀ ਆਉਣ ਵਾਲੀ ਪੀੜੀਆਂ ਮਜਬੂਤ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਦੌਰਾਨ ਕਾਂਗਰਸ ਨੇ ਲੋਕਾਂ ਨੂੰ ਗੁਮਰਾਹ ਕੀਤਾ ਕਿ ਜੇਕਰ ਸ੍ਰੀ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਬਣ ਗਏ ਤਾਂ ਸੰਵਿਧਾਨ ਖਤਮ ਹੋ ਜਾਵੇਗਾ। ਜਦੋਂ ਕਿ ਸੰਚਾਈ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੰਵਿਧਾਨ ਹੋਰ ਵੱਧ ਮਜਬੂਤ ਹੋਇਆ ਹੈ। ਅੱਜ ਕੋਈ ਵੀ ਇਸ ਸੰਵਿਧਾਨ ਦੇ ਵੱਲ ਉਂਗਲੀ ਚੁੱਕਣ ਦੀ ਹਿੰਮਤ ਨਹੀਂ ਕਰ ਸਕਦਾ। ਅਸਲ ਵਿੱਚ, ਜੋ ਖਤਮ ਹੋ ਰਹੀ ਹੈ ਉਹ ਕਾਂਗਰਸ ਪਾਰਟੀ ਹੈ, ਕਿਉਂਕਿ ਕਾਂਗਰਸ ਦੀ ਨੀਤੀਆਂ ਅਸਫਲ ਰਹੀਆਂ ਹਨ। ਜਿਨ੍ਹਾਂ ਗਰੀਬਾਂ ਦੇ ਨਾਮ 'ਤੇ ਉਸ ਨੇ ਸਿਆਸਤ ਕੀਤੀ, ਉਨ੍ਹਾਂ ਨੂੰ ਹੋਰ ਵੱਧ ਗਰੀਬ ਕਰ ਦਿੱਤਾ। ਕਾਂਗਰਸ ਦੇ ਸਮੇਂ ਅਮੀਰੀ ਅਤੇ ਗਰੀਬੀ ਦੀ ਖਾਈ ਵਧੀ, ਪਰ ਬੀਤੇ 11 ਸਾਲਾਂ ਵਿੱਚ ਸ੍ਰੀ ਨਰੇਂਦਰ ਮੋਦੀ ਨੇ ਇਸ ਖਾਈ ਨੂੰ ਪਾਟਨ ਦਾ ਕੰਮ ਕੀਤਾ ਹੈ। ਗਰੀਬ ਦੇ ਜੀਵਨ ਨੂੰ ਸਨਮਾਨ ਦੇਣ ਦਾ ਕੰਮ ਲਗਾਤਾਰ ਕੀਤਾ ਜਾ ਰਿਹਾ ਹੈ, ਇਹੀ ਸੰਵਿਧਾਨ ਦੀ ਸੱਚੀ ਰੱਖਿਆ ਹੈ। ਪ੍ਰਧਾਨ ਮੰਤਰੀ ਦੀ ਦੂਰਦਰਸ਼ੀ ਅਗਵਾਈ ਹੇਠ ਭਾਰਤ ਨੇ ਵਿਸ਼ਵ ਮੰਚ 'ਤੇ ਆਤਮਨਿਰਭਰ ਅਤੇ ਮਜਬੂਦ ਦੇਸ਼ ਵਜੋ ਇੱਕ ਨਵੀਂ ਪਹਿਚਾਣ ਬਣਾਈ ਹੈ। ਅੱਜ ਭਾਂਰਤ ਤੇਜੀ ਨਾਲ ਬਦਲ ਰਿਹਾ ਹੈ ਅਤੇ ਦੇਸ਼ ਦੇ 140 ਕਰੋੜ ਨਾਗਰਿਕ ਇਸ ਬਦਲਾਅ ਨੂੰ ਆਪਣੀ ਅੱਖਾਂ ਨਾਲ ਦੇਖ ਰਹੇ ਹਨ ਅਤੇ ਮਹਿਸੂਸ ਕਰ ਰਹੇ ਹਨ। ਇੱਥੇ ਹੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਉਭਰਤਾ ਹੋਇਆ ਵਿਕਸਿਤ ਭਾਰਤ ਹੈ।

## ਹਰਿਆਣਾ ਦੇ ਸਰਕਾਰੀ ਹਸਪਤਾਲਾਂ ਵਿੱਚ ਹੁਣ ਮਾਹਰ ਡਾਕਟਰ ਆਨ-ਕਾਲ ਰਹਿਣਗੇ ਉਪਲਬਧ: ਆਰਤੀ ਸਿੰਘ ਰਾਓ

ਚੰਡੀਗੜ੍ਹ, 7 ਜੂਨ: ਹਰਿਆਣਾ ਸਰਕਾਰ ਨੇ ਸੂਬੇ ਦੀ ਸਿਹਤ ਸੇਵਾਵਾਂ ਨੂੰ ਹੋਰ ਵੱਧ ਮਜਬੂਤ ਅਤੇ ਸਰਲ ਬਨਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਕ੍ਰਾਂਤੀਕਾਰੀ ਕਦਮ ਚੁੱਕਿਆ ਹੈ। ਹੁਣ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਆਨ-ਕਾਲ ਪ੍ਰਣਾਲੀ ਤਹਿਤ ਮਾਹਰ ਡਾਕਟਰ ਉਪਲਬਧ ਰਹਿਣਗੇ, ਤਾਂ ਜੋ ਗੰਭੀਰ ਰੋਗੀਆਂ ਨੂੰ ਸਮੇਂ 'ਤੇ ਇਲਾਜ ਮਿਲ ਸਕੇ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਲਈ ਪੀਪੀਪੀ (ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ) ਮਾਡਲ ਤਹਿਤ ਨੋ-ਨੋਡ ਫਾਰਮੂਲਾ ਲਾਗੂ ਕੀਤਾ ਜਾ ਰਿਹਾ ਹੈ। ਇਸ ਪਹਿਲ ਨਾਲ ਗ੍ਰਾਮੀਣ ਅਤੇ ਦੂਰਦਰਾਜ ਦੇ ਖੇਤਰਾਂ ਵਿੱਚ ਵੀ ਮਾਹਰ ਮੈਡੀਕਲ ਸੇਵਾਵਾਂ ਉਪਲਬਧ ਹੋ ਸਕਣਗੀਆਂ। ਮਾਹਰ ਡਾਕਟਰ ਹਸਪਤਾਲਾਂ ਵਿੱਚ ਆਨ-ਕਾਲ ਮਰਜਾਂ ਨੂੰ ਦੇਖਣਗੇ ਏਨੇਸਥੀਸਿਆ, ਸਰਜਰੀ ਅਤੇ ਰੇਡਿਓਲੋਜੀ, ਇਸਤਰੀ ਰੋਗ ਅਤੇ ਬਾਲ ਰੋਗ ਵਰਗੀ ਸੇਵਾਵਾਂ ਲਈ ਮਾਹਰ ਡਾਕਟਰ ਉਪਲਬਧ ਰਹਿਣਗੇ। ਉਨ੍ਹਾਂ ਨੇ ਦਸਿਆ ਕਿ ਇਹ ਸੇਵਾ ਸ਼ੁਰੂਆਤੀ ਪੜਾਅ ਵਿੱਚ ਪੰਜ ਜਿਲ੍ਹਿਆਂ ਹਿਸਾਰ, ਜੀਂਦ, ਮੇਵਾਤ, ਸੋਨੀਪਤ ਅਤੇ ਕੈਥਲ ਵਿੱਚ ਉਪਲਬਧ ਕਰਾਈ ਜਾ ਰਹੀ ਹੈ। ਸਿਹਤ ਮੰਤਰੀ ਨੇ ਦਸਿਆ ਕਿ ਇਹ ਇੱਕ ਪਾਇਲਟ ਪ੍ਰੋਜੈਕਟ ਹੈ, ਜਿਸ ਨੂੰ ਬਾਅਦ ਵਿੱਚ ਪੂਰੇ ਸੂਬੇ ਵਿੱਚ ਲਾਗੂ ਕੀਤਾ ਜਾਵੇਗਾ। ਇਸ ਯੋ?ਨਾ ਨਾਲ ਨਾ ਸਿਰਫ ਮਰੀਜਾਂ ਨੂੰ ਉੱਚ ਗੁਣਵੱਤਾ ਵਾਲੀ ਮੈਡੀਕਲ ਸਹੂਲਤਾਂ ਮਿਲਣਗੀਆਂ, ਸਗੋ ਜਿਲ੍ਹਾ ਪੱਧਰ 'ਤੇ ਰੇਫਰਲ ਸਿਸਟਮ ਦੀ ਜਰੂਰਤ ਵੀ ਘੱਟ ਹੋਵੇਗੀ। ਸੂਬਾ ਸਰਕਾਰ ਦਾ ਉਦੇਸ਼ ਹਰ ਨਾਗਰਿਕ ਨੂੰ ਸਮੇਂ 'ਤੇ, ਗੁਣਵੱਤਾਪੂਰਣ ਅਤੇ ਸਰਲ ਸਿਹਤ ਸੇਵਾਵਾਂ ਉਪਲਬਧ ਕਰਾਉਣਾ ਹੈ। ਇਹ ਨਵੀਂ ਪਹਿਲ ਉਸ ਦਿਸ਼ਾ ਵਿੱਚ ਇੱਕ ਮਜਬੂਤ ਅਤੇ ਸਕਾਰਾਤਮਕ ਯਤਨ ਹੈ। ਸਿਹਤ ਮੰਤਰੀ ਨੇ ਕਿਹਾ ਕਿ ਇਹ ਪਹਿਲ ਤਕਨਾਲੋਜੀ, ਵਿਕੇਂਦਰੀਕਰਣ ਅਤੇ ਇਨੋਵੇਸ਼ਨ ਰਾਹੀਂ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਦੇ ਸਰਕਾਰ ਦੇ ਵਿਆਪਕ ਯਤਨ ਦਾ ਹਿੱਸਾ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਸਰਲ, ਸਸਤੀ ਅਤੇ ਗੁਣਵੱਤਾਪੂਰਣ ਸਿਹਤ ਸੇਵਾ ਪ੍ਰਦਾਨ ਕਰਨ ਲਈ ਪ੍ਰਤੀਬੱਧ ਹੈ। ਇਹ ਸਿਰਫ ਇੱਕ ਨੀਤੀਗਤ ਬਦਲਾਅ ਹੀ ਨਹੀ ਸਗੋ ਇਹ ਲੋਕਾਂ 'ਤੇ ਕੇਂਦ੍ਰਿਤ ਸੁਧਾਰ ਹੈ, ਜਿਸ ਦਾ ਉਦੇਸ਼ ਜੀਵਨ ਬਚਾਉਣਾ ਅਤੇ ਸਿਹਤ ਨਤੀਜਿਆਂ ਵਿੱਚ ਸੁਧਾਰ ਕਰਨਾ ਹੈ।

## ਗਲਤ ਪਤੇ ਨੂੰ ਲੈ ਕੇ ਲੋਹਾ-ਲਾਖਾ ਹੋਇਆ ਡਿਲਵਰੀ ਬੁਆਏ!

ਵੈੱਬ ਡੈਸਕ 7 ਜੂਨ। ਅੱਜਕੱਲ੍ਹ, ਵੱਡੇ ਸ਼ਹਿਰਾਂ ਵਿੱਚ, ਲੋਕ ਜ਼ਿਆਦਾਤਰ ਘਰੇਲੂ ਸਮਾਨ ਆਨਲਾਈਨ ਆਰਡਰ ਕਰਦੇ ਹਨ। ਤੁਸੀਂ ਕਿਸੇ ਵੀ ਐਪ ਰਾਹੀਂ ਸਾਮਾਨ ਬੁੱਕ ਕਰਦੇ ਹੋ ਅਤੇ ਸਾਮਾਨ ਕੁਝ ਮਿੰਟਾਂ ਵਿੱਚ ਘਰ ਪਹੁੰਚ ਜਾਂਦਾ ਹੈ। ਕਈ ਵਾਰ ਸਾਮਾਨ ਦੀ ਡਿਲੀਵਰੀ ਦੌਰਾਨ ਕਿਸੇ ਗੱਲ ਨੂੰ ਲੈ ਕੇ ਛੋਟੀ ਜਿਹੀ ਬਹਿਸ ਹੋ ਜਾਂਦੀ ਹੈ, ਪਰ ਕਈ ਵਾਰ ਇਹ ਬਹਿਸ ਇੰਨੀ ਵੱਧ ਜਾਂਦੀ ਹੈ ਕਿ ਲੋਕ ਲੜਨ ਲੱਗ ਪੈਂਦੇ ਹਨ। ਹਾਲ ਹੀ 'ਚ ਇੱਕ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ। ਬੰਗਲੂਰੂ 'ਚ ਇੱਕ ਡਿਲੀਵਰੀ ਬੁਆਏ ਅਤੇ ਸਾਮਾਨ ਆਰਡਰ ਕਰਨ ਵਾਲੇ ਵਿਅਕਤੀ ਵਿਚਕਾਰ ਝਗੜਾ ਹੋ ਗਿਆ ਅਤੇ ਇਹ ਇੱਕ ਹੱਦ ਤੱਕ ਪਹੁੰਚ ਗਿਆ ਜਿੱਥੇ ਇੱਕ ਵਿਅਕਤੀ ਦੀ ਖੋਪੜੀ 'ਚ ਫ?ਰੈਕਚਰ ਗਈ। ਬੈਂਗਲੂਰੂ ਦੇ ਇੱਕ 30 ਸਾਲਾ ਵਿਅਕਤੀ ਨੇ ਦੋਸ਼ ਲਗਾਇਆ ਹੈ ਕਿ ਉਸਦੇ ਘਰ ਦੇ ਬਾਹਰ ਇੱਕ ਕਰਿਆਨਾ ਡਿਲੀਵਰੀ ਏਜੰਟ ਨੇ ਉਸਦਾ ਸਰੀਰਕ ਸ਼ੋਸ਼ਣ ਕੀਤਾ। ਇਹ ਘਟਨਾ 21 ਮਈ ਨੂੰ ਜ਼ੈਪਟੋ ਐਪ ਰਾਹੀਂ ਦਿੱਤੇ ਗਏ ਇੱਕ ਆਰਡਰ ਨੂੰ ਲੈ ਕੇ ਹੋਏ ਵਿਵਾਦ ਦੌਰਾਨ ਵਾਪਰੀ। ਸ਼ਿਕਾਇਤ ਦਰਜ ਕਰਵਾਉਣ ਵਾਲੇ ਸ਼ਸ਼ਾਂਕ ਨੇ ਕਿਹਾ ਕਿ ਵਿਸ਼ਨੂੰਵਰਧਨ ਨਾਮ ਦਾ ਇੱਕ ਡਿਲੀਵਰੀ ਬੁਆਏ ਦੁਪਹਿਰ 1.50 ਵਜੇ ਦੇ ਕਰੀਬ ਉਨ੍ਹਾਂ ਦੇ ਘਰ ਕਰਿਆਨੇ ਦਾ ਸਮਾਨ ਡਿਲੀਵਰ ਕਰਨ ਆਇਆ। ਦੱਸਿਆ ਜਾ ਰਿਹਾ ਹੈ ਕਿ ਡਿਲੀਵਰੀ ਏਜੰਟ ਅਤੇ ਸ਼ਸ਼ਾਂਕ ਦੀ ਭਾਬੀ, ਜੋ ਗੇਟ 'ਤੇ ਆਰਡਰ ਲੈਣ ਗਈ ਸੀ, ਵਿਚਕਾਰ ਝਗੜਾ ਹੋਇਆ। ਵਿਵਾਦ ਡਿਲੀਵਰੀ ਪਤੇ ਵਿੱਚ ਗਲਤੀ ਬਾਰੇ ਸੀ। ਸ਼ਸ਼ਾਂਕ ਦਾ ਦਾਅਵਾ ਹੈ ਕਿ ਝਗੜਾ ਵਧਣ ਤੋਂ ਬਾਅਦ ਉਸਨੇ ਦਖਲ ਦਿੱਤਾ। ਉਸਨੇ ਦਾਅਵਾ ਕੀਤਾ ਕਿ ਡਿਲੀਵਰੀ ਏਜੰਟ ਨੇ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਫਿਰ ਉਸ 'ਤੇ ਹਮਲਾ ਕੀਤਾ, ਭੱਜਣ ਤੋਂ ਪਹਿਲਾਂ ਉਸਦੇ ਚਿਹਰੇ ਅਤੇ ਸਿਰ 'ਤੇ ਵਾਰ-ਵਾਰ ਮੁੱਕੇ ਮਾਰੇ। ਸ਼ਸ਼ਾਂਕ ਨੇ ਬਾਅਦ ਵਿੱਚ ਡਾਕਟਰੀ ਸਹਾਇਤਾ ਮੰਗੀ ਅਤੇ ਉਸਨੂੰ ਦੱਸਿਆ ਗਿਆ ਕਿ ਉਸਦੀ ਖੋਪੜੀ ਵਿੱਚ ਫ?ਰੈਕਚਰ ਹੈ। ਉਨ੍ਹਾਂ ਕਿਹਾ ਕਿ ਜੇਕਰ ਸੱਟ ਇੱਕ ਹਫ਼ਤੇ ਦੇ ਅੰਦਰ ਠੀਕ ਨਹੀਂ ਹੁੰਦੀ ਹੈ ਤਾਂ ਡਾਕਟਰ ਸਰਜਰੀ ਬਾਰੇ ਵਿਚਾਰ ਕਰ ਸਕਦਾ ਹੈ। ਸ਼ਸ਼ਾਂਕ ਨੇ ਸੀਸੀਟੀਵੀ ਫੁਟੇਜ ਦੇ ਨਾਲ ਘਟਨਾ ਦੀ ਵੀਡੀਓ ਇੰਸਟਾਗ੍ਰਾਮ 'ਤੇ ਵੀ ਸਾਂਝੀ ਕੀਤੀ ਹੈ ਅਤੇ ਡਿਲੀਵਰੀ ਪਲੇਟਫਾਰਮ ਨੂੰ ਘਟਨਾ ਦੀ ਜ਼ਿੰਮੇਵਾਰੀ ਲੈਣ ਦੀ ਮੰਗ ਵੀ ਕੀਤੀ ਹੈ। ਜਵਾਬ ਵਿੱਚ, ਜੇਪਟੋ ਨੇ ਕਿਹਾ, 'ਅਸੀਂ ਕਿਸੇ ਵੀ ਅਸੁਵਿਧਾ ਲਈ ਮੁਆਫ਼ੀ ਚਾਹੁੰਦੇ ਹਾਂ।' ਪੇਸ਼ੇਵਰ ਵਿਵਹਾਰ ਸਾਡੇ ਲਈ ਮਹੱਤਵਪੂਰਨ ਹੈ

## ਭ੍ਰਿਸ਼ਟਾਚਾਰ ਲਈ ਆਪਣਾ ਹੋਵੇ ਜਾਂ ਬੇਗਾਨਾ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ : ਮੋਹਿੰਦਰ ਭਗਤ

ਸੁਲਤਾਨਪੁਰ ਲੋਧੀ 7 ਜੂਨ। ਪੰਜਾਬ ਨੂੰ ਦੋਬਾਰਾ ਰੰਗਲਾ ਪੰਜਾਬ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮਹਿਮ ਨੂੰ ਵੱਡੇ ਪੱਧਰ 'ਤੇ ਵਿਨ੍ਹ ਕੇ ਜੋ ਕਾਮਯਾਬੀ ਹਾਸਲ ਕੀਤੀ ਹੈ, ਉਸ ਦੇ ਤਹਿਤ ਹੁਣ ਪੰਜਾਬ ਸਰਕਾਰ ਵੱਲੋਂ ਹਰ ਪਿੰਡ 'ਚ ਨਸ਼ਾ ਮੁਕਤੀ ਯਾਤਰਾ ਦਾ ਆਰੰਭ ਕਰਕੇ ਜੋ ਸੰਕਲਪ ਕੀਤਾ ਹੈ, ਉਸ ਦੀ ਪੂਰੇ ਪੰਜਾਬ ਵਿਚ ਸ਼ਲਾਘਾ ਹੋ ਰਹੀ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਬੀਤੇ ਦਿਨ ਪਾਵਨ ਨਗਰੀ ਸੁਲਤਾਨਪੁਰ ਲੋਧੀ ਵਿਖੇ ਇਕ ਧਾਰਮਿਕ ਸਮਾਗਮ 'ਚ ਸ਼ਿਰਕਤ ਕਰਨ ਤੋਂ ਪਹਿਲਾਂ ਰੈਸਟ ਹਾਊਸ 'ਚ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ 'ਚ ਨਸ਼ਿਆਂ ਦੇ ਦੌਰ ਦੀ ਸਮਾਪਤੀ ਹੋ ਗਈ ਹੈ ਕਿਉਂਕਿ ਹੁਣ ਪਿੰਡਾਂ ਦੇ ਲੋਕ ਵੀ ਮੁੱਖ ਮੰਤਰੀ ਮਾਨ ਸਾਹਿਬ ਦੀ ਇਸ ਮੁਹਿੰਮ ਦਾ ਹਿੱਸਾ ਬਣ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਚਾਹੁੰਦੇ ਹਨ। ਇਸ ਮੁਹਿੰਮ ਨੂੰ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਮਾਨ ਸਰਕਾਰ ਪੰਜਾਬ ਨੂੰ ਹਰ ਹਾਲਤ ਵਿਚ ਨਸ਼ਾ ਮੁਕਤ ਬਣਾ ਕੇ ਰਹੇਗੀ। ਜਲੰਧਰ ਵਿਚ 'ਆਪ' ਦੇ ਵਿਧਾਇਕ ਰਮਨ ਅਰੋੜਾ 'ਤੇ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਕੀਤੀ ਕਾਰਵਾਈ ਨੂੰ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਬਿਲਕੁਲ ਸਹੀ ਅਤੇ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਏਜੰਡਾ ਕਿ ਪੰਜਾਬ ਨੂੰ ਦੋਬਾਰਾ ਤਰੱਕੀ ਦੀ ਰਾਹ 'ਤੇ ਲੈ ਕੇ ਜਾਣ ਲਈ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਵੀ ਇਹ ਸਪੱਸ਼ਟ ਸੰਕੇਤ ਦਿੱਤਾ ਹੋਇਆ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਆਪਣਾ ਹੋਵੇ ਜਾਂ ਬੇਗਾਨਾ ਉਸ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ, ਜਿਸ ਦੇ ਤਹਿਤ ਹੀ ਵਿਧਾਇਕ ਰਮਨ ਅਰੋੜਾ ਅਤੇ ਵਿਜੀਲੈਂਸ ਵੱਲੋਂ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਆਪਣੇ ਪੰਜਾਬ ਦਾ ਵਿਕਾਸ 'ਤੇ ਹਲਕੇ ਦਾ ਵਿਕਾਸ ਚਾਹੁੰਦੇ ਹਾਂ ਤਾਂ ਸਾਨੂੰ ਜਿਸ ਪਾਰਟੀ ਦੀ ਸਰਕਾਰ ਹੋਵੇ ਉਸ ਦੇ ਉਮੀਦਵਾਰ ਨੂੰ ਜੇਤੂ ਬਣਾਉਣਾ ਹੋਵੇਗਾ ਤਾਂ ਕਿ ਵਿਕਾਸ ਦੀ ਰਫ਼ਤਾਰ ਘਟ ਨਾ ਸਕੇ। ਪਾਰਟੀ ਉਮੀਦਵਾਰ ਸੰਜੀਵ ਅਰੋੜਾ ਨੂੰ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਅਤੇ ਪਾਰਟੀ ਇਹ ਚੋਣ ਜਿੱਤ ਕੇ ਨਵਾਂ ਇਤਿਹਾਸ ਰਚੇਗੀ। ਇਸ ਮੌਕੇ ਰੋਕਸੀ ਕਨੌਂਜੀਆ, ਸ਼ਿਵ ਕੁਮਾਰ ਕਨੌਂਜੀਆ, ਕੌਂਸਲਰ ਪਵਨ ਕਨੌਂਜੀਆ, ਆਰ. ਕੇ. ਕਨੌਂਜੀਆ, ਸੋਨੂ ਕਨੌਂਜੀਆ, ਦੀਪਕ ਕਨੌਂਜੀਆ, ਰਾਜੂ ਕਨੌਂਜੀਆ, ਰਕੇਸ਼ ਕਨੌਂਜੀਆ, ਅਨਿਲ ਕਨੌਂਜੀਆ ਆਦਿ ਹਾਜ਼ਰ ਸਨ।

## ਕਾਰੋਬਾਰੀ 'ਤੇ ਗੋਲੀ ਚਲਾ ਕੇ ਦਿੱਤਾ ਸੀ ਲੁੱਟ ਦੀ ਵਾਰਦਾਤ ਨੂੰ ਅੰਜਾਮ

ਮੋਗਾ 7 ਜੂਨ। ਬੁੱਧਵਾਰ ਦੇਰ ਰਾਤ ਮੋਗਾ ਦੇ ਗਾਂਧੀ ਰੋਡ 'ਤੇ ਕਰਿਆਨੇ ਦੇ ਕਾਰੋਬਾਰੀ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਵਾਲੇ ਦੋ ਮੁਲਜ਼ਮਾਂ ਵਿੱਚੋਂ ਇੱਕ ਸੁਖਜਿੰਦਰ ਸਿੰਘ, ਜੋ ਕਿ ਧਰਮਕੋਟ ਕਸਬੇ ਦੇ ਅਧੀਨ ਪਿੰਡ ਇੱਜ਼ਤ ਵਾਲਾ ਦਾ ਰਹਿਣ ਵਾਲਾ ਹੈ, ਨੂੰ 24 ਘੰਟਿਆਂ ਦੇ ਅੰਦਰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੋਸ਼ੀ ਸੁਖਜਿੰਦਰ ਸਿੰਘ ਨੇ ਗੋਲੀਆਂ ਚਲਾ ਕੇ ਕਰਿਆਨੇ ਦੇ ਕਾਰੋਬਾਰੀ ਸੁਰਿੰਦਰ ਕੁਮਾਰ ਨੂੰ ਜ਼ਖਮੀ ਕਰ ਦਿੱਤਾ ਸੀ। ਪੁਲਸ ਨੇ ਉਸਦੇ ਕਬਜ਼ੇ ਵਿੱਚੋਂ ਇੱਕ ਰਿਵਾਲਵਰ 32 ਬੋਰ ਅਤੇ ਦੋ ਜ਼ਿੰਦਾ ਕਾਰਤੂਸ, ਇੱਕ ਕਾਲੀ ਥਾਰ ਕਾਰ 3 2613 ਅਤੇ ਇੱਕ ਬੰਦੂਕ ਬਰਾਮਦ ਕੀਤੀ ਹੈ। ਇੱਕ ਆਈਫੋਨ ਬਰਾਮਦ ਕੀਤਾ ਗਿਆ ਹੈ। ਪੁਲਸ ਸੁਖਜਿੰਦਰ ਸਿੰਘ ਦੇ ਦੂਜੇ ਸਾਥੀ ਦੀ ਭਾਲ ਕਰ ਰਹੀ ਹੈ। ਪੁਲਸ ਇਸ ਬਾਰੇ ਵੀ ਜਾਣਕਾਰੀ ਇਕੱਠੀ ਕਰ ਰਹੀ ਹੈ ਕਿ ਇਨ੍ਹਾਂ ਲੋਕਾਂ ਨੇ ਕਰਿਆਨੇ ਦੇ ਵਪਾਰੀ ਸੁਰਿੰਦਰ ਕੁਮਾਰ ਦੀ ਦੁਕਾਨ ਤੋਂ ਕਿੰਨੀ ਲੁੱਟ ਕੀਤੀ ਸੀ। ਐੱਸਪੀਡੀ ਬਾਲ ਕ੍ਰਿਸ਼ਨ ਸਿੰਗਲਾ ਨੇ ਕਿਹਾ ਕਿ ਮੁਲਜ਼ਮ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਜਾਵੇਗਾ ਅਤੇ ਸਾਰੀ ਜਾਂਚ ਕੀਤੀ ਜਾਵੇਗੀ। ਮੁਲਜ਼ਮਾਂ ਵਿਰੁੱਧ ਧਰਮਕੋਟ ਥਾਣੇ ਵਿੱਚ ਪਹਿਲਾਂ ਹੀ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੈ। ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਗੁੰਡਾਗਰਦੀ ਦਾ ਨੰਗਾ ਨਾਚ, ਘਰ ਅੰਦਰ ਦਾਖਲ ਹੋ ਕੇ ਕੀਤੀ ਗੋਲੀਬਾਰੀ

ਫਾਜ਼ਿਲਕਾ 7 ਜੂਨ। ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਹਲਕਾ ਜਲਾਲਾਬਾਦ ਦੇ ਪਿੰਡ ਘਾਂਗਾ ਵਿਖੇ ਇਕ ਘਰ ਕੁੱਝ ਬਦਮਾਸ਼ਾ ਵੱਲੋਂ ਗੋਲੀਬਾਰੀ ਕੀਤੀ ਗਈ। ਇਸ ਸਬੰਧੀ ਜਲਾਲਾਬਾਦ ਪੁਲਸ ਵੱਲੋਂ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਜਾਣਕਾਰੀ ਦਿੰਦੇ ਹੋਏ ਮਨਜਿੰਦਰ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਪਿੰਡ ਘਾਂਗਾ ਨੇ ਦੱਸਿਆ ਕਿ ਵਕਤ ਕਰੀਬ ਰਾਤ 10 ਵਜੇ ਦੇ ਕਰੀਬ ਸੁਖਚੈਨ ਸਿੰਘ ਵੱਲੋਂ ਸਾਡੇ ਘਰ ਦੇ ਅੰਦਰ ਆਏ ਅਤੇ ਲਲਕਾਰੇ ਮਾਰੇ ਅਤੇ ਫਾਈਰ ਕੀਤੇ। ਮੁਲਜ਼ਮਾਂ ਵੱਲੋਂ ਸਾਡੇ ਘਰ ਭੰਨਤੋੜ ਕੀਤੀ ਗਈ। ਦੱਸ ਦੇਈਏ ਕਿ ਇਹ ਵਾਰਦਾਤ ਰੰਜਿਸ਼ ਤਹਿਤ ਕੀਤੀ ਗਈ ਸੀ । ਇਸ ਸਬੰਧੀ ਪਰਿਵਾਰ ਵੱਲੋਂ ਪੁਲਸ ਨੂੰ ਜਾਣਕਾਰੀ ਦਿੱਤੀ ਗਈ। ਪੁਲਸ ਵੱਲੋਂ ਸ਼ਿਕਾਇਤ ਮਿਲਣ 'ਤੇ ਸੁਖਚੈਨ ਸਿੰਘ ਅਤੇ ਗੁਰਜੰਟ ਸਿੰਘ ਅਤੇ 2 ਅਣਪਛਾਤਿਆ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੀੜਤ ਮਨਜਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਇਕ ਵਿਅਕਤੀ ਨੇ ਉਸਨੂੰ ਫੋਨ ਕੀਤਾ ਅਤੇ ਫੋਨ ਤੇ ਗਾਲ੍ਹਾਂ ਕੱਢੀਆਂ। ਬਾਅਦ ਵਿਚ ਉਸਦੇ ਘਰ 'ਤੇ ਗੋਲੀਬਾਰੀ ਹੋਈ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਝਗੜਾ ਨਹੀਂ ਹੈ। ਉਹ ਕਿਸੇ ਕੰਮ ਵਿਚ ਰੁੱਝੇ ਹੋਣ ਕਰਕੇ ਫੋਨ ਨਹੀਂ ਚੁੱਕ ਸਕੇ। ਇਸ ਤੋਂ ਗੁੱਸੇ ਵਿਚ ਆ ਕੇ ਗੋਲੀਬਾਰੀ ਹੋਈ, ਜਿਸ ਕਾਰਨ ਉਨ੍ਹਾਂ ਦੇ ਘਰ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ।

# ਸਿਰਫਿਰੇ ਨੇ ਮਾਪਿਆਂ ਦੇ ਕਤਲ ਮਗਰੋਂ ਅਨਾਥ ਆਸ਼ਰਮ 'ਚ ਲੋਕਾਂ 'ਤੇ ਕਰ'ਤਾ ਹਮਲਾ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਕੋਲਕਾਤਾ 7 ਜੂਨ। ਪੱਛਮੀ ਬੰਗਾਲ ਦੇ ਪੂਰਬਾ ਬਰਧਮਾਨ ਜ਼ਿਲ੍ਹੇ ਵਿੱਚ ਆਪਣੇ ਮਾਪਿਆਂ ਦੀ ਕਥਿਤ ਤੌਰ 'ਤੇ ਹੱਤਿਆ ਕਰਨ ਤੋਂ ਕੁਝ ਘੰਟੇ ਬਾਅਦ, ਇੱਕ ਵਿਅਕਤੀ ਨੇ 120 ਕਿਲੋਮੀਟਰ ਦੂਰ ਇੱਕ ਹੋਰ ਜ਼ਿਲ੍ਹੇ ਵਿੱਚ ਇੱਕ ਮਦਰੱਸੇ ਦੁਆਰਾ ਚਲਾਏ ਜਾ ਰਹੇ ਅਨਾਥ ਆਸ਼ਰਮ ਵਿੱਚ ਚਾਰ ਲੋਕਾਂ ਨੂੰ ਚਾਕੂ ਮਾਰ ਕੇ ਮਾਰ ਦਿੱਤਾ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਵੀਰਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਬੁੱਧਵਾਰ ਨੂੰ ਉੱਤਰੀ 24 ਪਰਗਨਾ ਦੇ ਬੋਨਗਾਓਂ 'ਚ ਸ਼ਰੀਫ ਅਨਾਥ ਆਸ਼ਰਮ 'ਚ ਹੋਏ ਹਿੰਸਕ ਹਮਲੇ ਤੋਂ ਤੁਰੰਤ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਿੱਥੇ ਉਸਨੇ ਦੋ ਅਧਿਆਪਕਾਂ ਤੇ ਦੋ ਸਟਾਫ ਮੈਂਬਰਾਂ ਨੂੰ ਚਾਕੂ ਮਾਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦੋਸ਼ੀ ਦੀ ਗ੍ਰਿਫ਼ਤਾਰੀ ਤੋਂ ਤੁਰੰਤ ਬਾਅਦ, ਇੱਕ ਭੀੜ ਨੇ ਬੋਨਗਾਓਂ ਪੁਲਸ ਸਟੇਸ਼ਨ 'ਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਸੌਂਪਣ ਦੀ ਮੰਗ ਕੀਤੀ। ਅਧਿਕਾਰੀ ਨੇ ਕਿਹਾ ਕਿ ਦੋਸ਼ੀ ਦੀ ਪਛਾਣ ਹੁਮਾਯੂੰ ਕਬੀਰ ਵਜੋਂ ਹੋਈ ਹੈ, ਜੋ ਕਿ ਇੱਕ ਪ੍ਰਮੁੱਖ ਯੂਨੀਵਰਸਿਟੀ ਦਾ ਸਾਬਕਾ ਵਿਦਿਆਰਥੀ ਹੈ ਅਤੇ ਇੱਕ ਐੱਮ.ਐੱਨ.ਸੀ. ਦਾ ਸਾਬਕਾ ਇੰਜੀਨੀਅਰ ਹੈ। ਉੱਤਰੀ 24 ਪਰਗਨਾ ਦੇ ਪੁਲਸ ਸੁਪਰਡੈਂਟ ਦਿਨੇਸ਼ ਕੁਮਾਰ ਨੇ ਕਿਹਾ ਕਿ ਭੀੜ ਦੇ ਹਮਲੇ 'ਚ ਇੱਕ ਕਾਂਸਟੇਬਲ ਤੇ ਇੱਕ ਸਹਾਇਕ ਸਬ-ਇੰਸਪੈਕਟਰ ਜ਼ਖਮੀ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕਬੀਰ ਦੇ ਮਾਤਾ-ਪਿਤਾ ਮੁਸਤਫਾਤਿਜੁਰ ਰਹਿਮਾਨ ਅਤੇ ਮੁਮਤਾਜ਼ ਪਰਵੀਨ ਦੀਆਂ ਲਾਸ਼ਾਂ ਮੇਮਾਰੀ ਵਿੱਚ ਉਨ੍ਹਾਂ ਦੇ ਘਰ ਦੇ ਸਾਹਮਣੇ ਸੜਕ 'ਤੇ ਖੂਨ ਨਾਲ ਲੱਥਪੱਥ ਪਈਆਂ ਮਿਲੀਆਂ। ਅਧਿਕਾਰੀ ਨੇ ਕਿਹਾ ਕਿ ਦੋਵਾਂ 'ਤੇ ਚਾਕੂ ਦੇ ਕਈ ਜ਼ਖ਼ਮ ਸਨ। ਪੁਲਸ ਦੇ ਅਨੁਸਾਰ, ਕਬੀਰ ਗੁੜਗਾਓਂ ਸਥਿਤ ਇੱਕ ਬਹੁ-ਰਾਸ਼ਟਰੀ ਕੰਪਨੀ 'ਚ ਕੰਮ ਕਰਦਾ ਸੀ ਪਰ ਨੌਕਰੀ ਛੱਡ ਦਿੱਤੀ ਸੀ ਤੇ ਆਪਣੇ ਮਾਪਿਆਂ ਨਾਲ ਰਹਿ ਰਿਹਾ ਸੀ। ਪੁਲਸ ਨੇ ਕਿਹਾ ਕਿ



ਹਿਰਾਸਤ 'ਚ ਲਏ ਜਾਣ ਤੋਂ ਬਾਅਦ, ਕਬੀਰ ਨੇ ਆਪਣੀ ਪਛਾਣ ਤੇ ਪਤਾ ਪ੍ਰਗਟ ਕੀਤਾ ਅਤੇ ਮੇਮਾਰੀ 'ਚ ਹੋਏ ਦੋਹਰੇ ਕਤਲ ਨਾਲ ਆਪਣਾ ਸਬੰਧ ਪ੍ਰਗਟ ਕੀਤਾ। ਕੁਮਾਰ ਨੇ ਕਿਹਾ ਕਿ ਇਸ ਗੱਲ ਦੀ ਮਜ਼ਬੂਤ ??ਸੰਭਾਵਨਾ ਹੈ ਕਿ ਉਸਨੇ ਆਪਣੇ ਮਾਪਿਆਂ ਦੀ ਹੱਤਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਕਬੀਰ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਪਰ ਉਸਨੇ ਅਜੇ ਤੱਕ ਕਤਲ ਦਾ ਇਕਬਾਲ ਨਹੀਂ ਕੀਤਾ ਹੈ। ਪੂਰਬਾ ਬਰਧਮਾਨ ਦੇ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਸਥਾਨਕ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਤਲਾਕ ਅਤੇ ਨੌਕਰੀ ਗੁਆਉਣ ਤੋਂ ਬਾਅਦ ਕਬੀਰ ਮਾਨਸਿਕ ਸਿਹਤ ਸਮੱਸਿਆਵਾਂ ਤੋਂ ਪੀੜਤ ਸੀ। ਅਧਿਕਾਰੀ ਨੇ ਕਿਹਾ, ਅਸੀਂ ਕਤਲਾਂ ਅਤੇ ਚਾਕੂ ਮਾਰਨ ਦੇ ਪਿੱਛੇ ਦੇ ਉਦੇਸ਼ ਦਾ ਪਤਾ ਲਗਾਉਣ ਲਈ ਸਾਰੇ ਸੰਭਵ ਪਹਿਲੂਆਂ ਦੀ ਜਾਂਚ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਦੰਗੇ ਅਤੇ ਪੁਲਸ ਅਧਿਕਾਰੀਆਂ 'ਤੇ ਹਮਲਾ ਕਰਨ ਦੇ ਦੋਸ਼ 'ਚ ਦਸ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਕਬੀਰ ਦੀ ਭੈਣ ਤਮੰਨਾ ਰਹਿਮਾਨ, ਜੋ ਹਾਵੜਾ ਜ਼ਿਲ੍ਹੇ ਦੇ ਇੱਕ ਮਦਰੱਸੇ ਵਿੱਚ ਅਧਿਆਪਕਾ ਹੈ, ਨੇ ਆਪਣੇ ਮਾਪਿਆਂ ਦੀਆਂ ਲਾਸ਼ਾਂ ਖੂਨ ਨਾਲ ਲੱਥਪੱਥ ਮਿਲਣ ਤੋਂ ਬਾਅਦ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਅਧਿਕਾਰੀ ਨੇ ਦੱਸਿਆ ਕਿ ਇਲਾਕੇ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

# ਏਕਨਾਥ ਸ਼ਿੰਦੇ ਦੀ ਚਾਰਟਰਡ ਫਲਾਈਟ ਦੀ ਦੇਰੀ ਨੇ ਕਿਡਨੀ ਮਰੀਜ਼ ਦੀ ਮੁੰਬਈ ਲਈ ਸਮੇਂ ਸਿਰ ਏਅਰਲਿਫਟ ਵਿੱਚ ਮਦਦ ਕੀਤੀ

ਇੱਕ ਚਾਰਟਰਡ ਫਲਾਈਟ ਪਾਇਲਟ ਦੇ ਸ਼ੁਰੂਆਤੀ ਇਨਕਾਰ ਨੇ ਸ਼ੁੱਕਰਵਾਰ ਰਾਤ ਨੂੰ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਜਲਗਾਂਵ ਤੋਂ ਮੁੰਬਈ ਲਈ ਉਡਾਣ ਭਰਨ ਤੋਂ ਰੋਕ ਦਿੱਤਾ, ਜਿਸ ਨਾਲ ਇੱਕ ਕਿਡਨੀ ਫੇਲ੍ਹ ਮਰੀਜ਼ ਨੂੰ ਜਲਗਾਂਵ ਤੋਂ ਮੁੰਬਈ ਸਮੇਂ ਸਿਰ ਟਰਾਂਸਪਲਾਂਟ ਲਈ ਏਅਰਲਿਫਟ ਕਰਨ ਵਿੱਚ ਮਦਦ ਮਿਲੀ। ਰਿਪੋਰਟ ਅਨੁਸਾਰ, ਪਾਇਲਟ ਦੇ ਸ਼ੁਰੂਆਤੀ ਇਨਕਾਰ ਕਾਰਨ, ਜੋ ਕਿ ਨਿਰਧਾਰਤ ਉਡਾਣ ਘੰਟਿਆਂ ਦੀ ਉਲੰਘਣਾ ਕਾਰਨ ਸੀ, ਅਧਿਕਾਰੀਆਂ ਨੂੰ ਜਲਗਾਂਵ ਤੋਂ ਇੱਕ ਕਿਡਨੀ ਫੇਲ੍ਹ ਮਰੀਜ਼ ਨੂੰ ਮੁੰਬਈ ਸਮੇਂ ਸਿਰ ਪਹੁੰਚਾਉਣ ਦੀ ਇਜਾਜ਼ਤ ਮਿਲ ਸਕੀ। ਫਲਾਈਟ ਨੂੰ ਅਖੀਰ ਵਿੱਚ ਨਵੀਂ ਇਜਾਜ਼ਤ ਲੈਣ ਤੋਂ ਬਾਅਦ ਉਡਾਣ ਭਰਨ ਦੀ ਇਜਾਜ਼ਤ ਮਿਲੀ, ਕਿਉਂਕਿ ਪਾਇਲਟ ਨੇ ਨਿਰਧਾਰਤ ਉਡਾਣ ਵਿੱਚ ਦੇਰੀ ਅਤੇ ਪਾਇਲਟਾਂ ਦੇ ਡਿਊਟੀ ਘੰਟਿਆਂ ਦੇ ਨਿਯਮਾਂ ਦਾ ਹਵਾਲਾ ਦਿੱਤਾ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਜਲਗਾਂਵ ਵਿੱਚ ਸੰਤ ਮੁਕਤਾਈ ਦੀ 'ਪਾਲਖੀ ਯਾਤਰਾ' ਵਿੱਚ ਸ਼ਾਮਲ ਹੋਣ ਲਈ ਮੁਕਤਾਈਨਗਰ ਵਿੱਚ ਸਨ। ਉਸ ਦੇ ਦੇਰੀ ਨਾਲ ਚੱਲ ਰਹੇ ਸਮਾਂ-ਸਾਰਣੀ ਕਾਰਨ, ਉਹ ਜਲਗਾਂਵ ਹਵਾਈ ਅੱਡੇ 'ਤੇ ਦੇਰੀ ਨਾਲ ਪਹੁੰਚੇ। ਬਾਅਦ ਵਿੱਚ, ਪਾਣੀ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਅਤੇ ਸ਼ਿਵ ਸੈਨਾ ਨੇਤਾ ਗੁਲਾਬਰਾਓ ਪਾਟਿਲ ਨੇ, ਜਿਵੇਂ ਕਿ 8" ਨੇ ਹਵਾਲਾ ਦਿੱਤਾ, ਕਿਹਾ ਕਿ ਪਾਇਲਟ ਨੇ ਉਡਾਣ ਭਰਨ ਤੋਂ ਇਨਕਾਰ ਨਹੀਂ ਕੀਤਾ। ਉਸ ਨੇ ਅੱਗੇ ਕਿਹਾ ਕਿ ਡਿਊਟੀ ਘੰਟਿਆਂ ਨਾਲ ਸਬੰਧਤ ਕੁਝ



ਤਕਨੀਕੀ ਸਮੱਸਿਆ ਸੀ ਜਿਸ ਕਾਰਨ ਉਡਾਣ ਵਿੱਚ ਦੇਰੀ ਹੋਈ। ਉਸ ਨੇ ਨੌਂ ਘੰਟਿਆਂ ਦੀ ਡਿਊਟੀ ਵਿੱਚੋਂ ਅੱਠ ਘੰਟੇ 45 ਮਿੰਟ ਪੂਰੇ ਕਰ ਲਏ ਸਨ ਅਤੇ ਕਿਹਾ ਕਿ ਉਹ ਅਧਿਕਾਰੀਆਂ ਦੀ ਇਜਾਜ਼ਤ ਬਿਨਾਂ ਉਡਾਣ ਨਹੀਂ ਭਰ ਸਕਦਾ। ਉਸ ਨੇ ਫਿਰ ਆਪਣੀ ਕੰਪਨੀ ਨਾਲ ਗੱਲ ਕੀਤੀ, ਜਿਸ ਨੇ ਅਧਿਕਾਰੀਆਂ ਤੋਂ ਇਜਾਜ਼ਤ ਮੰਗੀ। ਇਜਾਜ਼ਤ ਮਿਲਣ ਤੋਂ ਬਾਅਦ, ਸ਼ਿੰਦੇ ਸਾਹਿਬ ਨੇ ਜਲਗਾਂਵ ਹਵਾਈ ਅੱਡੇ ਤੋਂ ਰਾਤ 9:45 ਵਜੇ ਉਡਾਣ ਭਰੀ। ਸ਼ਿੰਦੇ ਦੇ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਦੇਰੀ ਨੇ ਇੱਕ ਕਿਡਨੀ ਮਰੀਜ਼ ਨੂੰ ਮੁੰਬਈ ਦੇ ਹਸਪਤਾਲ ਵਿੱਚ ਦਾਖਲ ਕਰਵਾਉਣ ਵਿੱਚ ਮਦਦ ਕੀਤੀ। "ਮਰੀਜ਼ ਦੇ ਰਿਸ਼ਤੇਦਾਰਾਂ ਨੇ ਪਾਣੀ ਸਰੋਤ ਮੰਤਰੀ ਗਿਰੀਸ਼ ਮਹਾਜਨ ਰਾਹੀਂ ਸ਼ਿੰਦੇ ਨਾਲ ਸੰਪਰਕ ਕੀਤਾ ਤਾਂ ਜੋ ਮਰੀਜ਼ ਸ਼ੀਤਲ ਬੋਰਾਡੇ ਨੂੰ ਏਅਰਲਿਫਟ ਕੀਤਾ ਜਾ ਸਕੇ। "ਸ਼ਿੰਦੇ ਨੇ ਆਪਣੇ ਦੋ ਪਾਰਟੀ ਵਰਕਰਾਂ ਨੂੰ ਪਿੱਛੇ ਰਹਿਣ ਲਈ ਕਿਹਾ ਤਾਂ ਜੋ ਬੋਰਾਡੇ ਅਤੇ ਉਸ ਦੇ ਪਤੀ ਨੂੰ ਫਲਾਈਟ ਵਿੱਚ ਜਗ?ਹਾ ਦਿੱਤੀ ਜਾ ਸਕੇ। ਸ਼ਿੰਦੇ ਨੇ ਨਾ ਸਿਰਫ਼ ਉਨ੍ਹਾਂ ਨੂੰ ਫਲਾਈਟ ਵਿੱਚ ਸ਼ਾਮਲ ਕੀਤਾ, ਸਗੋਂ ਮੁੰਬਈ ਹਵਾਈ ਅੱਡੇ 'ਤੇ ਵਿਸ਼ੇਸ਼ ਐਂਬੂਲੈਂਸ ਦਾ ਪ੍ਰਬੰਧ ਕਰਨ ਲਈ ਵੀ ਕਿਹਾ," ਬਿਆਨ ਵਿੱਚ ਕਿਹਾ ਗਿਆ ਹੈ। ਗਿਰੀਸ਼ ਮਹਾਜਨ ਨੇ ਕਿਹਾ ਕਿ ਪਾਇਲਟ ਨੂੰ ਸਿਹਤ ਸਬੰਧੀ ਸਮੱਸਿਆ ਸੀ ਅਤੇ ਉਨ੍ਹਾਂ ਨੇ ਜਹਾਜ਼ ਦੀ ਮਾਲਕ ਕੰਪਨੀ ਨਾਲ ਗੱਲ ਕਰਨ ਤੋਂ ਬਾਅਦ ਉਸ ਨੂੰ ਮਨਾ ਲਿਆ। ਬੋਰਾਡੇ ਪਰਿਵਾਰ ਨੇ ਸਮੇਂ ਸਿਰ ਮਦਦ ਲਈ ਸ਼ਿੰਦੇ ਦਾ ਧੰਨਵਾਦ ਕੀਤਾ।

## ਵਿਆਹੁਤਾ ਨੇ ਪੇਕੇ ਘਰ ਆ ਕੇ ਕੀਤੀ ਖੁਦਕੁਸ਼ੀ, ਹਾਲਾਤ ਦੇਖ ਮਾਂ ਦੇ ਉੱਡੇ ਹੋਸ਼

ਮਾਛੀਵਾੜਾ ਸਾਹਿਬ 7 ਜੂਨ। ਨੇੜਲੇ ਪਿੰਡ ਇਰਾਕ ਵਿਖੇ ਫੈਕਟਰੀਆਂ ਦੇ ਕੁਆਰਟਰਾਂ ਵਿਚ ਆਪਣੇ ਮਾਪਿਆਂ ਕੋਲ ਰਹਿ ਰਹੀ ਵਿਆਹੁਤਾ ਸ਼ਿਵਾਨੀ (26) ਨੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕ ਦੀ ਮਾਤਾ ਪ੍ਰੇਮ ਲਤਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਫੈਕਟਰੀ ਵਿਚ ਮਜ਼ਦੂਰੀ ਦਾ ਕੰਮ ਕਰਦੀ ਹੈ ਅਤੇ ਉਸਦੀ ਲੜਕੀ ਸ਼ਿਵਾਨੀ ਦਾ ਵਿਆਹ ਮੰਗੇਸ਼ ਵਾਸੀ ਸਤਰਾਮੂ, ਜ਼ਿਲਾ ਕਾਨਪੁਰ ਨਾਲ ਹੋਇਆ ਜਿਨ੍ਹਾਂ ਦੇ 2 ਛੋਟੇ ਛੋਟੇ ਬੱਚੇ ਵੀ ਹਨ। ਪਿਛਲੇ ਮਹੀਨੇ ਉਸਦੀ ਲੜਕੀ ਆਪਣੇ ਦੋਵੇਂ ਬੱਚਿਆਂ ਨੂੰ ਲੈ ਕੇ ਪੇਕੇ ਪਰਿਵਾਰ ਵਿਖੇ ਆ ਗਈ ਅਤੇ ਇੱਥੇ ਹੀ ਰਹਿ ਰਹੀ ਸੀ। ਬਿਆਨਕਰਤਾ ਅਨੁਸਾਰ ਕੱਲ੍ਹ 5 ਜੂਨ ਨੂੰ ਜਦੋਂ ਉਹ ਬਾਅਦ ਦੁਪਹਿਰ ਫੈਕਟਰੀ 'ਚੋਂ ਕੰਮ ਕਰਕੇ ਵਾਪਸ ਆਪਣੇ ਕੁਆਰਟਰ ਆਈ ਤਾਂ ਉਸਨੇ ਦੇਖਿਆ ਕਿ ਅੰਦਰੋਂ ਕੁੰਡਾ ਲੱਗਿਆ ਸੀ। ਜਦੋਂ ਉਸਨੇ ਖਿੜਕੀ ਦਾ ਸ਼ੀਸਾ ਤੋੜ ਕੇ ਦੇਖਿਆ ਤਾਂ ਉਸਦੀ ਲੜਕੀ ਸ਼ਿਵਾਨੀ ਛੱਤ ਵਾਲੇ ਪੱਖੇ ਨਾਲ ਲਟਕ ਰਹੀ ਸੀ, ਫਿਰ ਉਸਨੇ ਫੈਕਟਰੀ ਦੇ ਮੁਲਾਜ਼ਮਾਂ ਨੂੰ ਬੁਲਾ ਕੇ ਪੁਲਸ ਨੂੰ ਸੂਚਿਤ ਕੀਤਾ। ਪੁਲਸ ਵਲੋਂ ਜਦੋਂ ਮੌਕੇ 'ਤੇ ਜਾ ਕੇ ਜਾਂਚ ਕੀਤੀ ਤਾਂ ਸ਼ਿਵਾਨੀ ਦੀ ਮੌਤ ਹੋ ਚੁੱਕੀ ਜਿਸ ਦੀ ਲਾਸ਼ ਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ। ਮ੍ਰਿਤਕਾ ਤੋਂ ਕੋਈ ਵੀ ਸੁਸਾਇਡ ਨੋਟ ਨਹੀਂ ਮਿਲਿਆ। ਮ੍ਰਿਤਕਾ ਦੀ ਮਾਤਾ ਪ੍ਰੇਮ ਲਤਾ ਨੇ ਕਿਹਾ ਕਿ ਉਨ੍ਹਾਂ ਦੀ ਲੜਕੀ ਨੇ ਕਦੇ ਵੀ ਜ਼ਿਕਰ ਨਹੀਂ ਕੀਤਾ ਕਿ ਉਹ ਆਪਣੇ ਸਹੁਰੇ ਪਰਿਵਾਰ ਤੋਂ ਪ੍ਰੇਸ਼ਾਨ ਹੈ। ਬਿਆਨਕਰਤਾ ਅਨੁਸਾਰ ਉਹ ਡਿਪ੍ਰੈਸ਼ਨ ਦੀ ਮਰੀਜ਼ ਸੀ, ਇਸ ਲਈ ਉਸਦੀ ਮੌਤ ਲਈ ਕੋਈ ਵੀ ਜ਼ਿੰਮੇਵਾਰ ਨਹੀਂ ਹੈ। ਪੁਲਸ ਵਲੋਂ ਮਾਮਲਾ ਦਰਜ ਕਰ ਪੋਸਟ ਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਿਸਾ ਨੂੰ ਸੌਂਪੀ ਜਾ ਰਹੀ ਹੈ।

### ਹਾਦਸੇ ਤੋਂ ਬਾਅਦ ਬੰਦ ਹੋਇਆ ਪੰਜਾਬ ਦਾ ਇਹ ਹਾਈਵੇਅ

ਮੋਗਾ 7 ਜੂਨ। ਮੋਗਾ ਦੇ ਕੋਟਕਪੂਰਾ ਬਾਈਪਾਸ ਨੇੜੇ ਇਕ ਟਮਾਟਰ ਪਿਕਅਪ ਗੱਡੀ ਜੋ ਫੁਲੇ ਵਾਲਾ ਤੋਂ ਜਲੰਧਰ ਨੂੰ ਜਾ ਰਹੀ ਸੀ ਦਾ ਅਚਾਨਕ ਟਾਇਰ ਫਟ ਗਿਆ ਅਤੇ ਸੰਤੁਲਨ ਵਿਗੜਣ ਕਾਰਨ ਸੜਕ 'ਤੇ ਹੀ ਪਲਟ ਗਈ। ਹਾਦਸੇ ਕਾਰਣ ਸੜਕ 'ਤੇ ਟਮਾਟਰ ਖਿੱਲਰ ਗਏ। ਉਸ ਤੋਂ ਬਾਅਦ ਮੋਗਾ ਦੇ ਸਮਾਜ ਸੇਵਾ ਸੋਸਾਇਟੀ ਦੇ ਆਗੂਆਂ ਵੱਲੋਂ ਮੌਕੇ 'ਤੇ ਪਹੁੰਚ ਕੇ ਡਰਾਈਵਰ ਨੂੰ ਪਿਕਅਪ ਵਿਚੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਅਤੇ ਫਾਇਰ ਬ੍ਰਿਗੇਡ ਦੇ ਸਹਿਯੋਗ ਨਾਲ ਖਿੱਲਰੇ ਹੋਏ ਟਮਾਟਰਾਂ ਨੂੰ ਸੜਕ ਤੋਂ ਸਾਈਡ 'ਤੇ ਕੀਤਾ ਗਿਆ। ਹਾਦਸੇ ਕਾਰਣ ਸੜਕ 'ਤੇ ਲੰਬਾ ਜਾਮ ਲੱਗ ਗਿਆ। ਇਸ ਹਾਦਸੇ ਵਿਚ ਪਿਕਅਪ ਦੀ ਡਰਾਈਵਰ ਗੰਭੀਰ ਜ਼ਖਮੀ ਹੋ ਗਿਆ।



ਵਿਚਾਰ

*ਜੇ ਤੁਸੀਂ ਕਿਸੇ ਚੀਜ਼ ਨੂੰ ਸੌਖੇ ਲਫ਼ਜ਼ਾਂ 'ਚ ਨਹੀਂ ਸਮਝਾ ਸਕਦੇ, ਤਾਂ ਤੁਸੀਂ ਹਾਲੇ ਆਪ ਉਸ ਚੀਜ਼ ਨੂੰ ਨਹੀਂ ਸਮਝ ਸਕੇ।*

*– ਰਿਚਰਡ ਫੇਨਮਨ*

| | | |
|---|---|---|
| HB | : | House Bill |
| HJR | : | House Joint Resolution |
| HATTS | : | Hem Agglutination Treponemal Test for Syphilis |
| HC | : | House of Commons |
| HC | : | Holy Communion |
| HCFA | : | Health Care Financing Administration |
| HCG | : | Human Chorionic Gonadotrophin |
| HCS | : | Human Chorionic Somatomammotropin |
| HD | : | Huntington's Disease |
| HDDA | : | Humane and Dignified Death Act |
| HDL | : | High Density lipoprotein |



# ਐਨੀਮੇਸ਼ਨ ਦੇ ਖੇਤਰ 'ਚ ਰੁਜ਼ਗਾਰ ਦੀਆਂ ਸੰਭਾਵਨਾਵਾਂ

ਐਕਸ਼ਨ ਥ੍ਰਿਲਰ ਫਿਲਮਾਂ 'ਚ ਖ਼ਤਰਨਾਕ ਸਟੰਟ ਦੇ ਦ੍ਰਿਸ਼ ਹੋਣ ਜਾਂ ਫਿਰ ਇਸ਼ਤਿਹਾਰਾਂ 'ਚ ਕਿਸੇ ਨੂੰ ਗੋਰਾ ਦਿਖਾਉਣਾ ਹੋਵੇ, ਇਹ ਸਭ ਵੀਐੱਫਐਕਸ ਜਾਣੀਂ ਵਿਜ਼ੂਅਲ ਇਫੈਕਟਸ ਕਾਰਨ ਹੀ ਸੰਭਵ ਹੁੰਦਾ ਹੈ। ਜੋ ਇਸ ਸਪੈਸ਼ਲ ਇਫੈਕਟਸ ਨੂੰ ਬਣਾਉਂਦੇ ਹਨ, ਉਹ ਵਿਜ਼ੂਅਲ ਇਫੈਕਟ ਅਸਿਸਟੈਂਟ ਅਖਵਾਉਂਦੇ ਹਨ। ਵਿਜ਼ੂਅਲ ਇਫੈਕਟਸ ਨੂੰ ਸਪੈਸ਼ਲ ਇਫੈਕਟਸ ਵੀ ਕਿਹਾ ਜਾਂਦਾ ਹੈ ਜੋ ਐਨੀਮੇਸ਼ਨ ਦਾ ਹੀ ਇਕ ਹਿੱਸਾ ਹੈ।

ਫਿਲਮਾਂ ਅਤੇ ਇਸ਼ਤਿਹਾਰਾਂ ਤੋਂ ਇਲਾਵਾ ਸਿੱਖਿਆ ਅਤੇ ਬੱਚਿਆਂ ਲਈ ਬਣਨ ਵਾਲੇ ਐਨੀਮੇਟਿਡ ਟੀਵੀ ਕਾਰਟੂਨ (ਜਿਵੇਂ ਮਿੱਕੀ ਮਾਊਸ, ਟੌਮ ਐਂਡ ਜੈਰੀ, ਡੋਰੇਮੋਨ, ਛੋਟਾ ਭੀਮ, ਲਾਰਡ ਗਣੇਸ਼ ਤੇ ਮੋਗਲੀ) 'ਚ ਵੀ ਇਸ ਤਕਨੀਕ ਦੀ ਬਹੁਤ ਜ਼ਿਆਦਾ ਵਰਤੋਂ ਹੋ ਰਹੀ ਹੈ। ਇਹੀ ਵਜ੍ਹਾ ਹੈ ਕਿ ਵਿਜ਼ੂਅਲ ਇਫੈਕਟਸ ਆਰਟਿਸਟ ਲਈ ਨੌਕਰੀ ਦੇ ਮੌਕੇ ਲਗਾਤਾਰ ਵਧ ਰਹੇ ਹਨ ਜਿਥੇ ਕ੍ਰੀਏਟੀਵਿਟੀ ਦਿਖਾਉਣ ਵਾਲਿਆਂ ਨੂੰ ਬਿਹਤਰੀਨ ਕਰੀਅਰ ਦੇ ਨਾਲ-ਨਾਲ ਵਧੀਆ ਸੈਲਰੀ ਵੀ ਮਿਲਦੀ ਹੈ।

### ਹੁਨਰਮੰਦ ਲੋਕਾਂ ਦੀ ਮੰਗ

ਐਨੀਮੇਸ਼ਨ ਇਕ ਕ੍ਰੀਏਟਿਵ ਖੇਤਰ ਹੈ। ਇਸ 'ਚ ਹਮੇਸ਼ਾ ਕੁਝ ਨਵਾਂ ਤੇ ਰਚਨਾਤਮਕ ਕਰਨਾ ਹੁੰਦਾ ਹੈ। ਇਸ ਲਈ ਵਿਅਕਤੀ 'ਚ ਕ੍ਰੀਏਟੀਵਿਟੀ ਅਤੇ ਡਰਾਇੰਗ ਸਕਿੱਲ ਹੋਣਾ ਜ਼ਰੂਰੀ ਹੈ। ਹਾਲ ਹੀ ਦੇ ਸਾਲਾਂ 'ਚ 3ਡੀ ਐਨੀਮੇਸ਼ਨ ਨਾਲ ਵੀਐੱਫਐਕਸ, ਯੂਆਈ ਡਿਜ਼ਾਈਨ, ਵੈੱਬ ਡਿਜ਼ਾਈਨ, ਯੂਐਕਸ ਡਿਜ਼ਾਈਨ, ਗ੍ਰਾਫਿਕ ਡਿਜ਼ਾਈਨ ਜਿਹੇ ਨਵੇਂ ਪਾਰਟ ਜੁੜਨ ਨਾਲ ਇਹ ਖੇਤਰ ਹੁਣ ਸਿਰਫ਼ ਕਾਰਟੂਨ ਫਿਲਮਾਂ ਤਕ ਹੀ ਸੀਮਤ ਨਹੀਂ ਰਿਹਾ।

ਅਜਿਹੇ 'ਚ ਐਨੀਮੇਸ਼ਨ ਨਾਲ ਜੁੜੀਆਂ ਤਕਨੀਕੀ ਬਾਰੀਕੀਆਂ ਦੀ ਸਮਝ ਤੁਹਾਡੇ ਲਈ ਕਾਫ਼ੀ ਮਹੱਤਵਪੂਰਨ ਹੋ ਸਕਦੀ ਹੈ। ਇਸ 'ਚ ਕੰਪਿਊਟਰ ਦੀ ਜਾਣਕਾਰੀ, 2ਡੀ ਤੇ 3ਡੀ ਦੇ ਨਿਰਮਾਣ ਲਈ ਅਲੱਗ-ਅਲੱਗ ਸਾਫਟਵੇਅਰਜ਼ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਇਸ ਲਈ ਇਸ 'ਚ ਨਵੀਆਂ ਤਕਨੀਕਾਂ ਨੂੰ ਜਾਣਨ ਦੀ ਇੱਛਾ ਰੱਖਣ ਵਾਲੇ ਪ੍ਰੋਫੈਸ਼ਨਲਜ਼ ਲਈ ਅੱਗੇ ਵਧਣ ਦਾ ਕਾਫ਼ੀ ਮੌਕਾ ਹੁੰਦਾ ਹੈ।

### ਵਿੱਦਿਅਕ ਯੋਗਤਾ

ਐਨੀਮੇਸ਼ਨ ਦੇ ਵਧਦੇ ਦਾਇਰੇ ਨੂੰ ਦੇਖਦਿਆਂ ਕਈ ਸੰਸਥਾਵਾਂ ਇਹ ਕੋਰਸ ਕਰਵਾ ਰਹੀਆਂ ਹਨ, ਜਿਥੋਂ ਸ਼ਾਰਟ ਟਰਮ ਕੋਰਸ, ਡਿਪਲੋਮਾ, ਸਰਟੀਫਿਕੇਟ ਕੋਰਸ ਕਰਨ ਤੋਂ ਬਾਅਦ ਇਸ ਖੇਤਰ 'ਚ ਅੱਗੇ ਵਧਿਆ ਜਾ ਸਕਦਾ ਹੈ। ਇਸ 'ਚ ਵੀਡੀਓ ਪ੍ਰੋਡਕਸ਼ਨ, ਗ੍ਰਾਫਿਕ ਡਿਜ਼ਾਈਨ, ਕੈਮਰਾ ਟ੍ਰੈਕਿੰਗ, ਫਿਲਮ ਰੈਸਟੋਰੇਸ਼ਨ ਜਿਹੀਆਂ ਤਾਮਾਮ ਤਕਨੀਕਾਂ ਸਿਖਾਈਆਂ ਜਾਂਦੀਆਂ ਹਨ। ਇਹ ਕੋਰਸ 12ਵੀਂ ਤੋਂ ਬਾਅਦ ਕੀਤੇ ਜਾ ਸਕਦੇ ਹਨ।

ਅਜਿਹੇ ਡਿਗਰੀ, ਡਿਪਲੋਮਾ ਤੇ ਸਰਟੀਫਿਕੇਟ ਪ੍ਰੋਗਰਾਮ ਸੁਵਿਧਾ ਮੁਤਾਬਿਕ ਫੁੱਲ ਟਾਈਮ ਤੇ ਪਾਰਟ ਟਾਈਮ ਦੋਵੇਂ ਤਰ੍ਹਾਂ ਦੇ ਹਨ। ਕਈ ਸੰਸਥਾਵਾਂ ਦਾਖ਼ਲਾ ਪ੍ਰੀਖਿਆਵਾਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਪ੍ਰੋਗਰਾਮ 'ਚ ਦਾਖ਼ਲਾ ਦਿੰਦੇ ਹਨ। ਕੁਝ ਸੰਸਥਾਵਾਂ ਕੋਰਸ ਦੀ ਸਮਾਪਤੀ 'ਤੇ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਤੇ ਪਲੈਟਫਾਰਮ ਦੀ ਸੁਵਿਧਾ ਵੀ ਉਪਲੱਬਧ ਕਰਵਾਉਂਦੀਆਂ ਹਨ।

### ਸੰਭਾਵਨਾਵਾਂ

ਅੱਜ ਐਨੀਮੇਸ਼ਨ/ਵੀਐੱਫਐਕਸ ਦੇ ਟਰੇਡ ਪੇਸ਼ੇਵਾਰਾਂ ਦੀ ਮੰਗ ਸਿਰਫ਼ ਭਾਰਤ 'ਚ ਹੀ ਨਹੀਂ, ਬਲਕਿ ਵਿਦੇਸ਼ੀ ਐਨੀਮੇਸ਼ਨ ਸਟੂਡੀਓਜ਼ 'ਚ ਵੀ ਖ਼ੂਬ ਹੈ। ਅਮਰੀਕੀ ਪ੍ਰੋਡਕਸ਼ਨ ਕੰਪਨੀਆਂ ਐਨੀਮੇਸ਼ਨ ਅਤੇ ਵਿਜ਼ੂਅਲ ਇਫੈਕਟ ਲਈ ਵੱਡੀ ਤਾਦਾਦ 'ਚ ਭਾਰਤ ਕੋਲੋਂ ਆਊਟਸੋਰਸਿੰਗ ਦਾ ਸਹਾਰਾ ਲੈ ਰਹੀਆਂ ਹਨ।

ਅੰਕੜਿਆਂ ਮੁਤਾਬਿਕ ਦੇਸ਼ 'ਚ ਹੁਣ 300 ਤੋਂ ਜ਼ਿਆਦਾ ਐਨੀਮੇਸ਼ਨ ਸਟੂਡੀਓ ਹਨ ਜੋ ਵਿਦੇਸ਼ੀ ਪ੍ਰਾਜੈਕਟਾਂ ਨਾਲ ਹਰ ਸਮੇਂ ਭਰੇ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਐਨੀਮੇਸ਼ਨ ਭਾਰਤੀ ਮੋਨੋਰੰਜਨ ਖੇਤਰ ਦਾ ਭਵਿੱਖ ਹੈ। ਐਨੀਮੇਸ਼ਨ ਅੱਜ-ਕੱਲ੍ਹ ਫਿਲਮਾਂ 'ਚ ਹੀ ਨਹੀਂ, ਬਿਜ਼ਨਸ, ਸੇਲਜ਼, ਇੰਜੀਨੀਅਰਿੰਗ, ਸਿੱਖਿਆ ਅਤੇ ਇਸ਼ਤਿਹਾਰੀ ਖੇਤਰ ਦਾ ਵੀ ਹਿੱਸਾ ਬਣ ਗਿਆ ਹੈ। ਬੀਤੇ ਕੁਝ ਸਾਲਾਂ ਤੋਂ ਇਸ ਦੀ ਵਧਦੀ ਪ੍ਰਸਿੱਧੀ ਨੂੰ ਦੇਖਦਿਆਂ ਫੈਸ਼ਨ ਡਿਜ਼ਾਈਨਿੰਗ, ਇੰਟੀਰੀਅਰ ਡਿਜ਼ਾਈਨਿੰਗ, ਮੈਡੀਕਲ, ਲੀਗਲ ਅਤੇ ਇੰਸ਼ੋਰੈਂਸ ਕੰਪਨੀਆਂ ਇਸ ਨੂੰ ਆਪਣੀ ਪ੍ਰੈਜ਼ੈਂਟੇਸ਼ਨ ਲਈ ਖ਼ੂਬ ਇਸਤੇਮਾਲ ਕਰ ਰਹੀਆਂ ਹਨ। ਸਮਾਰਟਫੋਨ ਆਉਣ ਨਾਲ ਵੀਡੀਓ ਅਤੇ ਮੋਬਾਈਲ ਗੇਮਜ਼ ਨੇ ਵੀ ਵਧੀਆ ਐਨੀਮੇਟਰਜ਼ ਦੀ ਮੰਗ ਵਧਾ ਦਿੱਤੀ ਹੈ। ਇਸ ਖੇਤਰ 'ਚ ਅੱਜ ਵੱਡੀਆਂ ਕੰਪਨੀਆਂ ਮੁਕਾਬਲੇ 'ਚ ਹਨ, ਜਿਵੇਂ ਰੈੱਡ ਚਿਲੀਜ਼, ਪਿਕਸਾਰ ਸਟੂਡੀਓਜ਼, ਐਨੀਮੈਕਸ, ਬਾਲਾਜੀ ਟੈਲੀ ਫਿਲਮਜ਼, ਗੂਗਲ, ਮਾਈਕ੍ਰੋਸਾਫਟ ਆਦਿ 'ਚ ਕ੍ਰੀਏਟਿਵ ਲੋਕਾਂ ਲਈ ਬਹੁਤ ਮੌਕੇ ਹਨ। ਵੈੱਬਸਾਈਟ ਡਿਜ਼ਾਈਨਿੰਗ, ਗ੍ਰਾਫਿਕਸ ਡਿਜ਼ਾਈਨਿੰਗ, ਸੀਡੀ ਰੋਮ ਪ੍ਰੋਡਕਸ਼ਨ, 3ਡੀ ਮਾਡਲਿੰਗ ਜਿਹੇ ਕੁਝ ਹੋਰ ਖੇਤਰ ਵੀ ਹਨ, ਜਿਥੇ ਐਨੀਮੇਟਰਜ਼ ਜਾਂ ਵਿਜ਼ੁਅਲ ਇਫੈਕਟਸ ਆਰਟਿਸਟ ਲਈ ਨੌਕਰੀ ਦੇ ਬਹੁਤ ਮੌਕੇ ਹਨ। ਐਨੀਮੇਸ਼ਨ ਦੇ ਮਾਹਿਰਾਂ ਲਈ ਅਧਿਆਪਨ ਦੇ ਖੇਤਰ 'ਚ ਵੀ ਕਈ ਸੰਭਾਵਨਾਵਾਂ ਹਨ।

ਪ੍ਰਿੰਟ ਮੀਡੀਆ ਅਤੇ ਪਬਲਿਸ਼ਿੰਗ ਫਰਮਜ਼ ਤੋਂ ਇਲਾਵਾ ਤੁਸੀਂ ਆਪਣਾ ਕੰਮ ਵੀ ਸ਼ੁਰੂ ਕਰ ਸਕਦੇ ਹੋ। ਹੁਣ ਦੀ ਗੱਲ ਕਰੀਏ ਤਾਂ ਅਜਿਹੇ ਜਾਣਕਾਰਾਂ ਦੀ ਸਭ ਤੋਂ ਜ਼ਿਆਦਾ ਮੰਗ ਫਿਲਮ ਐਂਡ ਟੈਲੀਵਿਜ਼ਨ, ਇਸ਼ਤਿਹਾਰੀ ਏਜੰਸੀਆਂ, ਡਿਜ਼ਾਈਨ ਫਰਮਜ਼, ਵੈੱਬਸਾਈਟ ਅਤੇ ਐਪ ਡਿਵੈਲਪਮੈਂਟ ਏਜੰਸੀਜ਼, ਨਿਊਜ਼ ਚੈਨਲ, ਪ੍ਰੋਡਕਸ਼ਨ ਹਾਊਸ ਤੇ ਈ-ਲਰਨਿੰਗ ਦੇ ਖੇਤਰ 'ਚ ਦੇਖੀ ਜਾ ਰਹੀ ਹੈ, ਜਿਥੇ ਤੁਸੀ ਕਰੈਕਟਰ ਐਨੀਮੇਟਰ, ਯੂਆਈ/ਯੂਐਕਸ ਡਿਜ਼ਾਈਨਰ ਜਾਂ ਫਿਰ ਗ੍ਰਾਫਿਕ ਡਿਜ਼ਾਈਨਰ ਦੇ ਰੂਪ 'ਚ ਨੌਕਰੀ ਦੀ ਭਾਲ ਕਰ ਸਕਦੇ ਹੋ।

### ਸੈਲਰੀ ਪੈਕੇਜ

ਇਸ ਖੇਤਰ 'ਚ ਨਵੇਂ ਪ੍ਰੋਫੈਸ਼ਨਲਜ਼ ਦੀ ਸ਼ੁਰੂਆਤ 'ਚ 20 ਤੋਂ 25 ਹਜ਼ਾਰ ਪ੍ਰਤੀ ਮਹੀਨਾ ਸੈਲਰੀ ਮਿਲਣ ਲਗਦੀ ਹੈ। ਕੁਝ ਸਾਲਾਂ ਦੇ ਤਜਰਬੇ ਤੋਂ ਬਾਅਦ ਹੀ ਅਜਿਹੇ ਪ੍ਰੋਫੈਸ਼ਨਲਜ਼ 40 ਤੋਂ 50 ਹਜ਼ਾਰ ਰੁਪਏ ਤਕ ਸੈਲਰੀ ਲੈਣ ਲਗਦੇ ਹਨ। ਜੇ ਤੁਸੀਂ ਇਸ ਖੇਤਰ 'ਚ ਬਤੌਰ ਪਾਰਟ ਟਾਈਮ ਜੌਬ ਕਰਨੀ ਚਾਹੁੰਦੇ ਹੋ ਤਾਂ ਵੀ ਹਰ ਮਹੀਨੇ ਵਧੀਆ ਕਮਾਈ ਕਰ ਸਕਦੇ ਹੋ।



### ਮੁੱਖ ਸੰਸਥਾਵਾਂ

- ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ।
  www.ignou.ac.in
- ਮਾਇਆ ਅਕੈਡਮੀ ਆਫ ਐਡਵਾਂਸਡ ਸਿਨੇਮੈਟਿਕਸ।
  www.maacindia.ac.in
- ਵ੍ਹਿਸਲਿੰਗ ਵੁੱਡਜ਼ ਇੰਟਰਨੇਸ਼ਨ, ਮੁੰਬਈ।
  www.whistlingwoods.net
- ਐਮਿਟੀ ਯੂਨੀਵਰਸਿਟੀ, ਨੋਇਡਾ।
  www.amity.edu
- ਨੈਸ਼ਨਲ ਇੰਸਟੀਚਿਊਸਟ ਆਫ ਡਿਜ਼ਾਈਨ, ਅਹਿਮਦਾਬਾਦ।
  www.nid.edu •

---

• ਹਰਪ੍ਰੀਤ ਸਿੰਘ ਬਰਾੜ

*ਅਨੇਕਾਂ ਨੌਜਵਾਨਾਂ ਦੀ ਅਕਸਰ ਇਹ ਧਾਰਨਾ ਹੁੰਦੀ ਹੈ ਕਿ ਜੇ ਕਿਸਮਤ ਨੇ ਸਾਥ ਦਿੱਤਾ ਤਾਂ ਸਫਲਤਾ ਮਿਲ ਹੀ ਜਾਵੇਗੀ। ਭਾਵੇਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੋ, ਜੇ ਕਿਸਮਤ ਬੁਲੰਦ ਨਾ ਹੋਈ ਤਾਂ ਕੁਝ ਨਹੀਂ ਹੋਣ ਵਾਲਾ। ਭਾਵ, ਕਿਸਮਤ ਸ਼ਕਤੀ ਦਾ ਆਧਾਰ ਹੈ, ਇਹ ਮੰਨਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ...*

# ਸਫਲਤਾ ਲਈ ਸਕਾਰਾਤਮਕ ਸੋਚ ਜ਼ਰੂਰੀ



ਅਜੋਕੇ ਵਿਗਿਆਨਕ ਯੁੱਗ ਵਿਚ ਸਫਲਤਾ ਤੇ ਅਸਫਲਤਾ ਨੂੰ ਕਿਸਮਤ ਦੀ ਖੇਡ ਮੰਨਣ ਵਾਲੇ ਲੋਕਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਕਿਸਮਤ ਦੇ ਭਰੋਸੇ ਬੈਠਣ ਨਾਲ ਕੁਝ ਹਾਸਲ ਨਹੀ ਹੁੰਦਾ। ਇਹ ਗੱਲ ਜਾਣਦਿਆਂ ਹੋਇਆਂ ਵੀ ਅਣਗਿਣਤ ਲੋਕ ਲਕੀਰ ਦੇ ਫ਼ਕੀਰ ਬਣੇ ਰਹਿੰਦੇ ਹਨ। ਸਫਲਤਾ ਜਾਂ ਅਸਫਲਤਾ ਉਸ ਨੂੰ ਹੀ ਮਿਲਦੀ ਹੈ, ਜੋ ਯੋਜਨਾ ਬਣਾ ਕੇ ਚੱਲਣ ਦੀ ਕੋਸ਼ਿਸ਼ ਕਰਦੇ ਹਨ। ਕਿਸਮਤ ਜਾਂ ਮੁਕੱਦਰ ਦੇ ਭਰੋਸੇ ਬੈਠੇ ਰਹਿ ਕੇ ਸਫਲਤਾ ਦੀ ਬੀਨ ਵਜਾਉਣ ਵਾਲਿਆਂ ਦੇ ਹੱਥ ਕੁਝ ਨਹੀਂ ਆਉਂਦਾ। ਸਫਲਤਾ ਉਸ ਨੂੰ ਹੀ ਮਿਲਦੀ ਹੈ, ਜੋ ਉਸ ਨੂੰ ਪਾਉਣ ਲਈ ਦ੍ਰਿੜ੍ਹ ਇੱਛਾ-ਸ਼ਕਤੀ ਨਾਲ ਕੋਸ਼ਿਸ਼ ਕਰਦਾ ਹੈ। ਸਫਲਤਾ ਲਈ ਪਹਿਲਾਂ ਤੋਂ ਹੀ ਸ਼ੱਕ ਪਾਲੀ ਬੈਠੇ ਵਿਅਕਤੀ ਨੂੰ ਮਨਚਾਹੀ ਸਫਲਤਾ ਕਦੇ ਨਹੀਂ ਮਿਲ ਸਕਦੀ। ਹਰ ਵਿਅਕਤੀ ਦੀ ਸਫਲਤਾ ਪਿੱਛੇ ਉਸ ਦੀਆਂ ਆਪਣੀਆਂ ਕੋਸ਼ਿਸ਼ਾਂ ਹੀ ਹੁੰਦੀਆਂ ਹਨ। ਸਫਲਤਾ ਕਿਸੇ ਨੂੰ ਇੰਜ ਹੀ ਮਿਲ ਗਈ ਹੋਵੇ ਤਾਂ ਉਹ ਸੰਯੋਗ ਮਾਤਰ ਹੋ ਸਕਦਾ ਹੈ, ਜੋ ਕਦੇ-ਕਦਾਈਂ ਹੀ ਸੰਭਵ ਹੈ।

ਚੰਗੀ ਤੇ ਮਾੜੀ ਕਿਸਮਤ ਦਾ ਭਰਮ ਅਣਗਿਣਤ ਲੋਕਾਂ ਨੂੰ ਬੈਠੇ ਬਿਠਾਏ ਨਾ-ਕਾਮਯਾਬ ਬਣਾ ਚੁੱਕਾ ਹੈ। ਅਨੇਕਾਂ ਨੌਜਵਾਨਾਂ ਦੀ ਅਕਸਰ ਇਹ ਧਾਰਨਾ ਹੁੰਦੀ ਹੈ ਕਿ ਜੇ ਕਿਸਮਤ ਨੇ ਸਾਥ ਦਿੱਤਾ ਤਾਂ ਸਫਲਤਾ ਮਿਲ ਹੀ ਜਾਵੇਗੀ। ਭਾਵੇਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਵੋ, ਜੇ ਕਿਸਮਤ ਬੁਲੰਦ ਨਾ ਹੋਈ ਤਾਂ ਕੁਝ ਨਹੀਂ ਹੋਣ ਵਾਲਾ। ਭਾਵ, ਕਿਸਮਤ ਸ਼ਕਤੀ ਦਾ ਆਧਾਰ ਹੈ, ਇਹ ਮੰਨਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੈ। ਇਸ ਤਰ੍ਹਾਂ ਆਪਣੀਆਂ ਅਸਫਲਤਾਵਾਂ ਤੇ ਕਮੀਆਂ ਦਾ ਦੋਸ਼ ਬੜੀ ਆਸਾਨੀ ਨਾਲ ਕਿਸਮਤ ਦੇ ਮੱਥੇ ਮੜ੍ਹ ਦਿੱਤਾ ਜਾਂਦਾ ਹੈ।

ਕਿਸਮਤ ਦੇ ਭਰੋਸੇ ਰਹਿਣ ਵਾਲੇ ਨੌਜਵਾਨ ਹੋਰਨਾਂ ਲਈ ਵੀ ਘਾਤਕ ਸਿੱਧ ਹੁੰਦੇ ਹਨ। ਉਹ ਆਪਣੀ ਨਿਰਾਸ਼ਾਵਾਦੀ ਪ੍ਰਵਿਰਤੀ ਦਾ ਜਾਣੇ-ਅਣਜਾਣੇ ਪ੍ਰਸਾਰ ਕਰਦੇ ਰਹਿੰਦੇ ਹਨ। ਲੋਕਾਂ 'ਚ ਇਹ ਧਾਰਨਾ ਘਰ ਕਰ ਜਾਂਦੀ ਹੈ ਕਿ ਕਿਸਮਤ ਨਾਲ ਹੀ ਸਫਲਤਾ ਮਿਲੇਗੀ ਜਾਂ ਜਿਨ੍ਹਾਂ ਨੂੰ ਸਫਲਤਾ ਮਿਲਦੀ ਹੈ ਉਹ ਹੀ ਕਿਸਮਤ ਦੇ ਧਨੀ ਹੁੰਦੇ ਹਨ। ਪ੍ਰੀਖਿਆ ਹੋਵੇ ਜਾਂ ਇੰਟਰਵਿਊ ਜਾਂ ਕੋਈ ਹੋਰ ਕੰਮ, ਉਸ ਵਿਚ ਸਫਲਤਾ ਪ੍ਰਾਪਤ ਕਰਨ ਲਈ ਕੰਮ ਦੀ ਸਹੀ ਵਿਓਂਤਬੰਦੀ, ਸ਼ਿੱਦਤ, ਸਮੇਂ ਦਾ ਸਹੀ ਪ੍ਰਬੰਧਨ, ਦ੍ਰਿੜ੍ਹਤਾ ਤੇ ਵਿਸ਼ਵਾਸ ਆਦਿ ਦਾ ਅਹਿਮ ਯੋਗਦਾਨ ਹੁੰਦਾ ਹੈ।

ਅਜੋਕੇ ਮੁਕਾਬਲੇ ਭਰੇ ਯੁੱਗ ਵਿਚ ਕਿਸੇ ਖੇਤਰ 'ਚ ਸਫਲਤਾ ਪ੍ਰਾਪਤ ਕਰਨੀ ਥੋੜ੍ਹੀ ਮੁਸ਼ਕਲ ਜ਼ਰੂਰ ਹੈ ਪਰ ਨਾ-ਮੁਮਕਿਨ ਨਹੀਂ ਹੈ। ਇਤਹਾਸ ਗਵਾਹ ਹੈ ਕਿ ਮਨੁੱਖ ਨੂੰ ਆਪਣੀ ਲੋੜ ਅਤੇ ਸੁਪਨੇ ਨੂੰ ਪੂਰਾ ਕਰਨ ਲਈ ਅਣਥੱਕ ਕੋਸ਼ਿਸ਼ਾਂ ਤੋਂ ਬਾਅਦ ਹੀ ਸਫਲਤਾ ਮਿਲੀ ਹੈ। ਨਾ-ਕਾਮਯਾਬੀਆਂ ਨੇ ਮਨੁੱਖ ਨੂੰ ਬਹੁਤ ਕੁਝ ਸਿਖਾਇਆ ਹੈ। ਜੇ ਮਨੁੱਖ ਕਿਸਮਤ ਦੇ ਭਰੋਸੇ ਬੈਠਾ ਰਹਿੰਦਾ ਤਾਂ ਯਕੀਨਨ ਅੱਜ ਵੀ ਉਸ ਬੀਤੇ ਪੁਰਾਣੇ ਜ਼ਮਾਨੇ ਦੀ ਹਾਲਤ 'ਚ ਜੀਅ ਰਿਹਾ ਹੁੰਦਾ। ਕਿਸੇ ਮਨੁੱਖ ਦੀ ਸਫਲਤਾ ਉਸ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ 'ਤੇ ਨਿਰਭਰ ਕਰਦੀ ਹੈ। ਜੇ ਲੋੜੀਂਦੇ ਯਤਨਾਂ ਦੇ ਬਾਵਜੂਦ ਵੀ ਕਾਮਯਾਬੀ ਨਹੀਂ ਮਿਲਦੀ ਤਾਂ ਉਸ ਦੇ ਅਨੇਕਾਂ ਕਾਰਨ ਤੇ ਕਮੀਆਂ ਹੋ ਸਕਦੀਆਂ ਹਨ, ਜਿਨ੍ਹਾਂ 'ਤੇ ਧਿਆਨ ਦੇ ਕੇ ਅਤੇ ਮੁੜ ਕੋਸ਼ਿਸ਼ ਕਰ ਕੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਬਿਹਤਰ ਇਹੀ ਹੈ ਕਿ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ 'ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਜਾਵੇ। ਆਪਣੇ ਕਿੱਤੇ ਜਾਂ ਟੀਚੇ ਬਾਰੇ ਤੈਅ ਕਰਨ ਤੋਂ ਪਹਿਲਾਂ ਉਸ ਨਾਲ ਮਿਲਦੇ-ਜੁਲਦੇ ਬਦਲਾਂ 'ਤੇ ਵੀ ਧਿਆਨ ਦੇਵੋ। ਨਿਰਾਸ਼ਾ ਜਾਂ ਨਕਾਰਾਤਮਕ ਸੋਚ ਤੋਂ ਉੱਭਰ ਕੇ ਆਸ਼ਾਵਾਦੀ ਤੇ ਸਕਾਰਾਤਮਕ ਸੋਚ ਅਪਨਾਉਣਾ ਬੇਹੱਦ ਜ਼ਰੂਰੀ ਹੈ। ਸਫਲਤਾ ਪ੍ਰਤੀ ਕਿਸੇ ਤਰ੍ਹਾਂ ਦੇ ਸ਼ੱਕ ਜਾਂ ਭਰਮ ਨੂੰ ਨਾ ਪਾਲੋਂ। ਯਾਦ ਰੱਖੋ ਕਿ ਕਿਸੇ ਵੀ ਵਿਅਕਤੀ ਨੂੰ ਸਫਲਤਾ ਸਿਰਫ ਚੁਟਕੀ ਵਜਾਉਣ ਨਾਲ ਨਹੀਂ ਮਿਲ ਜਾਂਦੀ। ਹਰ ਸਫਲਤਾ ਪਿੱਛੇ ਉਸ ਨੂੰ ਦੀਆਂ ਇਮਾਨਦਾਰੀ ਨਾਲ ਕੀਤੀਆਂ ਗਈਆਂ ਕੋਸ਼ਿਸ਼ਾਂ ਹੀ ਹੁੰਦੀਆਂ ਹਨ।

ਨਾ-ਕਾਮਯਾਬੀ ਨੂੰ ਭੁੱਲ ਜਾਣਾ ਤੇ ਉਸ ਤੋਂ ਸਬਕ ਲੈ ਕੇ ਅੱਗੇ ਵਧਣਾ ਹੀ ਚੰਗਾ ਹੁੰਦਾ ਹੈ। ਸਫਲ ਹੋਣ ਤਕ ਅੱਗੇ ਵਧਦੇ ਰਹੋ। ਨਿਰਾਸ਼ ਹੋ ਕੇ ਜਾਂ ਹਾਰ ਕੇ ਨਾ ਬੈਠੋ। ਮੰਜ਼ਿਲ ਤੁਹਾਡੇ ਤੋਂ ਜ਼ਿਆਦਾ ਦੂਰ ਨਹੀਂ ਹੈ। ਸਫਲਤਾ ਤੁਹਾਡੇ ਤੋਂ ਬੱਸ ਕੁਝ ਹੀ ਕਦਮਾਂ ਦੀ ਦੂਰੀ 'ਤੇ ਹੈ। ਤੁਸੀਂ ਉਸ ਨੂੰ ਦੇਖ ਰਹੇ ਹੋ ਤਾਂ ਉਸ ਨੂੰ ਤੁਹਾਡੀ ਝੋਲੀ ਪੈਣ ਤੋਂ ਕੋਈ ਨਹੀਂ ਰੋਕ ਸਕਦਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਫਲਤਾ ਅਤੇ ਤੁਹਾਡੇ ਵਿਚਕਾਰ ਕਿਸਮਤ ਦਾ ਕੋਈ ਪੜਾਅ ਹੈ ਹੀ ਨਹੀਂ। •

---

**ਕੈਂਪਸ ਪਲੇਸਮੈਂਟ ਜ਼ਿਆਦਾਤਰ ਵਿਦਿਆਰਥੀਆਂ ਦੇ ਜੀਵਨ ਦੀ ਪਹਿਲੀ ਜਾਬ ਜਾਂ ਇੰਟਰਵਿਊ ਹੁੰਦੀ ਹੈ। ਜ਼ਾਹਿਰ ਹੈ ਕਿ ਉਹ ਘਬਰਾਉਂਦੇ ਹੋਣਗੇ...**

# ਇੰਟਰਵਿਊ ਦੌਰਾਨ ਰੱਖੋ ਧਿਆਨ



ਕੁਝ ਸਾਲ ਪਹਿਲਾਂ ਨੌਕਰੀਆਂ ਲਈ ਅਖ਼ਬਾਰਾਂ 'ਚ ਪ੍ਰਮੁੱਖਤਾ ਨਾਲ ਇਸ਼ਤਿਹਾਰ ਪ੍ਰਕਾਸ਼ਿਤ ਹੁੰਦੇ ਸਨ। ਉਨ੍ਹਾਂ ਦੇ ਆਧਾਰ 'ਤੇ ਹੀ ਚਾਹਵਾਨ ਉਮੀਦਵਾਰ ਨੌਕਰੀਆਂ ਲਈ ਅਰਜ਼ੀਆਂ ਦਿੰਦੇ ਸਨ। ਪਰ ਹੁਣ ਉਹ ਜ਼ਮਾਨਾ ਬਦਲ ਗਿਆ ਹੈ। ਅਖ਼ਬਾਰਾਂ 'ਚ ਅਜੇ ਵੀ ਨੌਕਰੀਆਂ ਲਈ ਇਸ਼ਤਿਹਾਰ ਤਾਂ ਪ੍ਰਕਾਸ਼ਿਤ ਹੁੰਦੇ ਹਨ ਪਰ ਜੋ ਨਵਾਂ ਦੌਰ ਚੱਲ ਰਿਹਾ ਹੈ, ਉਸ ਨੂੰ ਕੈਂਪਸ ਸਿਲੈਕਸ਼ਨ ਕਿਹਾ ਜਾਂਦਾ ਹੈ। ਕੈਂਪਸ ਸਿਲੈਕਸ਼ਨ ਦਾ ਅਰਥ ਹੈ ਕਿ ਕੰਪਨੀ ਦੇ ਲੋਕ ਜਾਂ ਚੋਣਕਰਤਾ ਖ਼ੁਦ ਕਾਲਜ ਜਾਂ ਸਬੰਧਤ ਸਿੱਖਿਆ ਸੰਸਥਾਵਾਂ 'ਚ ਜਾ ਕੇ ਉਥੋਂ ਦੇ ਵਿਦਿਆਰਥੀਆਂ ਦੀ ਚੋਣ ਕਰਦੇ ਹਨ।

ਜਦੋਂ ਤੁਸੀਂ ਇੰਟਰਵਿਊ ਦੇ ਰਹੇ ਹੋ ਤਾਂ ਹੋਰਨਾਂ ਗੱਲਾਂ ਤੋਂ ਇਲਾਵਾ ਆਪਣੇ ਵਿਅਕਤੀਤਵ 'ਤੇ ਵੀ ਗੌਰ ਕਰਨ ਦੀ ਜ਼ਰੂਰਤ ਹੈ। ਆਮ ਤੌਰ 'ਤੇ ਕੈਂਪਸ ਸਿਲੈਕਸ਼ਨ 'ਚ ਚੋਣਕਰਤਾ ਵਿਦਿਆਰਥੀ ਦਾ ਵਿੱਦਿਅਕ ਰਿਕਾਰਡ ਤਾਂ ਦੇਖਦਾ ਹੀ ਹਨ, ਉਸ ਦੀ ਨਿਗ੍ਹਾ ਉਮੀਦਵਾਰ ਦੀ ਓਵਰਆਲ ਪ੍ਰਫਾਰਮੈਂਸ 'ਤੇ ਵੀ ਹੁੰਦੀ ਹੈ। ਇਸ 'ਚ ਉਮੀਦਵਾਰ ਦਾ ਆਤਮ-ਵਿਸ਼ਵਾਸ, ਅੱਖਾਂ ਦੀ ਭਾਸ਼ਾ, ਕਮਿਊਨੀਕੇਸ਼ਨ ਸਕਿੱਲ, ਜਰਨਲ ਅਵੇਅਰਨੈੱਸ, ਕੱਪੜਿਆਂ ਦੀ ਚੋਣ, ਹੇਅਰ ਸਟਾਈਲ, ਚੱਲਣ-ਫਿਰਨ ਤੇ ਬੈਠਣ ਦਾ ਅੰਦਾਜ਼ ਆਦਿ ਆਉਂਦੇ ਹਨ। ਇਸ ਆਧਾਰ 'ਤੇ ਚੋਣਕਰਤਾ ਸਬੰਧਤ ਉਮੀਦਵਾਰ ਨੂੰ ਲੈ ਕੇ ਸਕਾਰਾਤਮਕ ਜਾਂ ਨਕਾਰਾਤਮਕ ਰਵੱਈਆ ਬਣਾਉਂਦਾ ਹੈ।

### ਆਤਮ-ਵਿਸ਼ਵਾਸ

ਕੈਂਪਸ ਪਲੇਸਮੈਂਟ ਜ਼ਿਆਦਾਤਰ ਵਿਦਿਆਰਥੀਆਂ ਦੇ ਜੀਵਨ ਦੀ ਪਹਿਲੀ ਜੌਬ ਜਾਂ ਇੰਟਰਵਿਊ ਹੁੰਦੀ ਹੈ। ਜ਼ਾਹਿਰ ਹੈ ਕਿ ਉਹ ਘਬਰਾਉਂਦੇ ਹੋਣਗੇ ਪਰ ਸਾਰੇ ਉਮੀਦਵਾਰਾਂ ਲਈ ਜ਼ਰੂਰੀ ਹੈ ਕਿ ਆਤਮ-ਵਿਸ਼ਵਾਸ ਬਣਾਈ ਰੱਖੋ। ਪ੍ਰਸਿੱਧ ਵਿਦਵਾਨ ਹੈਨਲੇ ਨੇ ਕਿਹਾ ਸੀ, 'ਮੈਂ ਹੀ ਆਪਣੀ ਆਤਮਾ ਦਾ ਫ਼ੌਜ ਮੁਖੀ ਹਾਂ।' ਆਪਣੇ ਆਤਮ-ਵਿਸ਼ਵਾਸ ਨੂੰ ਬਣਾ ਕੇ ਰੱਖਣ ਲਈ ਇਸ ਤੋਂ ਵਧ ਕੇ ਕੋਈ ਦੂਸਰਾ ਕੋਈ ਕਥਨ ਨਹੀਂ ਹੋ ਸਕਦਾ।

### ਰਜ਼ਿਊਮ ਰੱਖੋ ਦਰੁੱਸਤ

ਧਿਆਨ ਰੱਖੋ ਕਿ ਤੁਹਾਡਾ ਰਜ਼ਿਊਮ ਤੁਹਾਡੇ ਵਿਸ਼ੇ ਪ੍ਰਤੀ ਸਭ ਕੁਝ ਸਪਸ਼ਟ ਕਰਦਾ ਹੋਵੇ। ਇਸ 'ਚ ਆਪਣੀਆਂ ਉਪਲੱਬਧੀਆਂ ਨੂੰ ਮੋਟੇ ਅੱਖ਼ਰਾਂ ਨਾਲ ਦਿਖਾਓ। ਜੇ ਤੁਹਾਡਾ ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਅਕਾਊਂਟ ਹੈ ਤਾਂ ਉਥੋਂ ਵੀ ਅਜਿਹੀਆਂ ਜਾਣਕਾਰੀਆਂ, ਜੋ ਤੁਹਾਡੀ ਨੌਕਰੀ ਲਈ ਹਾਨੀਕਾਰਕ ਹੋ ਸਕਦੀਆਂ ਹਨ, ਉਨ੍ਹਾਂ ਨੂੰ ਡਿਲੀਟ ਕਰ ਦਿਓ। ਤੁਹਾਡਾ ਬਾਇਓਡਾਟਾ ਜ਼ਿਆਦਾ ਵੱਡਾ ਨਾ ਹੋਵੇ।

### ਕੱਪੜਿਆਂ ਦੀ ਚੋਣ

ਕੈਂਪਸ ਇੰਟਰਵਿਊ 'ਚ ਕੱਪੜਿਆਂ ਦੀ ਚੋਣ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਕੋਈ ਜ਼ਰੂਰੀ ਨਹੀਂ ਕਿ ਤੁਸੀਂ ਮਹਿੰਗੇ ਕੱਪੜੇ ਹੀ ਪਾ ਕੇ ਜਾਓ। ਜੋ ਵੀ ਪਹਿਨੋ, ਦਫ਼ਤਰ ਦੇ ਮਾਹੌਲ ਦੇ ਅਨੁਕੂਲ ਹੋਣਾ ਚਾਹੀਦਾ ਹੈ। •

---

**ਨਿਵੇਸ਼ ਲਈ ਦੁਨੀਆ 'ਚ ਲੱਖਾਂ ਤਰੀਕੇ ਹਨ ਪਰ ਸਭ ਤੋਂ ਵਧੀਆ ਤਰੀਕਾ ਕਿਹੜਾ ਹੈ? ਮਿਊਚਲ ਫੰਡ, ਬਾਂਡ ਜਾਂ ਫਿਰ ਹੋਰ ਪਰ ਕੀ ਤੁਹਾਨੂੰ ਪਤਾ ਹੈ ਕਿ ਸਭ ਤੋਂ ਵਧੀਆ ਨਿਵੇਸ਼ ਤੁਹਾਡੇ ਸਾਹਮਣੇ ਮੌਜੂਦ ਹੈ। ਉਹ ਹੈ ਆਪਣਾ ਗਿਆਨ ਵਧਾਉਣ ਲਈ ਅਧਿਐਨ ਕਰਨਾ। ਜੇ ਤੁਸੀਂ ਆਪਣਾ ਗਿਆਨ ਵਧਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਸਮਝੋ ਇਸ ਤੋਂ ਵੱਡਾ ਨਿਵੇਸ਼ ਹੋਰ ਕੋਈ ਨਹੀਂ ਹੈ। ਸਵੈ-ਅਧਿਐਨ ਲਈ ਕਿਸੇ ਸਕੂਲ ਜਾਣ ਦੀ ਜ਼ਰੂਰਤ ਨਹੀਂ। ਬਸ, ਜ਼ਰੂਰੀ ਹੈ ਆਪਣਾ ਗਿਆਨ ਵਧਾਉਣ ਲਈ ਖ਼ੁਦ ਨੂੰ ਤਿਆਰ ਕਰਨਾ...**

# ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ

ਤੁਹਾਡੀ ਨਜ਼ਰ 'ਚ ਚੰਗਾ ਕੀ ਹੈ-ਉਹ ਸ਼ਖ਼ਸ, ਜਿਸ ਨੇ 22 ਸਾਲ ਦੀ ਉਮਰ ਤਕ ਪੜ੍ਹਾਈ ਕੀਤੀ ਤੇ ਨੌਕਰੀ ਮਿਲਣ ਮਗਰੋਂ ਗਿਆਨ ਹਾਸਲ ਕਰਨਾ ਛੱਡ ਦਿੱਤਾ ਜਾਂ ਫਿਰ ਉਹ ਬਜ਼ੁਰਗ, ਜੋ ਹਰ ਸਾਲ ਕੁਝ ਨਵਾਂ ਪੜ੍ਹਦੇ ਹਨ ਤੇ ਨਵਾਂ ਸਿੱਖਦੇ ਹਨ। ਦੁਨੀਆ ਦਾ ਸਭ ਤੋਂ ਵਧੀਆ ਸ਼ਖ਼ਸ ਉਹ ਹੈ, ਜੋ ਕਿਸੇ ਨਵੀਂ ਚੀਜ਼ ਨੂੰ ਸਿੱਖਣ ਲਈ ਉਤਸ਼ਾਹ ਨਾਲ ਅੱਗੇ ਵਧਦਾ ਹੈ ਅਤੇ ਉਸ ਨੂੰ ਚੁਣੌਤੀ ਵਜੋਂ ਲੈਂਦਾ ਹੈ। ਸਿਰਫ਼ ਜ਼ਰੂਰੀ ਹੈ ਤੁਹਾਡੇ ਅੰਦਰ ਨਵੀਂ ਚੀਜ਼ ਨੂੰ ਸਿੱਖਣ ਲਈ ਸ਼ੌਕ ਹੋਵੇ। ਜਿੰਨਾ ਜ਼ਿਆਦਾ ਸ਼ੌਕ ਹੋਵੇਗਾ, ਤੁਹਾਡੀ ਸਮਝ ਓਨੀ ਵਧੀਆ ਬਣੇਗੀ।

### ਨਵੇਂ ਤਜਰਬੇ

ਸਵੈ-ਅਧਿਐਨ ਨਵੇਂ ਤਜਰਬਿਆਂ ਲਈ ਸਭ ਤੋਂ ਸੌਖਾ ਤੇ ਵਧੀਆ ਤਰੀਕਾ ਹੈ। ਸਿਰਫ਼ ਧਿਆਨ ਇਹ ਰੱਖਣਾ ਹੈ ਕਿ ਤੁਸੀਂ ਆਪਣੇ ਸ਼ੌਕ ਮੁਤਾਬਕ ਸ਼ੁਰੂ 'ਚ ਖੋਜੀ ਪ੍ਰਵਿਰਤੀ ਨੂੰ ਅਪਣਾਓ। ਇਸ ਲਈ ਤੁਸੀਂ ਕੁਝ ਵੀ ਕਰ ਸਕਦੇ ਹੋ। ਕੀ ਤੁਸੀਂ ਆਪਣੀ ਫਿਟਨੈੱਸ ਲਈ ਕਰਾਸਫਿੱਟ ਸਿੱਖਣਾ ਚਾਹੁੰਦੇ ਹੋ। ਇਸ ਲਈ ਨਜ਼ਦੀਕੀ ਕਿਸੇ ਵੀ ਜਿੰਮ 'ਚ ਜਾ ਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਜੇ ਤੁਹਾਡੀ ਰੁਚੀ ਖਾਣਾ ਬਣਾਉਣ ਅਤੇ ਲੋਕਾਂ ਨੂੰ ਖਿਲਾਉਣ 'ਚ ਹੈ ਤਾਂ ਤੁਸੀਂ ਆਪਣਾ ਫੂਡ ਬਲੌਗ ਸ਼ੁਰੂ ਕਰ ਸਕਦੇ ਹੋ। ਇਸ ਲਈ ਸੈਲਫ਼ ਸਟੱਡੀ ਦੀਆਂ ਭਰਪੂਰ ਸੰਭਾਵਨਾਵਾਂ ਹਨ। ਖ਼ੂਬ ਸਿੱਖੋ ਤੇ ਆਪਣੇ ਗਿਆਨ ਦੀ ਆਪਣੇ ਚੰਗੇ ਭਵਿੱਖ ਲਈ ਵਰਤੋਂ ਕਰੋ। ਕੀ ਤੁਸੀਂ ਪੇਂਟਿੰਗ ਕਰਨਾ ਚਾਹੁੰਦੇ ਹੋ? ਸਵੈ-ਅਧਿਐਨ ਨਾਲ ਤੁਸੀਂ ਇਸ ਲਈ ਵੱਖਰੀ ਕਲਾਸ ਵੀ ਲਗਾ ਸਕਦੇ ਹੋ। ਅਜਿਹੀਆਂ ਕਲਾਸਾਂ ਆਨਲਾਈਨ ਵੀ ਹੁੰਦੀਆਂ ਹਨ।

ਅਜਿਹੀਆਂ ਹਜ਼ਾਰਾਂ ਚੀਜ਼ਾਂ ਹਨ, ਜਿਨ੍ਹਾਂ ਨਾਲ ਤੁਸੀਂ ਆਪਣੇ ਗਿਆਨ 'ਚ ਵਾਧਾ ਕਰ ਸਕਦੇ ਹੋ ਅਤੇ ਖ਼ੁਦ ਨਵੀਆਂ-ਨਵੀਆਂ ਚੀਜ਼ਾਂ ਨੂੰ ਜੋੜ ਸਕਦੇ ਹੋ। ਇਸ ਸਭ ਲਈ ਜ਼ਰੂਰੀ ਹੈ ਤੁਸੀਂ ਕਿਹੜਾ ਤਰੀਕਾ ਅਪਨਾਉਣਾ ਚਾਹੁੰਦੇ ਹੋ। ਧਿਆਨ ਰੱਖੋ ਕਿ ਸ਼ੁਰੂਆਤ 'ਚ ਔਖਾ ਰਾਹ ਨਾ ਚੁਣੋ, ਨਹੀਂ ਤਾਂ ਤੁਹਾਡੀ ਰੁਚੀ ਇਕਦਮ ਘੱਟ ਹੋਣ ਲੱਗੇਗੀ।

### ਨਜ਼ਰੀਏ 'ਚ ਲਿਆਓ ਤਬਦੀਲੀ

ਜੇ ਅਸੰਭਵ ਨੂੰ ਸੰਭਵ ਕਰਨ ਲਈ ਤੁਸੀਂ ਅੱਗੇ ਵਧਦੇ ਹੋ ਤਾਂ ਸਮਝੋ ਅੱਧੀ ਲੜਾਈ ਤਾਂ ਤੁਸੀਂ ਇਥੇ ਹੀ ਜਿੱਤ ਲਈ। ਖ਼ੁਦ ਦਾ ਗਿਆਨ ਇਥੇ ਸਭ ਤੋਂ ਅਹਿਮ ਹਥਿਆਰ ਹੈ। ਜੇ ਤੁਹਾਨੂੰ ਕਿਸੇ ਵੀ ਖੇਤਰ ਦਾ ਗਿਆਨ ਹੈ ਤਾਂ ਉਸ 'ਚ ਮੰਜ਼ਿਲ ਹਾਸਲ ਕਰਨ ਲਈ ਤੁਹਾਨੂੰ ਕੋਈ ਪਰੇਸ਼ਾਨੀ ਨਹੀਂ ਆਵੇਗੀ। ਜੇ ਤੁਸੀਂ ਇਕ ਵਾਰ ਆਦਤ ਬਣਾ ਲਈ ਤਾਂ ਤੁਸੀਂ ਖ਼ੁਦ ਨੂੰ ਸਭ ਤੋਂ ਅਲੱਗ ਤੇ ਸਭ ਤੋਂ ਉੱਪਰ ਦੇਖੋਗੇ। ਸਿੱਖਣ, ਸਮਝਣ ਤੇ ਉਸ ਤੋਂ ਬਾਅਦ ਕੰਮ ਕਰਨ ਦੀ ਸਮਰਥਾ ਨੂੰ ਲਗਾਤਾਰ ਵਧਾਓ। ਫਿਰ ਕੀ ਹੈ, ਨਵੇਂ ਰਾਹ ਬਣਦੇ ਜਾਣਗੇ ਤੇ ਤੁਸੀਂ ਸਿਖ਼ਰ ਵੱਲ ਵਧਦੇ ਜਾਓਗੇ।

### ਗਿਆਨ ਕੋਈ ਨਹੀਂ ਖੋਹ ਸਕਦਾ

ਸਵੈ-ਅਧਿਐਨ ਦੀ ਸਭ ਤੋਂ ਵੱਡੀ ਖ਼ਾਸੀਅਤ ਇਹੀ ਹੈ ਕਿ ਇਸ ਨਾਲੋਂ ਤੁਹਾਨੂੰ ਕੋਈ ਅਲੱਗ ਨਹੀਂ ਕਰ ਸਕਦਾ। ਨਾ ਹੀ ਕੋਈ ਖੋਹ ਸਕਦਾ ਹੈ ਤੇ ਨਾ ਹੀ ਤੁਹਾਨੂੰ ਇਸ ਤੋਂ ਦੂਰ ਕਰ ਸਕਦਾ ਹੈ। ਜੋ ਗਿਆਨ ਤੁਸੀਂ ਹਾਸਿਲ ਕੀਤਾ ਹੈ, ਉਹ ਹਮੇਸ਼ਾ ਲਈ ਤੁਹਾਡਾ ਹੈ। ਦੁਨੀਆ ਇਧਰ ਦੀ ਉਧਰ ਹੋ ਜਾਵੇ ਪਰ ਜੋ ਜਾਇਦਾਦ ਤੁਹਾਡੀ ਹੈ, ਉਹ ਤਾ-ਉਮਰ ਤੁਹਾਡੇ ਕੋਲ ਹੀ ਰਹੇਗੀ। ਇਸ ਲਈ ਤੁਸੀਂ ਕਹਿ ਸਕਦੇ ਹੋ ਕਿ ਖ਼ੁਦ ਦੇ ਹਾਸਲ ਗਿਆਨ ਤੋਂ ਵੱਡੀ ਜਾਇਦਾਦ ਕੋਈ ਨਹੀਂ ਹੁੰਦੀ। ਸਵੈ-ਅਧਿਐਨ ਕਰੋ ਤੇ ਆਨੰਦਮਈ ਜ਼ਿੰਦਗੀ ਜੀਓ। •




### ਕੋਸ਼ਿਸ਼ ਨਾਲ ਮਿਲੇਗੀ ਸਫਲਤਾ

ਵਾਕਿਆ ਹੀ, ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ। ਯਾਦ ਰੱਖੋ ਕਿ ਨਵੀਂ ਚੀਜ਼ ਸਿੱਖਣ ਲਈ ਸ਼ੁਰੂ 'ਚ ਮੁਸ਼ਕਲ ਆ ਸਕਦੀ ਹੈ। ਕਈ ਵਾਰ ਅਜਿਹਾ ਹੋਵੇਗਾ ਕਿ ਤੁਹਾਨੂੰ ਕੁਝ ਸਮਝ ਨਹੀਂ ਆਵੇਗਾ ਪਰ ਤੁਹਾਨੂੰ ਪਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ। ਉਸ ਮੌਕੇ ਹੌਸਲਾ ਰੱਖ ਕੇ ਲਗਾਤਾਰ ਸਮਝਣ ਦੀ ਕੋਸ਼ਿਸ਼ ਨਾਲ ਸਫਲਤਾ ਮਿਲੇਗੀ। ਕਈ ਕੋਸ਼ਿਸ਼ਾਂ ਕਰਨ ਤੋਂ ਬਾਅਦ ਅਚਾਨਕ ਤੁਹਾਨੂੰ ਲੱਗੇਗਾ ਕਿ ਤੁਸੀਂ ਇਕ ਨਵੀਂ ਚੀਜ਼ ਸਿੱਖ ਲਈ ਹੈ। ਇਸ ਜਜ਼ਬੇ ਨੂੰ ਜਿੰਨਾ ਜ਼ਿਆਦਾ ਕਾਇਮ ਰੱਖੋਗੇ, ਓਨੀ ਆਸਾਨੀ ਨਾਲ ਤੁਸੀਂ ਅੱਗੇ ਵਧਦੇ ਜਾਓਗੇ।

# ਨਸ਼ਿਆਂ ਦੇ ਵਪਾਰ ਵਿੱਚ ਸ਼ਾਮਲ ਕਾਲੀਆਂ ਭੇਡਾਂ ਦੀ ਪਛਾਣ ਕੀਤੀ ਜਾਵੇਗੀ: ਮੁੱਖ ਮੰਤਰੀ

## ➢ ਨਸ਼ਿਆਂ ਦੀ ਸਮੱਸਿਆ ਵਿਰੁੱਧ ਸਖ਼ਤੀ ਨਾਲ ਨਜਿੱਠਣ ਦਾ ਪ੍ਰਣ ਲਿਆ ➢ ਆਪ੍ਰੇਸ਼ਨ ਸਿੰਦੂਰ 'ਤੇ ਭਾਜਪਾ ਦੀਆਂ ਨੌਟੰਕੀਆਂ ਦਾ ਕੋਈ ਫਾਇਦਾ ਨਹੀਂ ਹੋਣਾ ➢ ਸੂਬਾ ਸਰਕਾਰ ਸਮਾਜ ਦੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਨੂੰ ਖਤਮ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾ ਰਿਹਾ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਇੱਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਮੰਤਰੀ ਖੁਦ ਨਸ਼ੇ ਵੇਚਦੇ ਸਨ ਜਦਕਿ ਉਨ੍ਹਾਂ ਦੀ ਸਰਕਾਰ ਦਾ ਕੋਈ ਵੀ ਵਿਅਕਤੀ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਨਹੀਂ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ ਅਤੇ ਅੱਜ ਮਨੁੱਖਤਾ ਵਿਰੁੱਧ ਇਸ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾ ਰਿਹਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿੱਚ ਵੀ ਕਾਲੀਆਂ ਭੇਡਾਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਨਤੀਜੇ ਵਜੋਂ ਸੂਬੇ ਦੇ ਕਈ ਪਿੰਡਾਂ ਨੂੰ ਨਸ਼ਾ ਮੁਕਤ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸੂਬੇ 'ਚੋਂ ਨਸ਼ਿਆਂ ਦਾ ਮੁਕੰਮਲ ਖ਼ਾਤਮਾ ਨਹੀਂ ਹੋ ਜਾਂਦਾ ਅਤੇ ਪੰਜਾਬ ਨੂੰ ਇਸ ਲਾਹਨਤ ਤੋਂ ਮੁਕਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਵਿਰੁੱਧ ਜੰਗ ਨੂੰ ਜਿੱਤਣ ਤੱਕ ਆਰਾਮ ਨਾਲ ਨਹੀਂ ਬੈਠੇਗੀ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਕਿਸਾਨ ਯੂਨੀਅਨਾਂ



ਨੂੰ ਉਨ੍ਹਾਂ ਨਾਲ ਬਹਿਸ ਕਰਨ ਦੀ ਚਿੰਤਾ ਹੋਈ ਪਈ ਹੈ ਜਦਕਿ ਉਹ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਝੋਨੇ ਦੀ ਬਿਜਾਈ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਅਤੇ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਸਹੂਲਤ ਲਈ ਵਿਸਥਾਰਤ ਪ੍ਰਬੰਧ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਦੇ ਨਾਮ 'ਤੇ ਵੋਟਾਂ ਮੰਗਣ ਨਾਲ ਭਾਜਪਾ ਨੂੰ ਕੋਈ ਫਾਇਦਾ ਨਹੀਂ ਹੋਵੇਗਾ ਕਿਉਂਕਿ ਲੋਕ ਭਗਵਾਂ ਪਾਰਟੀ ਦੀਆਂ ਚਾਲਾਂ 'ਚ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਡਰਾਮੇ ਹਨ ਅਤੇ ਸੂਬੇ ਅਤੇ ਦੇਸ਼ ਦੇ ਸੂਝਵਾਨ ਲੋਕ ਕਦੇ ਵੀ ਇਨ੍ਹਾਂ ਦੀ ਚਾਲਾਂ ਦਾ ਸ਼ਿਕਾਰ ਨਹੀਂ ਹੋਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਹਾਸੋਹੀਣੀ ਗੱਲ ਹੈ ਕਿ ਭਾਜਪਾ ਅਤੇ ਕੇਂਦਰ ਸਰਕਾਰ ਬਿਨਾਂ ਕਿਸੇ ਤਰਕ ਦੇ ਹਰ ਘਰ ਵਿੱਚ ਸਿੰਦੂਰ ਭੇਜ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨੀਤੀ ਆਯੋਗ ਦੀ ਹਾਲ ਹੀ ਵਿੱਚ ਹੋਈ ਮੀਟਿੰਗ ਦੌਰਾਨ ਉਨ੍ਹਾਂ ਨੇ ਕੇਂਦਰ ਸਰਕਾਰ ਕੋਲ ਸਰਹੱਦੀ ਖੇਤਰਾਂ ਵਿੱਚ ਕਾਲਜ ਅਤੇ ਉਦਯੋਗ ਸਥਾਪਤ ਕਰਨ ਦੀ ਮੰਗ ਰੱਖੀ ਸੀ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣਾ ਬਹੁਤ ਜ਼ਰੂਰੀ ਹੈ ਜੋ ਕਈ ਕਾਰਨਾਂ ਕਰਕੇ ਪਛੜ ਗਏ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਦੇ ਉਨ੍ਹਾਂ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਮੁੱਦਾ ਵੀ ਉਠਾਇਆ ਹੈ ਜਿਨ੍ਹਾਂ ਦੀ ਜ਼ਮੀਨ ਕੌਮਾਂਤਰੀ ਸਰਹੱਦ ਅਤੇ ਵਾੜ ਦੇ ਵਿਚਕਾਰ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਵਾਧੂ ਪਾਣੀ ਨਹੀਂ ਹੈ ਅਤੇ ਨਾਲ ਹੀ ਕਿਸੇ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਜ਼ਿਆਦਾਤਰ ਬਲਾਕ ਡਾਰਕ ਜ਼ੋਨ (ਖਤਰੇ ਦੀ ਕਗਾਰ 'ਤੇ) 'ਚ ਹਨ ਅਤੇ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਹੁਤ ਗੰਭੀਰ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਜ਼ਿਆਦਾਤਰ ਦਰਿਆਈ ਸਰੋਤ ਸੁੱਕ ਗਏ ਹਨ, ਜਿਸ ਕਰਕੇ ਇਸ ਨੂੰ ਆਪਣੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਰ ਪਾਣੀ ਦੀ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦਾ ਪੱਧਰ ਵਾਰ-ਵਾਰ ਬਦਲਣ ਦੇ ਮੱਦੇਨਜ਼ਰ ਪਾਣੀਆਂ ਦੇ ਹਰੇਕ ਸਮਝੌਤੇ ਦੀ ਹਰ 25 ਸਾਲਾਂ ਬਾਅਦ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਇੱਕ ਲੈਂਡਲੌਕ ਸਰਹੱਦੀ ਸੂਬਾ ਹੈ ਜਿਸਨੇ ਦੇਸ਼ ਨੂੰ ਅਨਾਜ ਦੇਣ ਲਈ ਪਾਣੀ ਅਤੇ ਉਪਜਾਊ ਮਿੱਟੀ ਦੇ ਮਾਮਲੇ ਵਿੱਚ ਆਪਣੇ ਇੱਕੋ-ਇੱਕ ਉਪਲਬਧ ਕੁਦਰਤੀ ਸਰੋਤਾਂ ਦੀ ਪਹਿਲਾਂ ਹੀ ਬਹੁਤ ਜ਼ਿਆਦਾ ਵਰਤੋਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਿਛਲੇ ਆਗੂਆਂ ਨੇ ਕਈ ਮੁੱਦਿਆਂ 'ਤੇ ਆਪਣੇ ਹਿੱਤਾਂ ਨੂੰ ਸੂਬੇ ਨਾਲੋਂ ਉੱਪਰ ਰੱਖ ਕੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।

ਮੁੱਖ ਮੰਤਰੀ ਨੇ ਸੂਬੇ ਨੂੰ ਇਨਸਾਫ਼ ਦਿਵਾਉਣ ਲਈ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਦੇ ਪੁਨਰਗਠਨ ਦੀ ਮੰਗ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕੋਟੇ ਦੀਆਂ 3000 ਅਸਾਮੀਆਂ ਬੀਬੀਐਮਬੀ ਵੱਲੋਂ ਜਾਣਬੁੱਝ ਕੇ ਨਹੀਂ ਭਰੀਆਂ ਗਈਆਂ ਹਨ ਤਾਂ ਜੋ ਪਾਣੀਆਂ 'ਤੇ ਸੂਬੇ ਦੇ ਦਾਅਵੇ ਨੂੰ ਕਮਜ਼ੋਰ ਕੀਤਾ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲਾਂਕਿ ਇਨ੍ਹਾਂ ਅਸਾਮੀਆਂ ਨੂੰ ਜਲਦ ਤੋਂ ਜਲਦ ਭਰਨ ਲਈ ਜ਼ੋਰ ਲਾਇਆ ਜਾਵੇਗਾ ਤਾਂ ਜੋ ਸੂਬੇ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਏਗਾ ਪੰਜਾਬ: ਸ਼ੈਰੀ ਕਲਸੀ



**ਬਟਾਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਥਾਪਨਾ ਦਿਵਸ ਨੂੰ ਪੂਰੀ ਸ਼ਾਨੋ-ਸ਼ੌਕਤ ਅਤੇ ਆਧੁਨਿਕ ਢੰਗ ਨਾਲ ਵਿਸ਼ਵ ਪੱਧਰ ਤੇ ਮਨਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਅਧਿਆਤਮਿਕ ਵਿਰਾਸਤ ਨਾ ਸਿਰਫ ਪੰਜਾਬ ਲਈ ਵਿਸ਼ਵਾਸ ਤੇ ਸ਼ਰਧਾ ਦਾ ਵਿਸ਼ਾ ਹੈ, ਬਲਕਿ ਕੁੱਲ ਦੁਨੀਆ ਲਈ ਕੁਰਬਾਨੀ, ਹਿੰਮਤ ਅਤੇ ਮਨੁੱਖਤਾ ਦਾ ਸੰਦੇਸ਼ ਹੈ। ਉਨਾਂ ਕਿਹਾ ਕਿ ਇਹ ਸਾਡੀ ਵਿਰਾਸਤ ਹੈ। ਸ਼ਾਨਾ ਮੱਤੀ ਅਤੇ ਬੇਮਿਸਾਲ ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸਨੂੰ ਅਗਲੀਆਂ ਪੀੜ੍ਹੀਆਂ ਤੱਕ ਲੈ ਕੇ ਜਾਈਏ।

ਉਨਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਇਤਿਹਾਸਕ ਮੌਕਿਆਂ ਨੂੰ ਆਧੁਨਿਕ ਸਾਧਨਾਂ, ਤਕਨਾਲੋਜੀ ਅਤੇ ਗਲੋਬਲ ਪਲੇਟਫਾਰਮਾਂ ਦੀ ਵਰਤੋਂ ਕਰਕੇ ਮਨਾਉਣ ਦਾ ਅਹਿਦ ਲਿਆ ਹੈ ਤਾਂ ਜੋ ਗੁਰੂਆਂ ਦੀ ਵਿਰਾਸਤ ਪੰਜਾਬ ਅਤੇ ਭਾਰਤ ਤੋਂ ਵੀ ਅਗਾਂਹ, ਦੁਨੀਆ ਦੇ ਹਰ ਕੋਨੇ ਤੱਕ ਪਹੁੰਚ ਸਕੇ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਸਿਰਫ਼ ਇੱਕ ਯਾਦਗਾਰੀ ਸਮਾਰੋਹ ਨਹੀਂ ਹੈ। ਇਹ ਏਕਤਾ, ਸਾਂਝੀ ਜ਼ਿੰਮੇਵਾਰੀ ਅਤੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਅੱਗੇ ਵਧਾਉਣ ਦਾ ਸੱਦਾ ਹੈ। ਸਰਕਾਰ ਪਹਿਲਾਂ ਸੁਝਾਅ ਇਕੱਠੇ ਕਰੇਗੀ ਅਤੇ ਜੇ ਲੋੜ ਪਈ ਤਾਂ ਸਰਗਰਮ ਸਹਿਯੋਗ ਦੀ ਵੀ ਮੰਗ ਕਰੇਗੀ। ਉਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350 ਸਾਲ ਅਤੇ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਾਲ, ਸਾਰੀ ਮਨੁੱਖਤਾ ਨਾਲ ਸਬੰਧਤ ਹਨ। ਸਾਨੂੰ ਇਨ੍ਹਾਂ ਨੂੰ ਇਕੱਠੇ, ਅਰਥਪੂਰਨ ਅਤੇ ਪ੍ਰਭਾਵੀ ਢੰਗ ਨਾਲ ਮਨਾਉਣਾ ਚਾਹੀਦਾ ਹੈ।

# 'ਸਾਕਾ ਨੀਲਾ ਤਾਰਾ' ਦੀ ਯਾਦ: ਠਾਕੁਰ ਦਲੀਪ ਸਿੰਘ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

1984 ਵਿੱਚ ਹੋਏ 'ਸਾਕਾ ਨੀਲਾ ਤਾਰਾ' ਦੀ ਯਾਦ ਵਿੱਚ ਸਮਾਗਮ ਕੀਤੇ ਜਾ ਰਹੇ ਹਨ। ਇਹਨਾਂ ਦਿਨਾਂ ਵਿਚ ਹਰਿਮੰਦਰ ਸਾਹਿਬ ਉਤੇ ਹਮਲਾ ਹੋਇਆ ਅਤੇ ਬਹੁਤ ਸਾਰੇ ਸਿੱਖਾਂ ਦੀਆਂ ਅਨਮੋਲ ਜਾਨਾਂ ਗਈਆਂ। ਸਿੱਖਾਂ ਨੂੰ ਅੱਤਵਾਦੀ ਕਹਿ ਕੇ ਬਦਨਾਮ ਕੀਤਾ ਗਿਆ। ਹੁਣ ਇਹਨਾਂ ਸਮਾਗਮਾਂ ਦੌਰਾਨ ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਸਿੱਖਾਂ ਦਾ ਇਹ ਨੁਕਸਾਨ ਕਿਉਂ ਹੋਇਆ। ਜਿਸ ਭਾਰਤ ਦੇਸ਼ ਦੀ ਸਵਤੰਤਰਤਾ ਵਾਸਤੇ ਅਸੀਂ ਸਿੱਖਾਂ ਨੇ ਸਭ ਤੋਂ ਵੱਧ ਸ਼ਹੀਦੀਆਂ ਦਿੱਤੀਆਂ ਅਤੇ ਕਸ਼ਟ ਝੱਲੇ ਉਸ ਸਾਡੇ ਸਵਤੰਤਰ ਭਾਰਤ ਵਿੱਚ ਸਾਡੇ ਨਾਲ ਭਾਰਤ ਸਰਕਾਰ ਵਲੋਂ ਹੀ ਦੁਰਵਿਹਾਰ ਕਿਉਂ ਕੀਤਾ ਗਿਆ। ਮੈਂ ਇਸ ਗੱਲ ਉੱਤੇ ਬਹੁਤ ਵਿਚਾਰ ਕੇ ਇਹ ਨਿਸ਼ਕਰਸ਼ ਕੱਢਿਆ ਹੈ, ਕਿ ਸਾਡੇ ਨਾਲ ਐਸੇ ਅਤਿਆਚਾਰ ਤਾਂ ਹੁੰਦੇ ਹਨ ਕਿਉਂਕਿ ਅਸੀਂ ਗੁਰਬਾਣੀ ਵਿੱਚ ਲਿਖੇ ਨੂੰ ਮੰਨਦੇ ਨਹੀਂ, ਕੇਵਲ ਮੱਥੇ ਟੇਕਦੇ ਹਾਂ।

ਗੁਰਬਾਣੀ ਵਿੱਚ ਲਿਖਿਆ ਹੈ, ਸਿੱਖਾਂ ਨੂੰ ਵਿਚਾਰਵਾਨ ਹੋਣਾ ਚਾਹੀਦਾ ਹੈ ਪਰ ਅਸੀਂ ਵਿਚਾਰਨ ਵੱਲ ਤੁਰਦੇ ਹੀ ਨਹੀਂ। ਗੁਰਬਾਣੀ ਵਿਚ ਸਿੱਖਾਂ ਵਾਸਤੇ ਦੂਸਰਾ ਆਦੇਸ਼ ਹੈ ਕਿ ਇਕੱਠੇ ਹੋਵੋ ਅਸੀਂ ਇਕੱਠੇ ਤਾਂ ਕੀ ਹੋਣਾ ਹੈ, ਏਕਤਾ ਦੀ ਗੱਲ ਸੁਣਦੇ ਤੱਕ ਨਹੀਂ, ਉਲਟਾ ਹਰ ਸਮੇਂ ਇੱਕ-ਦੂਸਰੇ ਦਾ ਵਿਰੋਧ ਕਰਦੇ ਹਾਂ। ਹੈਰਾਨੀ ਦੀ ਗੱਲ ਹੈ ਕਿ ਜਿਸ ਉੱਤੇ ਅਸੀ ਦੋਸ਼ ਲਾ ਰਹੇ ਹਾਂ, ਉਸੇ ਤੋਂ ਨਿਆਂ ਦੀ ਮੰਗ ਕਰ ਰਹੇ ਹਾਂ। ਜੋ ਕਿ ਗੁਰਬਾਣੀ



ਵਿਚ ਲਿਖੇ ਦਾ ਵਿਰੋਧ ਹੈ। ਸਿੱਖਾਂ ਨੂੰ ਇਸ ਦੁੱਖਦਾਈ ਘਟਨਾ ਦਾ ਅਸਲੀ ਕਾਰਨ ਲੱਭ ਕੇ ਉਸ ਕਾਰਨ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਐਸੀਆਂ ਸਮੱਸਿਆਵਾਂ ਦਾ ਪੱਕੇ ਤੌਰ 'ਤੇ ਸਦੀਵੀ ਹੱਲ ਲੱਭਣਾ ਚਾਹੀਦਾ ਹੈ ਤਾਂ ਜੋ ਇਸ ਤਰ੍ਹਾਂ ਦੀਆਂ ਘਟਨਾਵਾਂ ਫਿਰ ਨਾ ਹੋਣ।

1984 ਵਿਚ ਸਿੱਖਾਂ ਦਾ ਨੁਕਸਾਨ ਹੋਣ ਦੇ ਤਿੰਨ ਵੱਡੇ ਕਾਰਨ ਹਨ। ਸਿੱਖ ਵਿਚਾਰਵਾਨ ਨਹੀਂ ਸੀ। ਸਿੱਖ ਇਕੱਠੇ ਨਹੀਂ ਸਨ। ਰਾਜ ਸਿਖਾਂ ਦਾ ਨਹੀਂ ਸੀ। ਸਿੱਖ ਆਖੇ ਜਾਂਦੇ ਸਿੱਖ ਸਰੂਪ ਵਾਲੇ ਨੇਤਾਵਾਂ ਦੀ ਸੋਚ, ਪੰਥ ਪ੍ਰਤੀ ਸੁਹਿਰਦ ਨਹੀਂ ਸੀ।

ਇਹਨਾਂ ਕਾਰਨਾਂ ਕਰਕੇ ਇਹ ਸਾਕਾ ਹੋਇਆ। ਇਸ ਵਾਸਤੇ ਇਹਨਾਂ ਕਾਰਨਾ ਨੂੰ ਦੂਰ ਕਰਨ ਲਈ ਸਿੱਖਾਂ ਨੂੰ ਵਿਚਾਰਵਾਨ ਬਣਨ ਦੀ ਲੋੜ ਹੈ।ਸਿੱਖਾਂ ਨੂੰ ਇਕੱਠੇ ਹੋਣ ਦੀ ਲੋੜ ਹੈ। ਆਪਣਾ ਰਾਜ ਸਥਾਪਿਤ ਕਰਨ ਦੀ ਲੋੜ ਹੈ। ਸਿੱਖੀ ਸਰੂਪ ਵਾਲੇ ਸਿੱਖ ਅਖਵਾਉਂਦੇ ਨੇਤਾਵਾਂ ਨੂੰ ਆਪਣੀ ਸੋਚ ਪੰਥ ਪ੍ਰਤੀ ਸੁਹਿਰਦ ਬਣਾਉਣ ਦੀ ਲੋੜ ਹੈ। ਪ੍ਰਜਾਤੰਤਰ ਦੇ ਯੁੱਗ ਵਿੱਚ ਸਿੱਖਾਂ ਨੂੰ ਆਪਣੀ ਗਿਣਤੀ ਵਧਾਉਣ ਦੀ ਲੋੜ ਹੈ। ਗਿਣਤੀ ਵੱਧੇਗੀ ਤਾਂ ਹੀ ਸਿੱਖਾਂ ਦਾ ਰਾਜ ਹੋ ਸਕੇਗਾ। ਗਿਣਤੀ ਤਾਂ ਹੀ ਵਧੇਗੀ ਜੇ ਸਿੱਖ ਆਪਣੀ ਸੋਚ ਵਿੱਚ ਵਿਸ਼ਾਲਤਾ ਲਿਆਉਣਗੇ। ਸੰਖੇਪ ਵਿੱਚ ਤੱਤ ਦੀ ਗੱਲ ਇਹ ਹੈ ਕਿ ਸਿੱਖਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਸਾਰਿਆਂ ਦੇ ਮਨ ਜਿੱਤ ਕੇ ਪਿਆਰ ਨਾਲ ਆਪਣਾ ਰਾਜ ਸਥਾਪਿਤ ਕਰਨਾ ਚਾਹੀਦਾ ਹੈ। ਆਪਸੀ ਵਿਰੋਧ ਛੱਡ ਕੇ, ਆਪਣੀਆਂ ਪਦਵੀਆਂ ਨਾਲੋਂ ਪੰਥ ਨੂੰ ਪਹਿਲ ਦੇਣੀ ਚਾਹੀਦੀ ਹੈ। ਭਾਰਤ ਤੋਂ ਵੱਖਰੇ ਹੋਣ ਦੀ ਗੱਲ ਭੁੱਲ ਕੇ, ਭਾਰਤ ਉੱਤੇ ਰਾਜ ਕਰਨ ਦੀ ਗੱਲ ਸੋਚਣੀ ਚਾਹੀਦੀ ਹੈ। ਅੱਜ ਮਰਨ-ਮਾਰਨ ਦਾ ਯੁੱਗ ਨਹੀਂ। ਇਸ ਲਈ ਇਹ ਸੋਚ ਬਦਲ ਕੇ ਵਿਦਵਾਨ ਬਣਨ ਦੀ ਲੋੜ ਹੈ। ਵਪਾਰਿਕ ਬੁੱਧੀ ਅਪਨਾਉਣ ਦੀ ਲੋੜ ਹੈ। ਅਤੇ ਰਾਜਨੀਤੀ ਵਿਚ ਆਉਣ ਦੀ ਲੋੜ ਹੈ। ਇਹ ਗੱਲਾਂ ਅਪਣਾ ਕੇ ਹੀ ਆਪਣਾ ਰਾਜ ਸਥਾਪਿਤ ਹੋ ਸਕਦਾ ਹੈ।

ਪੰਥ ਵਧਾਉਣ ਲਈ ਸਿੱਖ ਦੀ ਪਰਿਭਾਸ਼ਾ ਬਦਲਣ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲਾ ਕੇਵਲ ਮਨੁੱਖ ਹੀ ਨਹੀਂ ਹਰ ਪ੍ਰਾਣੀ ਸਿੱਖ ਹੈ। ਗੁਰਦੁਆਰਿਆਂ ਵਿੱਚ ਵੋਟਾਂ ਨਾਲ ਕਮੇਟੀਆਂ ਚੁਣਨ ਦੀ ਬਜਾਏ ਸਰਬ-ਸੰਮਤੀ ਕਰਨੀ ਅਤਿ ਜਰੂਰੀ ਹੈ।

ਅੱਜ ਆਪਾਂ ਗੁਰਦੁਆਰਿਆਂ ਵਿੱਚ ਗੋਲਕਾਂ ਅਤੇ ਪਦਵੀਆਂ ਪਿੱਛੇ ਹੀ ਲੜੀ ਜਾਂਦੇ ਹਾਂ ਤਾਂ ਅਸੀਂ ਆਪਸ ਵਿੱਚ ਲੜ ਕੇ ਕਿਸੇ ਵੱਡੇ ਖੇਤਰ ਉੱਤੇ ਰਾਜ ਕਿਵੇਂ ਕਰਾਂਗੇ

# ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ 15 ਨਾਮਜ਼ਦਗੀਆਂ ਸਹੀ ਪਾਈਆਂ ਗਈਆਂ : ਸਿਬਿਨ ਸੀ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 15 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64-ਲੁਧਿਆਣਾ ਪੱਛਮੀ ਸੀਟ ਲਈ 26 ਮਈ ਤੋਂ 2 ਜੂਨ ਤੱਕ ਕੁੱਲ 22 ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਸਨ ਅਤੇ ਅੱਜ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਤੋਂ ਬਾਅਦ ਕੁੱਲ 15 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ।

ਇਨ੍ਹਾਂ 15 ਉਮੀਦਵਾਰਾਂ ਦੇ ਨਾਂ ਹਨ - ਇੰਜ ਬਲਦੇਵ ਰਾਜ ਕਤਨਾ (ਆਜ਼ਾਦ), ਭਾਰਤ ਭੂਸ਼ਣ (ਇੰਡੀਅਨ ਨੈਸ਼ਨਲ ਕਾਂਗਰਸ), ਐਡਵੋਕੇਟ ਪਰਉਪਕਾਰ ਸਿੰਘ ਘੁੰਮਣ (ਸ਼੍ਰੋਮਣੀ ਅਕਾਲੀ ਦਲ), ਸੰਜੀਵ ਅਰੋੜਾ ( ਆਮ ਆਦਮੀ ਪਾਰਟੀ), ਪਰਮਜੀਤ ਸਿੰਘ ਭਰਾਜ (ਆਜ਼ਾਦ), ਐਲਬਰਟ ਦੁਆ (ਆਜ਼ਾਦ), ਜਤਿੰਦਰ ਕੁਮਾਰ ਸ਼ਰਮਾ (ਨੈਸ਼ਨਲ ਲੋਕ ਸੇਵਾ ਪਾਰਟੀ), ਕਮਲ ਪਵਾਰ (ਆਜ਼ਾਦ), ਰਾਜੇਸ਼ ਸ਼ਰਮਾ (ਆਜ਼ਾਦ), ਨੀਟੂ (ਆਜ਼ਾਦ), ਜੀਵਨ ਗੁਪਤਾ (ਭਾਰਤੀ ਜਨਤਾ ਪਾਰਟੀ), ਨਵਨੀਤ ਕੁਮਾਰ ( ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ), ਰੇਨੂੰ (ਆਜ਼ਾਦ), ਪਵਨਦੀਪ ਸਿੰਘ (ਆਜ਼ਾਦ) ਅਤੇ ਗੁਰਦੀਪ ਸਿੰਘ ਕਾਹਲੋਂ (ਆਜ਼ਾਦ)।

ਉਨ੍ਹਾਂ ਅੱਗੇ ਦੱਸਿਆ ਕਿ 5 ਜੂਨ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਦੇ ਹਨ, ਜਿਸ ਤੋਂ ਬਾਅਦ ਸਾਫ਼ ਹੋ ਜਾਵੇਗਾ ਕਿ ਲੁਧਿਆਣਾ ਪੱਛਮੀ ਸੀਟ ਦੀ ਜ਼ਿਮਨੀ ਚੋਣ ਲਈ ਕੁੱਲ ਕਿੰਨੇ ਉਮੀਦਵਾਰ ਚੋਣ ਲੜ ਰਹੇ ਹਨ।

# ਆਪ੍ਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨ-ਆਈਐਸਆਈ ਨੂੰ ਸੰਵੇਦਨਸ਼ੀਲ ਜਾਣਕਾਰੀ ਲੀਕ ਕਰਨ ਦੇ ਦੋਸ਼ ਹੇਠ ਤਰਨ ਤਾਰਨ ਨਿਵਾਸੀ ਨੂੰ ਕੀਤਾ ਗ੍ਰਿਫ਼ਤਾਰ

## ➢ ਗ੍ਰਿਫ਼ਤਾਰ ਦੋਸ਼ੀ ਗਗਨਦੀਪ ਪਾਕਿਸਤਾਨ-ਅਧਾਰਤ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਦੇ ਸੰਪਰਕ ਵਿੱਚ ਸੀ ➢ ਦੋਸ਼ੀ ਨੂੰ ਪਾਕਿਸਤਾਨੀ ਸੰਚਾਲਕਾਂ ਤੋਂ ਮਿਲਦੇ ਸਨ ਪੈਸੇ; ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ: ਐਸਐਸਪੀ ਤਰਨ ਤਾਰਨ ਅਭਿਮਨਿਊ ਰਾਣਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਜਾਸੂਸੀ ਵਿਰੋਧੀ ਕਾਰਵਾਈ ਕਰਦਿਆਂ, ਕਾਊਂਟਰ ਇੰਟੈਲੀਜੈਂਸ ਪੰਜਾਬ ਨੇ ਤਰਨਤਾਰਨ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਪਾਕਿਸਤਾਨ ਦੀ ਆਈਐਸਆਈ ਨਾਲ ਸਬੰਧਤ ਵਿਅਕਤੀ ਜੋ ਆਪ੍ਰੇਸ਼ਨ ਸਿੰਦੂਰ ਦੌਰਾਨ ਫੌਜ ਦੀਆਂ ਗਤੀਵਿਧੀਆਂ ਸਬੰਧੀ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਰਿਹਾ ਸੀ, ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗਗਨ ਵਾਸੀ ਮੁਹੱਲਾ ਰੋੜੂਪੁਰ, ਤਰਨਤਾਰਨ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਗਗਨਦੀਪ ਸਿੰਘ ਪਿਛਲੇ ਪੰਜ ਸਾਲਾਂ ਤੋਂ ਪਾਕਿਸਤਾਨ ਅਧਾਰਿਤ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਜਿਸ ਨੇ ਉਸ ਨੂੰ ਪਾਕਿਸਤਾਨੀ ਇੰਟੈਲੀਜੈਂਸ ਆਪਰੇਟਿਵਜ਼ (ਪੀਆਈਓਜ਼) ਨਾਲ ਮਿਲਾਇਆ ਸੀ, ਦੇ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ 'ਆਪ੍ਰੇਸ਼ਨ ਸਿੰਦੂਰ' ਦੌਰਾਨ ਫੌਜ ਦੀ ਤਾਇਨਾਤੀ, ਰਣਨੀਤਕ ਸਥਾਨਾਂ ਅਤੇ ਫੌਜ ਦੀਆਂ ਗਤੀਵਿਧੀਆਂ ਸਮੇਤ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਰਿਹਾ ਸੀ, ਜੋ ਰਾਸ਼ਟਰੀ ਸੁਰੱਖਿਆ ਲਈ ਗੰਭੀਰ ਖ਼ਤਰਾ ਬਣ ਸਕਦਾ ਸੀ।

ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਮੁਲਜ਼ਮ ਗਗਨਦੀਪ ਦੇ ਕਬਜ਼ੇ ਵਿੱਚੋਂ ਦੋ ਮੋਬਾਈਲ ਬਰਾਮਦ ਕੀਤੇ ਹਨ, ਜਿਨ੍ਹਾਂ ਵਿੱਚ ਸੰਵੇਦਨਸ਼ੀਲ ਖੁਫੀਆ ਜਾਣਕਾਰੀ ਪਾਈ ਗਈ ਹੈ ਜੋ ਉਸ ਨੇ ਪੀਆਈਓਜ਼ ਨਾਲ ਸਾਂਝੀ ਕੀਤੀ ਸੀ। ਇਸ ਦੇ ਨਾਲ ਹੀ 20 ਤੋਂ ਵੱਧ ਆਈਐਸਆਈ ਸੰਪਰਕਾਂ ਦੇ ਵੇਰਵੇ ਵੀ ਮਿਲੇ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਾਰਤੀ ਚੈਨਲਾਂ ਰਾਹੀਂ ਪੀਆਈਓਜ਼ ਤੋਂ ਭੁਗਤਾਨ ਵੀ ਪ੍ਰਾਪਤ ਹੋਏ ਹਨ।

ਡੀਜੀਪੀ ਨੇ ਕਿਹਾ ਕਿ ਹੋਰ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ ਜਾਸੂਸੀ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਵਿੱਤੀ ਅਤੇ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਇਸ ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨ ਤਾਰਨ ਅਭਿਮਨਿਊ ਰਾਣਾ ਨੇ ਦੱਸਿਆ ਕਿ ਸੀਆਈ ਪੰਜਾਬ ਤੋਂ ਮਿਲੀ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਐਸਪੀ ਸਿਟੀ ਡਾ. ਰਿਪੁਤਪਨ ਸਿੰਘ ਸੰਧੂ ਅਤੇ ਡੀਐਸਪੀ (ਡੀ) ਗੁਰਿੰਦਰਪਾਲ ਸਿੰਘ ਨਾਗਰਾ ਦੀ ਅਗਵਾਈ ਵਾਲੀ ਟੀਮ ਨੇ ਤਰਨ ਤਾਰਨ ਦੇ ਮੁਰਾਦਪੁਰਾ ਨੇੜਿਓਂ ਦੋਸ਼ੀ ਗਗਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਮੋਬਾਈਲ ਡਿਵਾਈਸ ਜ਼ਬਤ ਕਰ ਲਏ।

ਐਸਐਸਪੀ ਨੇ ਕਿਹਾ, ਪੁੱਛਗਿੱਛ ਦੌਰਾਨ, ਦੋਸ਼ੀ ਨੇ ਦੱਸਿਆ ਕਿ ਉਸ ਨੂੰ ਆਈਐਸਆਈ ਸੰਚਾਲਕਾਂ ਨੇ ਰੇਲਵੇ ਸਟੇਸ਼ਨਾਂ ਅਤੇ ਅੰਮ੍ਰਿਤਸਰ ਸ਼ਹਿਰ ਸਮੇਤ ਸਰਹੱਦੀ ਖੇਤਰ ਵਿੱਚ ਫੌਜ ਦੀ ਤਾਇਨਾਤੀ ਬਾਰੇ ਸੰਵੇਦਨਸ਼ੀਲ ਜਾਣਕਾਰੀ ਇਕੱਠੀ ਕਰਨ ਦਾ ਕੰਮ ਸੌਂਪਿਆ ਸੀ। ਉਸ ਨੂੰ ਜਾਸੂਸੀ ਗਤੀਵਿਧੀਆਂ ਲਈ ਵਿੱਤੀ ਲਾਭ ਵੀ ਮਿਲ ਰਿਹਾ ਸੀ।÷ ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ ਐਫਆਈਆਰ ਨੰਬਰ 137, ਮਿਤੀ 3 ਜੂਨ, 2025 ਨੂੰ ਥਾਣਾ ਸਿਟੀ ਤਰਨਤਾਰਨ ਵਿਖੇ ਆਫਿਸ਼ੀਅਲ ਸੀਕਰੇਟਸ ਐਕਟ ਦੀ ਧਾਰਾ 3, 4, 5 ਅਤੇ 21 ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 152 ਤਹਿਤ ਦਰਜ ਕੀਤੀ ਗਈ ਹੈ।

# ਬਰਨਾਲਾ ਦੀ UBC ਟੀਮ ਨੇ ਸੰਗਰੂਰ ਨੂੰ 6 ਵਿਕਟਾਂ ਨਾਲ ਹਰਾਇਆ



**ਬਰਨਾਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਦੀ U-BC ਟੀਮ ਨੇ ਪੰਜਾਬ ਸਟੇਟ ਇੰਟਰ ਡਿਸਟ੍ਰਿਕਟ ਟੂਰਨਾਮੈਂਟ 2025-26 ਦੇ ਦੂਜੇ ਇੱਕ ਦਿਨਾ ਮੈਚ ਵਿੱਚ ਸੰਗਰੂਰ ਨੂੰ 6 ਵਿਕਟਾਂ ਨਾਲ ਹਰਾ ਦਿੱਤਾ। ਟੂਰਨਾਮੈਂਟ ਦਾ ਲੀਗ ਮੈਚ ਬਰਨਾਲਾ ਦੇ ਟਰਾਈਡੈਂਟ ਕੰਪਲੈਕਸ ਦੇ ਮੈਦਾਨ ਵਿੱਚ ਖੇਡਿਆ ਗਿਆ। ਬਾਰਿਸ਼ ਕਾਰਨ ਮੈਚ ਇੱਕ ਘੰਟਾ ਦੇਰੀ ਨਾਲ ਸ਼ੁਰੂ ਹੋਇਆ, ਜਿਸ ਕਾਰਨ ਅੰਪਾਇਰਾਂ ਨੇ 45-45 ਓਵਰਾਂ ਦਾ ਮੈਚ ਖੇਡਣ ਦਾ ਫੈਸਲਾ ਲਿਆ। ਸੰਗਰੂਰ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਦਾ ਫੈਸਲਾ ਕੀਤਾ ਅਤੇ 42.4 ਓਵਰਾਂ ਵਿੱਚ 151 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਬਰਨਾਲਾ ਵੱਲੋਂ ਸਾਹਿਲਪ੍ਰੀਤ ਸਿੰਘ ਅਤੇ ਮੁਨੀਸ਼ ਕੁਮਾਰ ਜੈਨ ਨੇ 4-4 ਵਿਕਟਾਂ ਹਾਸਲ ਕੀਤੀਆਂ। 152 ਦੌੜਾਂ ਦਾ ਪਿੱਛਾ ਕਰਦਿਆਂ ਬਰਨਾਲਾ ਦੀ ਟੀਮ ਨੇ 37.2 ਓਵਰਾਂ ਵਿੱਚ 4 ਵਿਕਟਾਂ ਗੁਆ ਕੇ ਮੈਚ ਜਿੱਤ ਲਿਆ। ਪਹਿਲੇ ਮੈਚ ਵਿੱਚ 85 ਦੌੜਾਂ ਬਣਾਉਣ ਵਾਲੇ ਪਰਵਜੋਤ ਸਿੰਘ ਨੇ ਇਸ ਮੈਚ ਵਿੱਚ ਵੀ ਨਾਬਾਦ 64 ਦੌੜਾਂ ਬਣਾਈਆਂ ਅਤੇ ਬਰਨਾਲਾ ਨੂੰ ਜਿੱਤ ਦਿਵਾਈ।

ਮੈਚ ਤੋਂ ਬਾਅਦ ਜਿਲ੍ਹਾ ਕ੍ਰਿਕਟ ਐਸੋਸੀਏਸ਼ਨ ਬਰਨਾਲਾ ਦੇ ਪ੍ਰਧਾਨ ਸ਼੍ਰੀ ਵਿਵੇਕ ਸਿੰਧਵਾਨੀ ਜੀ, ਸਕੱਤਰ ਸ਼੍ਰੀ ਰੁਪਿੰਦਰ ਗੁਪਤਾ ਜੀ, ਉਪ-ਪ੍ਰਧਾਨ ਸ਼੍ਰੀ ਸਾਹਿਲ ਗੁਲਾਟੀ ਜੀ, ਮੈਂਬਰ ਸ਼੍ਰੀ ਜਗਰਾਜ ਸਿੰਘ ਪੰਡੋਰੀ ਜੀ ਅਤੇ ਮੈਂਬਰ ਸ਼੍ਰੀ ਚਰਨਜੀਤ ਸਿੰਘ ਜੀ ਨੇ ਪੂਰੀ ਟੀਮ ਨੂੰ ਜਿੱਤ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਸਾਰੇ ਕੋਚਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ਼੍ਰੀ ਰਾਜਿੰਦਰ ਗੁਪਤਾ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਜਿਨ੍ਹਾਂ ਦੀ ਕ੍ਰਿਕਟ ਪ੍ਰਤੀ ਹਰ ਤਰ੍ਹਾਂ ਦੀ ਸਹਾਇਤਾ ਨਾਲ ਬਰਨਾਲਾ ਦੀ ਕ੍ਰਿਕਟ ਇਸ ਮੁਕਾਮ ਤੱਕ ਪਹੁੰਚੀ।

# ਪੰਜਾਬ ਸਰਕਾਰ ਦੀ ਨਿਵੇਕਲੀ ਪਹਿਲ: 'ਸੀ.ਐਮ.ਦੀ ਯੋਗਸ਼ਾਲਾ' ਪ੍ਰੋਗਰਾਮ ਦੇ ਸਫ਼ਲਤਾਪੂਰਵਕ ਦੋ ਸਾਲ ਪੂਰੇ

## ਜਲੰਧਰ ਜ਼ਿਲ੍ਹੇ 'ਚ ਯੋਗ ਕ੍ਰਾਂਤੀ ਦਾ ਵਿਸਥਾਰ, 155 ਕਲਾਸਾਂ 'ਚ 5000 ਭਾਗੀਦਾਰ ਲੈ ਰਹੇ ਸਿਖ਼ਲਾਈ

**ਜਲੰਧਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਸੀ.ਐਮ.ਦੀ ਯੋਗਸ਼ਾਲਾ' ਪ੍ਰੋਗਰਾਮ ਨੇ ਸੂਬਾ ਵਾਸੀਆਂ ਦੀ ਸਿਹਤ ਅਤੇ ਭਲਾਈ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਇਸ ਪ੍ਰੋਗਰਾਮ ਤਹਿਤ ਪੂਰੇ ਪੰਜਾਬ ਵਿੱਚ 3000 ਤੋਂ ਜ਼ਿਆਦਾ ਮੁਫ਼ਤ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ। ਇਹ ਕਲਾਸਾਂ ਸਵੇਰ ਤੋਂ ਸ਼ਾਮ ਤੱਕ ਨਿਯਮਿਤ ਰੂਪ ਵਿੱਚ ਲਗਾਈਆਂ ਜਾਂਦੀਆਂ ਹਨ ਅਤੇ ਹਜ਼ਾਰਾਂ ਲੋਕਾਂ ਦੇ ਜੀਵਨ ਵਿੱਚ ਸਕਰਾਤਮਕ ਤਬਦੀਲੀ ਲਿਆ ਰਹੀਆਂ ਹਨ।



ਪ੍ਰੋਗਰਾਮ ਦੇ ਜ਼ਿਲ੍ਹਾ ਕੋਆਰਡੀਨੇਟਰ ਜਤਿਨ ਕੁਮਾਰ ਨੇ ਦੱਸਿਆ ਕਿ ਜਲੰਧਰ ਵਿੱਚ ਰੋਜ਼ਾਨਾ 155 ਤੋਂ ਜ਼ਿਆਦਾ ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ 5000 ਤੋਂ ਜ਼ਿਆਦਾ ਭਾਗੀਦਾਰ ਹਿੱਸਾ ਲੈ ਕੇ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਦਾ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜਲੰਧਰ ਵਿਖੇ ਇਹ ਪ੍ਰੋਗਰਾਮ ਦੂਜੇ ਪੜਾਅ ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਮਹੀਨੇ 20 ਜੂਨ ਨੂੰ ਇਸਦੇ ਵੀ 2 ਸਾਲ ਮੁਕੰਮਲ ਹੋ ਜਾਣਗੇ।

**ਕਰੀਅਰ ਦੇ ਨਵੇਂ ਰਾਹ : 'ਡਿਪਲੋਮਾ ਇਨ ਮੈਡੀਟੇਸ਼ਨ ਐਂਡ ਯੋਗ ਸਾਇੰਸ'**

ਪੰਜਾਬ ਸਰਕਾਰ ਵੱਲੋਂ ਕੇਵਲ ਯੋਗ ਕਲਾਸਾਂ ਹੀ ਨਹੀਂ ਚਲਾਈਆਂ ਜਾ ਰਹੀਆਂ ਬਲਕਿ ਨੌਜਵਾਨਾਂ ਨੂੰ ਯੋਗ ਦੇ ਖੇਤਰ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਵੀ ਵਚਨਬੱਧ ਹੈ। ਇਸੇ ਦਿਸ਼ਾ ਵਿੱਚ ਕਦਮ ਪੁੱਟਦਿਆਂ ਸੂਬੇ ਭਰ ਵਿੱਚ ਸੈਟੇਲਾਈਟ ਸੈਂਟਰਾਂ ਰਾਹੀਂ 'ਡਿਪਲੋਮਾ ਇਨ ਮੈਡੀਟੇਸ਼ਨ ਐਂਡ ਯੋਗ ਸਾਇੰਸ' ਨਾਮ ਨਾਲ ਇਕ ਸਾਲਾ ਕੋਰਸ ਸ਼ੁਰੂ ਕੀਤਾ ਗਿਆ ਹੈ।

ਇਹ ਡਿਪਲੋਮਾ ਨਵੀਂ ਸਿੱਖਿਆ ਨੀਤੀ ਮੁਤਾਬਕ ਟ੍ਰਾਈਮੈਸਟਰ 'ਤੇ ਅਧਾਰਿਤ ਹੈ, ਜਿਸ ਵਿੱਚ ਤਿੰਨ ਪੜ੍ਹਾਵਾਂ ਵਿੱਚ ਪੜ੍ਹਾਈ ਕਰਵਾਈ ਜਾਂਦੀ ਹੈ।

ਡਿਪਲੋਮਾ ਦਾ ਪਹਿਲਾ ਟ੍ਰਾਈਮੈਸਟਰ ਸਫ਼ਲਤਾ ਪੂਰਵਕ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਫੀਲਡ ਵਿੱਚ ਕਲਾਸਾਂ ਲਗਾਉਣ ਦਾ ਮੌਕਾ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਵਿਵਹਾਰਿਕ ਅਨੁਭਵ ਪ੍ਰਾਪਤ ਕਰ ਸਕਣ।

ਇਸ ਦੌਰਾਨ ਸਰਕਾਰ ਵੱਲੋਂ ਉਨ੍ਹਾਂ ਨੂੰ 8000 ਰੁਪਏ ਪ੍ਰਤੀ ਮਹੀਨਾ ਮਾਨਭੇਟਾ ਵੀ ਦਿੱਤਾ ਜਾਂਦਾ ਹੈ।

ਜਲੰਧਰ ਜ਼ਿਲ੍ਹੇ ਵਿਚ ਇਹ ਡਿਪਲੋਮਾ ਕੋਰਸ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ, ਲੈਦਰ ਕੰਪਲੈਕਸ ਵਿੱਚ ਸਫ਼ਲਤਾ ਪੂਰਵਕ ਚਲਾਇਆ ਜਾ ਰਿਹਾ ਹੈ। ਇਸ ਦੇ ਪਹਿਲੇ ਬੈਚ ਦੇ ਵਿਦਿਆਰਥੀਆਂ ਨੇ ਆਪਣਾ ਪਹਿਲਾ ਟ੍ਰਾਈਮੈਸਟਰ ਮੁਕੰਮਲ ਕਰ ਲਿਆ ਹੈ ਅਤੇ ਮੌਜੂਦਾ ਸਮੇਂ ਉਹ ਫੀਲਡ ਵਿੱਚ ਕਲਾਸਾਂ ਵੀ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਜਲੰਧਰ ਵਿੱਚ ਇਸ ਯੋਗ ਕ੍ਰਾਂਤੀ ਨੂੰ ਸਫ਼ਲ ਬਣਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸ਼ਲਾਘਾਯੋਗ ਯੋਗਦਾਨ ਹੈ। ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਅਤੇ ਉਨ੍ਹਾਂ ਦੀ ਪੂਰੀ ਟੀਮ ਇਸ ਲੋਕ ਭਲਾਈ ਯੋਜਨਾ ਨੂੰ ਪੂਰੀ ਦ੍ਰਿੜਤਾ ਨਾਲ ਅੱਗੇ ਵਧਾ ਰਹੀ ਹੈ। ਉਨ੍ਹਾਂ ਦੇ ਅਣਥੱਕ ਯਤਨਾਂ ਨਾਲ ਜਿਥੇ ਇਹ ਯੋਜਨਾ ਸਫ਼ਲ ਰਹੀ ਹੈ ਉਥੇ ਲੋਕਾਂ ਦੇ ਜੀਵਨ ਵਿੱਚ ਸਥਾਈ ਪਰਿਵਰਤਨ ਲਿਆਉਣ ਵਿੱਚ ਵੀ ਸਮਰੱਥ ਰਹੀ ਹੈ।

ਜ਼ਿਲ੍ਹਾ ਕੋਆਰਡੀਨੇਟਰ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਵਾਸੀ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਨੰਬਰ 7669 400 500 'ਤੇ ਮਿਸ ਕਾਲ ਦੇ ਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਵੈਬਸਾਈਟ https://cmdiyogshala.punjab.gov.in ਤੋਂ ਵੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਚੈਕਿੰਗ ਸਟਾਫ ਨੇ ਮਈ ਮਹੀਨੇ 'ਚ 42,322 ਬਿਨਾਂ ਟਿਕਟ ਯਾਤਰੀਆਂ ਤੋਂ 3.04 ਕਰੋੜ ਰੁਪਏ ਵਸੂਲੇ



**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ ਡਵੀਜ਼ਨ ਦੇ ਟਿਕਟ ਚੈਕਿੰਗ ਸਟਾਫ ਵੱਲੋਂ ਰੇਲਗੱਡੀਆਂ 'ਚ ਤਿੱਖੀ ਟਿਕਟ ਜਾਂਚ ਦੌਰਾਨ 42,322 ਯਾਤਰੀ ਬਿਨਾਂ ਟਿਕਟਾਂ ਦੇ ਫੜੇ ਗਏ। ਸਟਾਫ ਨੇ ਇਨ੍ਹਾਂ ਯਾਤਰੀਆਂ ਤੋਂ 3 ਕਰੋੜ 4 ਲੱਖ ਰੁਪਏ ਵਸੂਲੇ। ਫਿਰੋਜ਼ਪੁਰ ਡਵੀਜ਼ਨ ਦੇ ਡੀ.ਆਰ.ਐੱਮ. ਸੰਜੇ ਸਾਹੂ ਨੇ ਦੱਸਿਆ ਕਿ ਮੁੱਖ ਦਫਤਰ ਨੇ ਫਿਰੋਜ਼ਪੁਰ ਡਵੀਜ਼ਨ ਨੂੰ 2 ਕਰੋੜ 79 ਲੱਖ ਰੁਪਏ ਦਾ ਟੀਚਾ ਦਿੱਤਾ ਸੀ ਪਰ ਇਸ ਸਮੇਂ ਦੌਰਾਨ ਸੀਨੀਅਰ ਡੀ. ਸੀ. ਐੱਮ. ਪਰਮਦੀਪ ਸਿੰਘ ਸੈਣੀ ਦੀ ਟੀਮ ਨੇ ਤਿੱਖੀ ਜਾਂਚ ਕੀਤੀ ਅਤੇ ਟੀਚੇ ਤੋਂ 9 ਫੀਸਦੀ ਵੱਧ ਮਾਲੀਆ ਪ੍ਰਾਪਤ ਕੀਤਾ।

ਰੇਲਵੇ ਯਾਤਰੀਆਂ ਨੂੰ ਆਰਾਮਦਾਇਕ ਯਾਤਰਾ ਅਤੇ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਅਨਿਯਮਿਤ ਯਾਤਰਾ ਅਤੇ ਬਿਨਾਂ ਟਿਕਟ ਯਾਤਰਾ ਨੂੰ ਰੋਕਣ ਲਈ ਤਿੱਖੀ ਟਿਕਟ ਜਾਂਚ ਕੀਤੀ ਜਾਂਦੀ ਹੈ, ਜਦੋਂਕਿ ਕੂੜਾ-ਕਰਕਟ ਵਿਰੋਧੀ ਐਕਟ ਤਹਿਤ, ਰੇਲਵੇ ਸਟੇਸ਼ਨ ਕੰਪਲੈਕਸ 'ਚ ਗੰਦਗੀ ਫੈਲਾਉਣ ਲਈ 359 ਯਾਤਰੀਆਂ ਤੋਂ 56,000 ਰੁਪਏ ਤੋਂ ਵੱਧ ਵਸੂਲੇ ਗਏ।

# 'ਸਾਡਾ ਪਿੰਡ ਵਿਕਾਊ ਹੈ' ਦੇ ਪੋਸਟਰ ਲਾਉਣ ਵਾਲੇ ਨੌਜਵਾਨ ਨੂੰ ਧਮਕੀਆਂ ਦੇਣ ਵਾਲਾ ਐਸ.ਐਚ.ਓ. ਲਾਈਨ ਹਾਜ਼ਰ

**ਬਠਿੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਾਈ ਬਖ਼ਤੌਰ ਵਿੱਚ ਮਾਹੌਲ ਉਸ ਸਮੇਂ ਗਰਮਾ ਗਿਆ, ਜਦੋਂ ਪਿੰਡ 'ਚ 'ਪਿੰਡ ਵਿਕਾਊ ਹੈ' ਦੇ ਪੋਸਟਰ ਲਾਉਣ ਵਾਲੇ ਨੌਜਵਾਨ ਲਖਬੀਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਖੁਦ ਨੂੰ ਪੁਲਸ ਤੋਂ ਮਿਲ ਰਹੀਆਂ ਧਮਕੀਆਂ ਬਾਰੇ ਖੁਲਾਸਾ ਕੀਤਾ।

ਉਸ ਨੇ ਕੋਟ ਫੱਤਾ ਥਾਣੇ ਦੇ ਐੱਸ.ਐੱਚ.ਓ. ਮਨੀਸ਼ ਕੁਮਾਰ 'ਤੇ ਝੂਠਾ ਐਨਕਾਊਂਟਰ ਕਰਨ ਦੀ ਧਮਕੀ ਦੇਣ ਵਰਗੇ ਗੰਭੀਰ ਇਲਜ਼ਾਮ ਲਾਏ। ਲਖਬੀਰ ਦੀ ਚਾਰ ਮਹੀਨੇ ਦੀ ਬੱਚੀ ਵੀ ਵੀਡੀਓ ਵਿੱਚ ਮੌਜੂਦ ਸੀ। ਇਹ ਵੀਡੀਓ ਵਾਇਰਲ ਹੋਣ ਮਗਰੋਂ ਮਾਮਲਾ ਖੂਬ ਚਰਚਾ ਦਾ ਵਿਸ਼ਾ ਬਣ ਗਿਆ ਹੈ।




ਜਿਵੇਂ ਹੀ ਇਹ ਵੀਡੀਓ ਵਾਇਰਲ ਹੋਈ ਤਾਂ ਲੋਕਾਂ ਦੇ ਮਨਾਂ 'ਚ ਗੁੱਸਾ ਭਰ ਗਿਆ। ਮਾਮਲਾ ਧਿਆਨ 'ਚ ਆਉਂਦਿਆਂ ਹੀ ਐੱਸ.ਐੱਸ.ਪੀ. ਅਮਨੀਤ ਕੌਂਡਲ ਨੇ ਤੁਰੰਤ ਕਾਰਵਾਈ ਕਰਦਿਆਂ ਐੱਸ.ਐੱਚ.ਓ. ਮਨੀਸ਼ ਕੁਮਾਰ ਨੂੰ ਲਾਈਨ ਹਾਜ਼ਰ ਕਰ ਦਿੱਤਾ ਹੈ।

ਇਸ ਮਗਰੋਂ ਲਖਬੀਰ ਸਿੰਘ ਨਾਲ ਐੱਸ.ਐੱਸ.ਪੀ. ਅਮਨੀਤ ਕੌਂਡਲ ਨੇ ਰਾਤ ਦੇਰ ਤੱਕ ਫੋਨ 'ਤੇ ਗੱਲ ਕੀਤੀ ਤੇ ਉਸ ਨੂੰ ਭਰੋਸਾ ਦਿਵਾਇਆ ਕਿ ਕਾਨੂੰਨ ਉਸ ਦੇ ਨਾਲ ਹੈ। ਇਸ ਤੋਂ ਬਾਅਦ ਲਖਬੀਰ ਨੇ ਇਕ ਹੋਰ ਵੀਡੀਓ ਜਾਰੀ ਕਰਦਿਆਂ ਦੱਸਿਆ ਕਿ ਹੁਣ ਉਹ ਪੁਲਸ ਪ੍ਰਸ਼ਾਸਨ ਦੀ ਕਾਰਵਾਈ ਤੋਂ ਉਹ ਸੰਤੁਸ਼ਟ ਹੈ ਅਤੇ ਪੁਲਸ ਦੇ ਨਾਲ ਮਿਲ ਕੇ ਕੰਮ ਕਰੇਗਾ।

# ਹਰਿਮੰਦਰ ਸਾਹਿਬ ਕੰਪਲੈਕਸ ਨੇੜੇ ਵਾਪਰੀ ਗੁਰਬਾਣੀ ਦੀ ਬੇਅਦਬੀ ਦੀ ਘਟਨਾ, ਮੁਲਜ਼ਮ ਕਾਬੂ

## ਮੁਲਜ਼ਮ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਾਪਿਤ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਸਰਾਂ ਨੇੜੇ ਪਾੜੇ ਗੁਟਕਾ ਸਾਹਿਬ ਦੇ ਅੰਗ; ਦੇਖ ਕੇ ਸੰਗਤ ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੇ ਕੀਤਾ ਕਾਬੂ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਨੇੜੇ ਇੱਕ ਵਾਰ ਮੁੜ ਗੁਰਬਾਣੀ ਦੀ ਬੇਅਦਬੀ ਕਰਨ ਦੀ ਘਟਨਾ ਵਾਪਰੀ ਹੈ। ਇਸ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਸਖ਼ਤ ਨਿੰਦਾ ਕੀਤੀ ਗਈ ਹੈ।



ਇਹ ਘਟਨਾ ਉਸ ਵੇਲੇ ਵਾਪਰੀ ਹੈ ਜਦੋਂ ਦੋ ਦਿਨ ਬਾਅਦ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ 41ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਵਿਅਕਤੀ ਦੱਸਿਆ ਜਾ ਰਿਹਾ ਹੈ।

ਸੰਗਤ ਨੇ ਮਾਨਸਿਕ ਰੋਗੀ ਦੱਸੇ ਜਾਂਦੇ ਮੁਲਜ਼ਮ ਨੂੰ ਕੁੱਟਮਾਰ ਪਿੱਛੋਂ ਪੁਲੀਸ ਹਵਾਲੇ ਕੀਤਾ। ਮੁਲਜ਼ਮ ਵੱਲੋਂ ਇੱਥੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਾਪਿਤ ਸ੍ਰੀ ਗੁਰੂ ਅਰਜਨ ਦੇਵ ਨਿਵਾਸ ਸਰਾਂ ਦੇ ਨੇੜੇ ਗੁਟਕਾ ਸਾਹਿਬ ਦੇ ਅੰਗ ਪਾੜੇ ਗਏ ਹਨ ਅਤੇ ਗੁਰਬਾਣੀ ਦੀ ਬੇਅਦਬੀ ਕੀਤੀ ਗਈ ਹੈ। ਇਸ ਵਿਅਕਤੀ ਨੂੰ ਅਜਿਹਾ ਕਰਦਿਆਂ ਸੰਗਤ ਅਤੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਕਾਬੂ ਕਰ ਲਿਆ। ਉਸ ਦੀ ਮਾਰਕੁੱਟ ਵੀ ਕੀਤੀ ਗਈ ਅਤੇ ਬਾਅਦ ਵਿੱਚ ਪੁਲੀਸ ਨੂੰ ਸੌਂਪ ਦਿੱਤਾ ਗਿਆ।

**ਆਖ਼ਰ ਮਾਨਸਿਕ ਰੋਗੀ ਗੁਰਬਾਣੀ ਦੀ ਬੇਅਦਬੀ ਹੀ ਕਿਉਂ ਕਰਦੇ ਹਨ: ਧਾਮੀ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਹ ਘਟਨਾ ਦੇਰ ਰਾਤ ਵੇਲੇ ਵਾਪਰੀ। ਮੁਲਜ਼ਮ ਨੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ (ਸ਼ਹੀਦਾਂ) ਤੋਂ ਸੁਖਮਨੀ ਸਾਹਿਬ ਦੇ ਤਿੰਨ ਗੁਟਕੇ ਲਏ ਸਨ। ਇਹ ਵਿਅਕਤੀ ਗੁਟਕਿਆਂ ਦੇ ਅੰਗ ਰਸਤੇ ਵਿੱਚ ਪਾੜਦਾ ਹੋਇਆ ਗੁਰੂ ਅਰਜਨ ਦੇਵ ਨਿਵਾਸ ਨੇੜੇ ਪੁੱਜਿਆ। ਉਥੇ ਵੀ ਉਸ ਨੇ ਇੱਕ ਗੁਟਕੇ ਦੇ ਅੰਗ ਪਾੜੇ ਅਤੇ ਗੁਰਬਾਣੀ ਦੀ ਬੇਅਦਬੀ ਕੀਤੀ। ਉਹਨਾਂ ਦੱਸਿਆ ਕਿ ਇਸ ਵਿਅਕਤੀ ਨੂੰ ਡਿਊਟੀ 'ਤੇ ਹਾਜ਼ਰ ਕਰਮਚਾਰੀਆਂ ਨੇ ਕਾਬੂ ਕਰ ਲਿਆ ਸੀ। ਉਸ ਦਾ ਕੁਟਾਪਾ ਵੀ ਕੀਤਾ ਗਿਆ ਹੈ ਤੇ ਬਾਅਦ ਵਿੱਚ ਪੁਲੀਸ ਨੂੰ ਸੌਂਪ ਦਿੱਤਾ ਹੈ।

ਉਹਨਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਮਾਨਸਿਕ ਰੋਗੀ ਸਿਰਫ ਗੁਰਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਬੇਅਦਬੀ ਕਿਉਂ ਕਰਦੇ ਹਨ? ਉਹਨਾਂ ਕਿਹਾ ਕਿ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਉਨ੍ਹਾਂ ਪੁਲੀਸ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਤਹਿ ਤੱਕ ਪੁੱਜਿਆ ਜਾਵੇ।

**ਧਾਮੀ ਨੇ ਬੇਅਦਬੀ ਕਰਨ ਵਾਲਿਆਂ ਨੂੰ ਫਾਂਸੀ ਦੀ ਸਜ਼ਾ ਦੀ ਮੰਗ ਦੁਹਰਾਈ**

ਉਹਨਾਂ ਆਖਿਆ ਕਿ ਉਹ ਇਸ ਹੱਕ ਵਿੱਚ ਹਨ ਕਿ ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਜਦੋਂ ਸਖਤ ਸਜ਼ਾ ਹੋਵੇਗੀ ਤਾਂ ਅਜਿਹਾ ਕਰਨ ਦਾ ਕੋਈ ਵੀ ਹੀਆ ਨਹੀਂ ਕਰੇਗਾ। ਉਹਨਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਪਹਿਲਾਂ ਵੀ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ ਪਰ ਹੁਣ ਤੱਕ ਕੁਝ ਵੀ ਠੋਸ ਕਾਰਵਾਈ ਨਹੀਂ ਹੋਈ ਹੈ।

**ਪਹਿਲਾਂ ਹਰਿਮੰਦਰ ਸਾਹਿਬ ਦੇ ਅੰਦਰ ਵੀ ਵਾਪਰੀ ਸੀ ਅਜਿਹੀ ਘਟਨਾ**

ਦੱਸਣਯੋਗ ਹੈ ਕਿ ਕੁਝ ਸਾਲ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੱਚਖੰਡ ਵਿਖੇ ਵੀ ਇੱਕ ਵਿਅਕਤੀ ਦਾਖਲ ਹੋ ਗਿਆ ਸੀ ਅਤੇ ਉਸ ਨੇ ਜੰਗਲਾ ਟੱਪ ਕੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੂੰ ਸੰਗਤ ਨੇ ਕਾਬੂ ਕਰ ਲਿਆ ਅਤੇ ਇੰਨਾ ਕੁਟਾਪਾ ਚਾੜ੍ਹਿਆ ਕਿ ਉਸ ਦੀ ਮੌਤ ਹੋ ਗਈ ਸੀ। ਉਸ ਵਿਅਕਤੀ ਦੀ ਪਛਾਣ ਅੱਜ ਤੱਕ ਨਹੀਂ ਹੋ ਸਕੀ ਹੈ।

**ਮੁਲਜ਼ਮ ਗ੍ਰਿਫ਼ਤਾਰ, ਜਾਂਚ ਜਾਰੀ: ਪੁਲੀਸ**

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਮਾਮਲੇ ਵਿੱਚ ਕੇਸ ਦਰਜ ਕਰਕੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਬਾਬਾ ਸਾਹਿਬ ਦੇ ਬੁੱਤ ਨਾਲ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਛੇੜਛਾੜ ਦੀ ਘਟਨਾ ਬਰਦਾਸ਼ਤਯੋਗ ਨਹੀਂ : ਮੋਹਿੰਦਰ ਭਗਤ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਫਿਲੌਰ ਅਧੀਨ ਪੈਂਦੇ ਪਿੰਡ ਨੰਗਲ ਵਿਖੇ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਸ਼ਰਾਰਤੀ ਅਨਾਸਰਾਂ ਵੱਲੋਂ ਕੀਤੀ ਗਈ ਛੇੜਛਾੜ ਦੀ ਘਟਨਾ ਨਾ ਸਿਰਫ ਸ਼ਰਮਨਾਕ ਹੈ, ਸਗੋਂ ਭਾਰਤ ਦੀਆਂ ਲੋਕਤੰਤਰਿਕ ਕਦਰਾਂ ਕੀਮਤਾਂ 'ਤੇ ਸਿੱਧਾ ਹਮਲਾ ਵੀ ਹੈ।



ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਬਿਆਨ ਜਾਰੀ ਕਰਦਿਆਂ ਇਸ ਘਟਨਾ ਨੂੰ ਕੱਟੜਪੰਥੀਆਂ ਵੱਲੋਂ ਪੰਜਾਬ ਦੇ ਸ਼ਾਂਤੀਪੂਰਨ ਮਾਹੌਲ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸੂਬੇ ਵਿੱਚ ਸ਼ਾਂਤੀਪੂਰਨ ਮਾਹੌਲ ਕਾਇਮ ਰੱਖਣ ਲਈ ਵਚਨਬੱਧ ਹੈ ਅਤੇ ਅਜਿਹੀਆਂ ਕੋਝੀਆਂ ਹਰਕਤਾਂ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਜੋ ਸ਼ਾਂਤੀਪੂਰਨ ਅਤੇ ਭਾਈਚਾਰਕ ਮਾਹੌਲ ਸਿਰਜਿਆ ਹੈ, ਉਹ ਕੱਟੜਪੰਥੀਆਂ ਨੂੰ ਬਰਦਾਸ਼ਤ ਨਹੀਂ ਹੋ ਰਿਹਾ। ਇਸ ਲਈ ਉਹ ਅਜਿਹੀਆਂ ਘਟੀਆ ਹਰਕਤਾਂ ਰਾਹੀਂ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੰਜਾਬ ਸਰਕਾਰ ਉਨ੍ਹਾਂ ਦੇ ਕਿਸੇ ਵੀ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦੇਵੇਗੀ।

ਉਨ੍ਹਾਂ ਕਿਹਾ ਕਿ ਇਹ ਅਜਿਹੀ ਦੂਜੀ ਘਟਨਾ ਹੈ, ਜੋ ਕਿ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਵਿੱਚ ਸੰਤਾਂ ਜਾਂ ਮਹਾਨ ਸ਼ਖਸੀਅਤਾਂ ਦੇ ਸਮਾਗਮ ਹੁੰਦੇ ਹਨ, ਇਹ ਕੱਟੜਪੰਥੀ ਮਾਹੌਲ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੀ ਸ਼ਾਂਤੀ ਦੇ ਦੁਸ਼ਮਣਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ

# ਪੀੜ੍ਹਤਾਂ ਨੂੰ ਬਚਾਉਣਾ ਨਵਾਂ ਜੀਵਨ ਦੇਣਾ ਪ੍ਰਉਪਕਾਰੀ ਕਾਰਜ : ਗੁਰਪ੍ਰੀਤ ਸਿੰਘ



**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਅਰਜਨ ਕਿਰਤਨ ਮੰਡਲ ਪਟਿਆਲਾ ਵਲੋਂ ਹਰ ਸਾਲ ਬੱਚਿਆਂ ਨੋਜਵਾਨਾਂ ਅਤੇ ਨਾਗਰਿਕਾਂ ਨੂੰ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਉਪਦੇਸ਼ਾਂ ਅਤੇ ਮਾਨਵਤਾਵਾਦੀ ਕਾਰਜਾਂ ਨਾਲ ਜੋੜਨ ਲਈ ਚਲੀਹੇ ਚਲਾਏਂ ਜਾਂਦੇ ਹਨ ਜਿਸ ਹਿੱਤ ਵੱਖ ਵੱਖ ਥਾਵਾਂ ਤੇ ਕੀਰਤਨ ਕਰਕੇ, ਬੱਚਿਆਂ ਨੋਜਵਾਨਾਂ ਨੂੰ ਗੁਰੂਬਾਣੀ ਨਾਲ ਜੋੜਣ ਅਤੇ ਨੋਜਵਾਨਾਂ ਰਾਹੀਂ ਮਾਨਵਤਾ ਨੂੰ ਬਚਾਉਣ ਲਈ ਤਿਆਰ ਕੀਤਾ ਜਾਂਦਾ ਹੈ। ਇਸੇ ਸਬੰਧ ਵਿੱਚ ਇੱਕ ਵਿਸ਼ਾਲ ਖੂਨਦਾਨ ਕੈਂਪ, ਰਾਜਿੰਦਰਾ ਹਸਪਤਾਲ ਬਲੱਡ ਬੈਂਕ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿਖੇ 94 ਮਹਾਂ ਪੁਰਸਾ ਨੇ ਪੀੜਤਾਂ ਦੀ ਹਸਪਤਾਲਾਂ ਵਿਖੇ ਕੀਮਤੀ ਜਾਨਾਂ ਬਚਾਉਣ ਲਈ ਖ਼ੂਨ ਦਾਨ ਕੀਤਾ।

ਇਸ ਮੌਕੇ ਪ੍ਰਧਾਨ ਸ਼੍ਰੀ ਰਾਮ ਸਿੰਘ ਜੀ, ਅਮਰੀਕ ਸਿੰਘ ਚੈਅਰਮੈਨ, ਬੀਰਦਵਿੰਦਰ ਸਿੰਘ ਸਕੱਤਰ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਨੇ ਪ੍ਰਮਾਤਮਾ ਅਤੇ ਦਾਨੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਾਹਿਗੁਰੂ ਜੀ ਦੇ ਅਸ਼ੀਰਵਾਦ ਸਦਕਾ ਉਨ੍ਹਾਂ ਵਲੋਂ ਹਰ ਸਾਲ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾਂਦੇ ਹਨ ਅਤੇ ਖ਼ੂਨ ਦਾਨ, ਅੱਖਾਂ ਦੇ ਅਪ੍ਰੈਸਨ ਕਰਵਾਏ ਜਾਂਦੇ ਹਨ। ਰਾਜਿੰਦਰਾ ਹਸਪਤਾਲ ਦੀ ਡਾਕਟਰਾਂ ਦੀ ਟੀਮ ਨੇ ਗੁਰੂ ਅਰਜਨ ਕੀਰਤਨ ਸੇਵਾ ਮੰਡਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਖ਼ੂਨ ਦਾਨ ਕਰਨ ਨਾਲ ਜਿਥੇ ਦਾਨੀ ਸੱਜਣਾਂ ਨੂੰ ਦਿਲ ਦਿਮਾਗ ਦੀਆਂ ਬਿਮਾਰੀਆਂ ਅਤੇ ਕੈਂਸਰ ਵਰਗੇ ਰੋਗਾਂ ਤੋਂ ਬਚਾਅ ਹੁੰਦਾ ਉਥੇ ਦਾਨੀ ਸੱਜਣਾਂ ਨੂੰ ਜ਼ੋ ਸਰਟੀਫਿਕੇਟ ਦਿੱਤੇ ਜਾਂਦੇ, ਉਹ ਸਰਟੀਫਿਕੇਟ ਵਾਪਸ ਦੇਕੇ, ਬਲੱਡ ਬੈਂਕ ਤੋਂ ਆਪਣੇ ਰਿਸ਼ਤੇਦਾਰਾਂ ਪੜੋਸੀਆਂ ਦੋਸਤਾਂ ਲਈ ਜ਼ਰੂਰਤ ਸਮੇਂ ਖ਼ੂਨ ਮਰੀਜ਼ਾਂ ਨੂੰ ਦਿਲਵਾਇਆ ਜਾ ਸਕਦਾ ਹੈ। ਇਸ ਮੌਕੇ ਡਾਕਟਰ ਸੁਖਵਿੰਦਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਮਾਨਵਤਾਵਾਦੀ ਸੇਵਾਵਾਂ, ਗਰੀਬਾਂ ਜ਼ਰੂਰਤਮੰਦਾਂ ਨੂੰ ਮੁਫ਼ਤ ਕਾਉਂਸਲਿੰਗ ਲਈ ਸਨਮਾਨਿਤ ਕੀਤਾ ਗਿਆ। ਗੁਰਪ੍ਰੀਤ ਸਿੰਘ ਜ਼ੋ ਭਾਰਤੀਯ ਰੈੱਡ ਕਰਾਸ ਅਤੇ ਸਿਵਲ ਡਿਫੈਂਸ ਫਸਟ ਏਡ ਸੀ ਪੀ ਆਰ ਦੇ ਵੰਲਟੀਅਰ ਹਨ, ਨੇ ਲੋਕਾਂ ਅਤੇ ਨੋਜਵਾਨਾਂ ਨੂੰ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਦੀ ਸੁਰੱਖਿਆ ਬਚਾਉ ਮਦਦ ਸਨਮਾਨ ਖੁਸ਼ਹਾਲੀ ਉਨਤੀ ਲਈ ਸਿਵਲ ਡਿਫੈਂਸ ਦੇ ਵੰਲਟੀਅਰ ਬਨਕੇ, ਟ੍ਰੇਨਿੰਗ ਲੈਕੇ, ਪੀੜਤਾਂ ਦੇ ਮਦਦਗਾਰ ਫ਼ਰਿਸ਼ਤੇ ਬਨਣ ਲਈ ਪ੍ਰੇਰਿਤ ਕੀਤਾ।

## ਸੰਧਵਾਂ ਵੱਲੋਂ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲਿਆਂ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲਿਆਂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ, ਜੋ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।



ਸਪੀਕਰ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਇੱਕ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥ ਦੀ ਸੇਵਾ ਲੇਖੇ ਲਾਇਆ।

ਗੁਰੂ ਘਰ ਦੀ ਸੇਵਾ ਕਰਕੇ ਉਹ ਹਮੇਸ਼ਾ ਸਿੱਖ ਸੰਗਤ ਦੇ ਦਿਲਾਂ ਵਿੱਚ ਮੌਜੂਦ ਰਹਿਣਗੇ। ਗੁਰੂ ਸਾਹਿਬ ਉਨ੍ਹਾਂ ਦੇ ਪਰਿਵਾਰ ਅਤੇ ਸੰਗਤਾਂ ਨੂੰ ਇਸ ਨਾ ਪੂਰ ਹੋਣ ਵਾਲੇ ਘਾਟੇ ਨੂੰ ਸਹਿਣ ਦਾ ਬਲ ਬਖ਼ਸ਼ਣ । ਭਾਈ ਸਾਹਿਬ ਦੀ ਰਸਭਿੰਨੀ ਆਵਾਜ਼ ਹਮੇਸ਼ਾ ਸਾਡੇ ਦਿਲਾਂ ਨੂੰ ਸਰਸਾਰ ਕਰਦੀ ਰਹੇਗੀ।

# ਕਰਜ਼ਾ ਮੁਆਫ਼ੀ ਨਾਲ 2 ਦਹਾਕਿਆਂ ਤੋਂ ਵਿੱਤੀ ਬੋਝ ਨਾਲ ਜੂਝ ਰਹੇ ਹਜ਼ਾਰਾਂ ਪਰਿਵਾਰਾਂ ਨੂੰ ਮਿਲੀ ਰਾਹਤ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕੈਬਨਿਟ ਵੱਲੋਂ 4,727 ਗਰੀਬ ਅਨੁਸੂਚਿਤ ਜਾਤੀ ਪਰਿਵਾਰਾਂ ਦਾ 31 ਮਾਰਚ 2020 ਤੱਕ ਦਾ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲ ਬਕਾਇਆ 68 ਕਰੋੜ ਰੁਪਏ ਦੇ ਕਰਜ਼ੇ ਨੂੰ ਮੁਆਫ ਕਰਨ ਦੇ ਇਤਿਹਾਸਕ ਫੈਸਲੇ ਲਈ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾਕੁੰਨ ਕਾਰਵਾਈ ਨਾਲ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੇਗੀ ਜੋ 2 ਦਹਾਕਿਆਂ ਤੋਂ ਇਸ ਵਿੱਤੀ ਬੋਝ ਨਾਲ ਜੂਝ ਰਹੇ ਹਨ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰਜ਼ਾ ਮੁਆਫ਼ੀ ਦੇ ਫੈਸਲੇ ਦਾ ਐਲਾਨ ਕਰਨ ਲਈ ਬੁਲਾਈ ਗਈ ਪ੍ਰੈਸ ਕਾਨਫਰੰਸ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਆਫ਼ੀ ਰਾਸ਼ੀ ਦਾ ਵਿਸਥਾਰਪੂਰਵਕ ਵੇਰਵਾ ਦਿੰਦਿਆਂ ਦੱਸਿਆ ਕਿ ਮੁਆਫ਼ ਕੀਤੀ ਗਈ ਕੁੱਲ 68 ਕਰੋੜ ਰੁਪਏ ਦੀ ਰਕਮ ਵਿੱਚ ਲਗਭਗ 30 ਕਰੋੜ ਰੁਪਏ ਮੂਲ, 22 ਕਰੋੜ ਰੁਪਏ ਵਿਆਜ ਅਤੇ 15 ਕਰੋੜ ਰੁਪਏ ਜੁਰਮਾਨਾ ਵਿਆਜ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਹ ਕਰਜ਼ੇ ਪਿਛਲੇ ਦੋ ਦਹਾਕਿਆਂ ਤੋਂ ਬਕਾਇਆ ਹਨ, ਜਿਸ ਦੌਰਾਨ ਪ੍ਰਭਾਵਿਤ ਵਿਅਕਤੀਆਂ ਨੇ ਵਾਰ-ਵਾਰ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਤੱਕ ਪਹੁੰਚ ਕੀਤੀ, ਪਰ ਉਨ੍ਹਾਂ ਦੇ ਕੰਨੀ ਜੂੰ ਤੱਕ ਨਹੀਂ ਸਰਕੀ।

ਇਸ ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ ਜਾਰੀ ਕੀਤੇ ਗਏ ਕਰਜ਼ਿਆਂ ਦੀ 84 ਫੀਸਦੀ ਉਚੇਰੀ ਮੁੜ ਅਦਾਇਗੀ ਸਫਲਤਾ ਦਰ ਦਾ ਜਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਇਹ ਉਚੇਰੀ ਮੁੜ ਅਦਾਇਗੀ ਦਰ ਇਨ੍ਹਾਂ ਵਿਅਕਤੀਆਂ ਵੱਲੋਂ ਕਰਜੇ ਦੀ ਵਰਤੋਂ ਉਪਲਬਧ ਸਰੋਤਾਂ ਨੂੰ ਜੁਟਾ ਕੇ ਰੋਜੀ-ਰੋਟੀ ਕਮਾਉਣ ਅਤੇ ਪ੍ਰਾਪਤ ਕੀਤੇ ਗਏ ਕਰਜ਼ਿਆਂ ਦੀ ਅਦਾਇਗੀ ਕਰਨ ਪ੍ਰਤੀ ਵਚਨਬੱਧਤਾ ਨੂੰ ਦਰਸ਼ਾਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਕਰਜ਼ੇ ਮੂਲ ਕਰਜ਼ਦਾਰਾਂ ਦੇ ਦੇਹਾਂਤ ਜਾਂ ਨਾ ਟਾਲਣਯੋਗ ਹਾਲਾਤਾਂ ਕਾਰਨ ਅਦਾਇਗੀ ਨਾ ਕੀਤੇ ਜਾ ਸਕਣ ਕਾਰਨ ਬਕਾਇਆ ਸਨ, ਇਸ ਲਈ ਪੰਜਾਬ ਸਰਕਾਰ ਨੇ ਇਨ੍ਹਾਂ ਕਰਜ਼ਿਆਂ ਨੂੰ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ।

ਵਿੱਤ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਰਗਰਮ ਪਹੁੰਚ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੁਆਰਾ ਬੇਨਤੀ ਕੀਤੇ ਜਾਣ 'ਤੇ ਮੁੱਖ ਮੰਤਰੀ ਨੇ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਵਿੱਤੀ ਸਾਲ 2025-26 ਲਈ ਰਾਜ ਬਜਟ ਤਿਆਰ ਕਰਦੇ ਸਮੇਂ ਕਰਜ਼ਾ ਮੁਆਫੀ ਲਈ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਸਨ। ਵਿੱਤ ਮੰਤਰੀ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਪ੍ਰਾਪਤ ਮਾਰਗਦਰਸ਼ਨ ਅਤੇ ਸਮਰਥਨ ਬਾਰੇ ਜਿਕਰ ਕਰਦਿਆਂ ਕਿਹਾ, ÷ਅਰਵਿੰਦ ਕੇਜਰੀਵਾਲ ਜੀ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਨੇੜਿਓਂ ਨਜ਼ਰ ਰੱਖਦੇ ਹਨ ਅਤੇ ਪ੍ਰਭਾਵਸ਼ਾਲੀ ਹੱਲ ਲੱਭਣ ਲਈ ਨਿਰੰਤਰ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਕਰਜ਼ਾ ਮੁਆਫੀ ਹਜ਼ਾਰਾਂ ਪਰਿਵਾਰਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗੀ, ਜਿਸ ਨਾਲ ਉਨ੍ਹਾਂ ਨੂੰ ਕਾਰਪੋਰੇਸ਼ਨ ਤੋਂ ਹੋ ਰਹੀ ਪਰੇਸ਼ਾਨੀ ਤੋਂ ਵੀ ਮੁਕਤੀ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਫੈਸਲਾ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਮਾਜਿਕ ਨਿਆਂ ਅਤੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ।

# ਦਲਿਤ ਪਰਿਵਾਰ ਦੀ ਕੁੜੀ ਦੀ ਕੁੱਟਮਾਰ ਕਰਨ ਦੇ ਦੋਸ਼

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਸਪਾ ਨੇ ਪਿੰਡ ਸਿਆਲੂ ਦੇ ਕੁਝ ਵਿਅਕਤੀਆਂ 'ਤੇ ਦਲਿਤ ਪਰਿਵਾਰ ਨਾਲ ਸਬੰਧਤ ਨੌਜਵਾਨ ਲੜਕੀ ਦੀ ਕਥਿਤ ਕੁੱਟਮਾਰ ਕਰਦਿਆਂ ਉਸ ਦਾ ਫੋਨ ਖੋਹਣ ਦੇ ਦੋਸ਼ ਲਾਏ ਹਨ। ਬਸਪਾ ਆਗੂਆਂ ਨੇ ਅੱਜ ਰਾਜਪੁਰਾ ਦੇ ਡੀਐੱਸਪੀ ਦਫਤਰ ਪਹੁੰਚ ਕੇ ਪ੍ਰਦਰਸ਼ਨ ਕਰਦਿਆਂ ਚੇਤਾਵਨੀ ਦਿੱਤੀ ਕਿ ਜੇ ਮੁਲਜ਼ਮਾਂ ਖ਼ਿਲਾਫ਼ ਕੇਸ ਨਾ ਦਰਜ ਕੀਤਾ ਤਾਂ ਬਸਪਾ ਤਿੰਨ ਜੂਨ ਨੂੰ ਨੈਸ਼ਨਲ ਹਾਈਵੇਅ 'ਤੇ ਆਵਜਾਈ ਠੱਪ ਕਰੇਗੀ। ਉਧਰ ਜਿਥੇ ਦੂਜੀ ਧਿਰ ਨੇ ਲੜਕੀ ਦੀ ਕੁੱਟਮਾਰ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ, ਉੱਥੇ ਹੀ ਪੁਲੀਸ ਦੀ ਡਿਊਟੀ 'ਚ ਵਿਘਨ ਪਾਉਣ ਦੇ ਦੋਸ਼ ਲਾਏ ਹਨ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਸ਼ਮਸ਼ਾਨਘਾਟ ਵਿੱਚੋਂ ਰੁੱਖਾਂ ਦੀ ਕਟਾਈ ਨਾਲ਼ ਸਬੰਧਤ ਹੈ। ਪਿੰਡ ਦੇ ਦਲਿਤ ਭਾਈਚਾਰੇ ਦਾ ਕਹਿਣਾ ਸੀ ਕਿ ਪੰਚਾਇਤ ਵੱਲੋਂ ਰੁੱਖ ਕੱਟੇ ਗਏ ਹਨ, ਉੱਥੇ ਪੰਚਾਇਤ ਦੀ ਸ਼ਿਕਾਇਤ 'ਤੇ ਇਸ ਸਬੰਧੀ ਦਲਿਤ ਭਾਈਚਾਰੇ ਨਾਲ ਸਬੰਧਤ ਚਾਰ ਵਿਅਕਤੀਆਂ ਖ਼ਿਲਾਫ਼ 17 ਅਪਰੈਲ਼ ਨੂੰ ਕੇਸ ਵੀ ਦਰਜ ਕੀਤਾ ਜਾ ਚੁੱਕਾ ਹੈ।

ਬਸਪਾ ਦੇ ਸੂਬਾਈ ਮੀਤ ਪ੍ਰਧਾਨ ਬਲਦੇਵ ਸਿੰਘ ਮਹਿਰਾ ਨੇ ਕਿਹਾ ਕਿ ਹੁਣ ਜਦੋਂ ਪੰਚਾਇਤ ਵੱਲੋਂ ਪੁਲੀਸ ਦੀ ਕਥਿਤ ਮਦਦ ਨਾਲ ਇਹ ਕੱਟੇ ਦਰੱਖਤ ਚੁੱਕੇ ਜਾ ਰਹੇ ਸਨ ਤਾਂ ਬਸਪਾ/ਦਲਿਤ ਪਰਿਵਾਰ ਨਾਲ ਸਬੰਧਤ ਇੱਕ ਲੜਕੀ ਨੇ ਰੋਕਣਾ ਚਾਹਿਆ ਤੇ ਉਹ ਵੀਡੀਓ ਬਣਾ ਰਹੀ ਸੀ। ਇੱਕ ਪੰਚ ਤੇ ਹੋਰਾਂ ਨੇ ਉਸ ਨੂੰ ਕਥਿਤ ਜਾਤੀ ਸੂਚਕ ਸ਼ਬਦ ਬੋਲਦਿਆਂ ਥੱਪੜ ਮਾਰੇ ਅਤੇ ਫੋਨ ਖੋਹ ਕੇ ਵੀਡੀਓ ਡਿਲੀਟ ਕਰ ਦਿੱਤੀ। ਉਧਰ, ਪੰਚ ਹਰਿੰਦਰ ਸਿੰਘ ਨੇ ਕੁੱਟਮਾਰ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਅਸਲ 'ਚ ਇਸ ਧਿਰ 'ਤੇ ਪਹਿਲਾਂ ਜੋ ਕੇਸ ਦਰਜ ਹੈ, ਉਸ ਨੂੰ ਕਰਾਸ ਕੇਸ ਬਣਵਾਉਣ ਲਈ ਹੀ ਅਜਿਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਪੁਲੀਸ ਆਪਣੀ ਕਾਰਵਾਈ ਲਈ ਪੁੱਜੀ ਹੋਈ ਸੀ, ਤਾਂ ਇਸ ਲੜਕੀ ਨੇ ਵਿਘਨ ਪਾਉਂਦਿਆਂ ਝਗੜੇ ਵਾਲ਼ਾ ਮਾਹੌਲ ਪੈਦਾ ਕੀਤਾ।

# ਪਿਤਾ ਵੱਲੋਂ ਅਣਖ ਖਾਤਰ ਧੀ ਅਤੇ ਉਸ ਦੇ ਪ੍ਰੇਮੀ ਦਾ ਕਤਲ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਬੋਪਾਰਾਏ ਬਾਜ ਸਿੰਘ ਵਿਖੇ ਪਿਤਾ ਨੇ ਅਣਖ ਖਾਤਰ ਧੀ ਅਤੇ ਉਸ ਦੇ ਪ੍ਰੇਮੀ ਦਾ ਕਤਲ ਕਰ ਦਿੱਤਾ ਹੈ। ਮ੍ਰਿਤਕਾਂ ਦੀ ਸ਼ਨਾਖਤ ਜੋਬਨਦੀਪ ਸਿੰਘ(24) ਅਤੇ ਸੁਖਬੀਰ ਕੌਰ(23) ਵਜੋਂ ਹੋਈ ਹੈ। ਪੁਲੀਸ ਨੇ ਮ੍ਰਿਤਕ ਕੁੜੀ ਦੇ ਪਿਤਾ ਗੁਰਦਿਆਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਡੀਐੱਸਪੀ ਰਾਜਾਸਾਂਸੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਜੋਬਨਦੀਪ ਸਿੰਘ ਪਿੰਡ ਕਾਕੜ ਦਾ ਵਾਸੀ ਸੀ ਅਤੇ ਉਹ ਪਿੰਡ ਬੋਪਾਰਾਏ ਬਾਜ ਸਿੰਘ ਵਿਖੇ ਸੜਕ 'ਤੇ ਟਰੈਕਟਰ ਟਰਾਲੀ ਰਾਹੀਂ ਮਿੱਟੀ ਪਾਉਣ ਦਾ ਕੰਮ ਕਰਦਾ ਸੀ। ਇੱਥੇ ਨੇੜੇ ਹੀ ਗੁਰਦਿਆਲ ਸਿੰਘ ਦਾ ਡੇਰਾ ਹੈ। ਇਸ ਕੰਮ ਦੌਰਾਨ ਹੀ ਉਸ ਦਾ ਗੁਰਦਿਆਲ ਸਿੰਘ ਦੇ ਘਰ ਆਉਣਾ ਜਾਣਾ ਹੋ ਗਿਆ ਸੀ। ਇਸ ਦੌਰਾਨ ਉਸ ਦੇ ਕੁੜੀ ਨਾਲ ਪ੍ਰੇਮ ਸਬੰਧ ਬਣ ਗਏ, ਜਿਸ ਦਾ ਪਿਤਾ ਵੱਲੋਂ ਵਿਰੋਧ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗੁਰਦਿਆਲ ਸਿੰਘ ਨੇ ਅੱਜ ਤੇਜ਼ਧਾਰ ਹਥਿਆਰਾਂ ਨਾਲ ਆਪਣੀ ਧੀ ਅਤੇ ਮੁੰਡੇ ਦੋਵਾਂ ਦਾ ਕਤਲ ਕਰ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਪੁਲੀਸ ਨੇ ਕਾਤਲ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਪੁੱਛਗਿਛ ਕੀਤੀ ਜਾ ਰਹੀ ਹੈ। ਪੁਲੀਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰੇਗੀ। ਇਸ ਸਬੰਧ ਵਿੱਚ ਥਾਣਾ ਲੋਪੋਕੇ ਵਿਖੇ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਛੋਟੇ ਹਾਥੀ 'ਚ ਨਾਜਾਇਜ਼ ਸ਼ਰਾਬ ਲੈ ਕੇ ਜਾਂਦੇ 2 ਸਮੱਗਲਰ ਕਾਬੂ, 10 ਪੇਟੀਆਂ ਬਰਾਮਦ



**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਪੈਸ਼ਲ ਸੈੱਲ ਦੀ ਟੀਮ ਨੇ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ 2 ਸ਼ਰਾਬ ਸਮੱਗਲਰਾਂ ਨੂੰ ਕਾਬੂ ਕੀਤਾ। ਸ਼ਰਾਬ ਸਮੱਗਲਰ ਛੋਟੇ ਹਾਥੀ 'ਚ ਨਾਜਾਇਜ਼ ਸ਼ਰਾਬ ਸਪਲਾਈ ਕਰਨ ਜਾ ਰਹੇ ਸਨ। ਪੁਲਸ ਨੇ ਮੁਲਜ਼ਮਾਂ ਤੋਂ 10 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀਆਂ ਹਨ। ਪੁਲਸ ਨੇ ਮੁਲਜ਼ਮਾਂ ਖਿਲਾਫ ਥਾਣਾ ਸਾਹਨੇਵਾਲ 'ਚ ਸ਼ਰਾਬ ਦੀ ਸਮੱਗਲਿੰਗ ਕਰਨ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਅਮਨਦੀਪ ਸਿੰਘ ਅਤੇ ਸ਼ਰਵਣ ਕੁਮਾਰ ਵਾਸੀ ਪਿੰਡ ਪਵੇ ਵਜੋਂ ਕੀਤੀ ਹੈ।

ਇੰਸਪੈਕਟਰ ਨਵਦੀਪ ਸਿੰਘ ਨੇ ਦੱਸਿਆ ਕਿ ਜਦੋਂ ਐੱਸ. ਆਈ. ਮੁਹੰਮਦ ਸਦੀਕ ਦੀ ਟੀਮ ਪੂਰਬੀ ਮੇਨ ਚੌਕ 'ਤੇ ਨਾਕਾਬੰਦੀ ਕਰ ਕੇ ਚੈਕਿੰਗ ਕਰ ਰਹੀ ਸੀ ਤਾਂ ਉਕਤ ਮੁਲਜ਼ਮ ਛੋਟੇ ਹਾਥੀ 'ਚ ਆ ਰਹੇ ਸਨ, ਜਦੋਂ ਉਨ੍ਹਾਂ ਨੂੰ ਚੈਕਿੰਗ ਲਈ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਉਨ੍ਹਾਂ ਛੋਟੇ ਹਾਥੀ ਨੂੰ ਲੈ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਟੀਮ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਜਦੋਂ ਛੋਟੇ ਹਾਥੀ ਦੀ ਤਲਾਸ਼ੀ ਲਈ ਗਈ ਤਾਂ ਉਸ 'ਚੋਂ 10 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਮੁਲਜ਼ਮਾਂ ਤੋਂ ਪੁੱਛਗਿੱਛ ਕਰ ਕੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮ ਨਾਜਾਇਜ਼ ਸ਼ਰਾਬ ਕਿਥੋਂ ਲਿਆਉਂਦੇ ਸੀ ਅਤੇ ਕਿਹੜੇ ਇਲਾਕਿਆਂ 'ਚ ਸਪਲਾਈ ਕਰਦੇ ਸਨ। ਮੁਲਜ਼ਮਾਂ ਖਿਲਾਫ ਦਰਜ ਹੋਰ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

# ਨਰਿੰਦਰਦੀਪ ਨੂੰ ਸ਼ਰਧਾਂਜਲੀਆਂ ਭੇਟ, ਇਨਸਾਫ਼ ਲਈ ਸੰਘਰਸ਼ ਕਮੇਟੀ ਦਾ ਐਲਾਨ



**ਗੋਨਿਆਣਾ ਮੰਡੀ (ਬਠਿੰਡਾ), 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਣਾ ਮੰਡੀ ਦੇ ਨੌਜਵਾਨ ਨਰਿੰਦਰਦੀਪ ਸਿੰਘ ਨੰਨੂ ਦੀ ਬੇਵਕਤੀ ਮੌਤ ਨੇ ਪੂਰੇ ਇਲਾਕੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਵਿਖੇ ਹੋਏ ਭੋਗ ਅਤੇ ਸ਼ਰਧਾਂਜਲੀ ਸਮਾਗਮ ਦੌਰਾਨ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਨੇ ਦਰਸਾ ਦਿੱਤਾ ਕਿ ਇਹ ਸਿਰਫ਼ ਇੱਕ ਪਰਿਵਾਰ ਦਾ ਨਹੀਂ, ਸਗੋਂ ਸਾਰੇ ਇਲਾਕੇ ਦਾ ਦੁੱਖ ਹੈ।

ਸਮਾਗਮ ਦੌਰਾਨ ਇਲਾਕਾ ਨਿਵਾਸੀਆਂ ਦੀਆਂ ਹੰਝੂਆਂ ਭਰੀਆਂ ਅੱਖਾਂ ਨੇ ਨਰਿੰਦਰਦੀਪ ਦੀ ਯਾਦ ਨੂੰ ਸਦੀਵੀ ਬਣਾਉਣ ਦਾ ਵਾਅਦਾ ਕੀਤਾ। ਉਨ੍ਹਾਂ ਦੀ ਬੇਵਕਤੀ ਮੌਤ 'ਤੇ ਜਿਥੇ ਪਰਿਵਾਰ ਵਾਲਿਆਂ ਨੇ ਪੁਲੀਸ 'ਤੇ ਨੌਜਵਾਨ ਉਤੇ ਅੰਨ੍ਹਾ ਤਸ਼ੱਦਦ ਢਾਹੁਣ ਦੇ ਗੰਭੀਰ ਦੋਸ਼ ਲਾਏ ਹਨ, ਉਥੇ ਹੀ ਵੱਖ-ਵੱਖ ਜਥੇਬੰਦੀਆਂ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਅਤੇ ਇਨਸਾਫ਼ ਦੀ ਮੰਗ ਕੀਤੀ ਹੈ।

ਇਸ ਦੁੱਖ ਭਰੇ ਸ਼ਰਧਾਂਜਲੀ ਸਮਾਗਮ ਮੌਕੇ ਬੀਕੇਯੂ ਉਗਰਾਹਾਂ ਸੂਬਾ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਰਨਲ ਸਕੱਤਰ ਕਾਮਰੇਡ ਬਲਕਰਨ ਸਿੰਘ ਬਰਾੜ, ਵਪਾਰ ਮੰਡਲ ਦੇ ਸੂਬਾ ਪ੍ਰਧਾਨ ਅਮਿਤ ਕਪੂਰ, ਡਾ. ਨਵਦੀਪ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਬਰਾੜ ਸਮੇਤ ਕਈ ਆਗੂਆਂ ਨੇ ਆਪਣੀ ਸ਼ਮੂਲੀਅਤ ਨਾਲ ਪਰਿਵਾਰ ਨਾਲ ਹਮਦਰਦੀ ਜ਼ਾਹਰ ਕੀਤੀ।

ਇਸ ਮੌਕੇ ਨਰਿੰਦਰਦੀਪ ਦੀ ਪਤਨੀ ਨੈਨਸੀ ਨੂੰ ਸਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਹਿੰਮਤ ਅਤੇ ਹੌਸਲੇ ਨੂੰ ਸਲਾਮ ਕੀਤਾ ਗਿਆ ਜੋ ਇਨਸਾਫ਼ ਦੀ ਲੜਾਈ ਦੀ ਅਗਵਾਈ ਕਰ ਰਹੀ ਹੈ।

**26 ਮੈਂਬਰੀ ਸੰਘਰਸ਼ ਕਮੇਟੀ ਦਾ ਐਲਾਨ**

ਭੋਗ ਸਮਾਗਮ ਤੋਂ ਬਾਅਦ ਨਰਿੰਦਰਦੀਪ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਇੱਕ 26 ਮੈਂਬਰੀ ਸੰਘਰਸ਼ ਕਮੇਟੀ ਦੀ ਘੋਸ਼ਣਾ ਕੀਤੀ ਗਈ ਹੈ।

ਇਸ ਕਮੇਟੀ ਵਿੱਚ ਕਿਸਾਨ ਯੂਨੀਅਨਾਂ, ਸਿਆਸੀ ਧਿਰਾਂ ਅਤੇ ਇਲਾਕਾਈ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਹ ਕਮੇਟੀ ਅਗਲੇ ਸੰਘਰਸ਼ ਦੀ ਯੋਜਨਾ ਬਣਾਏਗੀ ਅਤੇ ਜੇ ਇਨਸਾਫ਼ ਨਹੀਂ ਮਿਲਦਾ ਤਾਂ 5 ਜੂਨ ਨੂੰ ਐਸਐਸਪੀ ਦਫਤਰ ਅੱਗੇ ਧਰਨਾ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ।

# ਵਿਜੀਲੈਂਸ ਨੇ 10000 ਰੁਪਏ ਰਿਸ਼ਵਤ ਲੈਂਦਾ ਸਹਿਕਾਰੀ ਵਿਭਾਗ ਦਾ ਸੁਪਰਡੈਂਟ ਕੀਤਾ ਕਾਬੂ



**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਦੌਰਾਨ ਮੰਗਲਵਾਰ ਨੂੰ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਡੇਰਾਬੱਸੀ ਵਿਖੇ ਪੰਜਾਬ ਸਹਿਕਾਰੀ ਸਭਾਵਾਂ ਦੇ ਸਹਾਇਕ ਰਜਿਸਟਰਾਰ (ਏ.ਆਰ.) ਦੇ ਦਫ਼ਤਰ ਵਿੱਚ ਤਾਇਨਾਤ ਸੁਪਰਡੈਂਟ ਗੁਰਆਜ਼ਾਦ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਅਨੁਸਾਰ, ਡੇਰਾਬੱਸੀ ਦੇ ਪਿੰਡ ਛਛਰੋਲੀ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਹੈ।

ਸ਼ਿਕਾਇਤਕਰਤਾ ਨੇ 2012 ਵਿੱਚ ਰਾਣੀ ਮਾਜਰਾ ਬਹੁ-ਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਤੋਂ 2 ਲੱਖ ਰੁਪਏ ਦਾ ਕਰਜ਼ਾ ਲਿਆ ਸੀ ਪਰ ਨੇਮਬੱਧ ਢੰਗ ਨਾਲ ਅਦਾਇਗੀਆਂ ਨਾ ਕਰ ਸਕਿਆ ਜਿਸ ਕਾਰਨ ਮੂਲ ਰਕਮ ਤੇ ਵਿਆਜ ਦਾ ਬਕਾਇਆ ਜਮ੍ਹਾਂ ਹੋ ਕੇ 3,16,632 ਰੁਪਏ ਹੋ ਗਿਆ। ਬਾਅਦ ਵਿੱਚ, ਸ਼ਿਕਾਇਤਕਰਤਾ ਨੇ ਇਸ ਸਾਲ 13 ਮਾਰਚ ਨੂੰ 4,14,500 ਰੁਪਏ ਦੀ ਸਾਰੀ ਬਕਾਇਆ ਰਕਮ ਦਾ ਭੁਗਤਾਨ ਕਰ ਕਰਕੇ ਸੁਸਾਇਟੀ ਤੋਂ ਬਣਦੀ ਕਲੀਅਰੈਂਸ ਵੀ ਲੈ ਲਈ ਸੀ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਇਸਦੇ ਬਾਵਜੂਦ ਵੀ ਉਕਤ ਮੁਲਜ਼ਮ ਉਸਨੂੰ ਸਹਾਇਕ ਰਜਿਸਟਰਾਰ ਤੋਂ ਜ਼ਰੂਰੀ ਪ੍ਰਵਾਨਗੀ ਲੈਣ ਅਤੇ ਜ਼ਮੀਨ ਨੂੰ ਆਡਰਹਿਣ ਤੋਂ ਫੱਕ ਕਰਾਉਣ ਲਈ 10,000 ਰੁਪਏ ਰਿਸ਼ਵਤ ਮੰਗ ਰਿਹਾ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੇ ਉਡਣ ਦਸਤੇ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਨੂੰ ਉਸਦੇ ਦਫ਼ਤਰ ਵਿੱਚ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਟੀਮ ਨੇ ਮੁਲਜ਼ਮ ਦੇ ਕਬਜ਼ੇ ਵਿੱਚੋਂ ਕੇਸ ਨਾਲ ਸਬੰਧਤ ਏ.ਆਰ. ਦੇ ਬਿਨਾਂ ਦਸਤਖਤ ਕੀਤੇ ਟਾਈਪ ਕੀਤੇ ਆਰਡਰ ਵੀ ਮੌਕੇ ਤੇ ਹੀ ਬਰਾਮਦ ਕੀਤੇ।

ਇਸ ਸਬੰਧ ਵਿੱਚ ਉਕਤ ਮਲਾਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ, ਫਲਾਇੰਗ ਸਕੁਐਡ-1, ਪੰਜਾਬ, ਐਸਏਐਸ ਨਗਰ ਵਿਖੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਦੇਸ਼ ਸਮਾਜ ਨੂੰ ਬਚਾਉਣ ਲਈ ਸਹਿਯੋਗ ਦੇਵੋ: ਪ੍ਰਦੀਪ ਜੋਸਨ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

। ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਦੀ 315ਵੀ ਮੀਟਿੰਗ ਦੌਰਾਨ ਨਗਰ ਪਾਲਿਕਾ ਸਨੋਰ ਦੇ ਪ੍ਰਧਾਨ ਸ੍ਰੀ ਪ੍ਰਦੀਪ ਜੋਸਨ ਨੇ, ਡਾਕਟਰ ਰਾਕੇਸ਼ ਵਰਮੀ ਪ੍ਰਧਾਨ, ਹਰਪ੍ਰੀਤ ਸੰਧੂ ਸਕੱਤਰ ਅਤੇ ਸਾਰੇ ਮੈਂਬਰਾਂ ਦੇ ਮਾਨਵਤਾਵਾਦੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੇਸ਼ ਸਮਾਜ ਘਰ ਪਰਿਵਾਰਾਂ ਨੂੰ ਸਿਹਤਮੰਦ ਤਦੰਰੁਸਤ ਸੁਰੱਖਿਆ ਖੁਸ਼ਹਾਲ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਰਲਕੇ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਮਰਿਆਦਾਵਾਂ ਜ਼ੁਮੇਵਾਰੀਆਂ ਨਿਭਾਉਣ ਲਈ ਯਤਨ ਕਰਨੇ ਚਾਹੀਦੇ ਹਨ। ਡਾਕਟਰ ਰਾਕੇਸ਼ ਵਰਮੀ ਅਤੇ ਹਰਪ੍ਰੀਤ ਸੰਧੂ ਨੇ ਦਸਿਆ ਕਿ ਸੰਸਥਾ ਦੇ ਮੈਂਬਰਾਂ ਵਲੋਂ ਦੇਸ਼ ਸਮਾਜ ਆਵਾਜਾਈ, ਸਿਹਤ ਤੰਦਰੁਸਤੀ ਅਰੋਗਤਾ ਸੁਰੱਖਿਆ ਬਚਾਓ ਮਦਦ ਦੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਹਰ ਸਾਲ ਸੈਂਕੜੇ ਯੂਨਿਟ ਖ਼ੂਨ, ਦਾਨੀਆਂ ਰਾਹੀਂ ਦਿਨ ਕਰਵਾਇਆ ਜਾਂਦਾ। ਡੀ ਬੀ ਜੀ ਵਲੋਂ ਪਬਲਿਕ ਦੀਆਂ ਸਹੂਲਤਾਂ ਲਈ ਐਂਬੂਲੈਂਸਾਂ, ਲੈਬਾਂ ਅਤੇ ਮੈਡੀਕਲ ਕੈਂਪ ਲਗਾਏ ਜਾਂਦੇ ਹਨ। ਜ਼ਰੂਰਤਮੰਦ ਲੋਕਾਂ ਦੇ ਅਪ੍ਰੈਸ਼ਨ ਮੁਫ਼ਤ ਵਿੱਚ ਕਰਵਾਏ ਜਾਂਦੇ ਹਨ। ਹਜ਼ਾਰਾਂ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਵਿਖੇ ਫੀਸਾਂ ਅਤੇ ਕਿਤਾਬਾਂ ਕਾਪੀਆਂ ਦੀ ਸਹਾਇਤਾ ਦੇਕੇ ਪੜ੍ਹਾਇਆ ਜਾ ਰਿਹਾ ਹੈ। ਕੰਪਿਊਟਰ ਅਤੇ ਸਿਲਾਈ ਕਢਾਈ ਸੈਂਟਰ ਚਲਾਏ ਜਾ ਰਹੇ ਹਨ। ਅੱਖਾਂ ਦਾਨ, ਖ਼ੂਨ ਦਾਨ, ਸਰੀਰ ਦਾਨ ਲਈ ਮਿਸ਼ਨ ਚਲਾਏ ਜਾ ਰਹੇ ਹਨ। ਇਸ ਮੌਕੇ ਕਾਕਾ ਰਾਮ ਵਰਮਾ ਵਲੋਂ ਭਾਰਤ ਸਰਕਾਰ ਦੇ ਅਪ੍ਰੈਸਨ ਸੰਧੂਰ ਅਤੇ ਅਪ੍ਰੈਸਨ ਸ਼ੀਲਡ ਬਾਰੇ ਜਾਣਕਾਰੀ ਦਿੱਤੀ ਅਤੇ ਅਪੀਲ ਕੀਤੀ ਕਿ ਹਰੇਕ ਨਾਗਰਿਕ ਕਰਮਚਾਰੀ ਅਤੇ ਨੌਜਵਾਨ ਦੇਸ਼ ਦੀ ਸੁਰੱਖਿਆ, ਸਨਮਾਨ, ਖੁਸ਼ਹਾਲੀ, ਉਨਤੀ ਅਤੇ ਸੰਕਟ ਸਮੇਂ ਪੀੜਤਾਂ ਦੀ ਸਹਾਇਤਾ ਕਰਨ ਲਈ, ਸਿਵਲ ਡਿਫੈਂਸ ਦੇ ਮੈਂਬਰ ਬਣਕੇ ਆਪਣੇ ਗਲ਼ੀਆਂ, ਮੌਹਲਿਆ, ਕਾਲੋਨੀਆਂ ਦਫ਼ਤਰਾਂ ਵਿਖੇ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟੀਮਾਂ ਤਿਆਰ ਕਰਨ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜ਼ਿਲਾ ਕਮਾਂਡਰ ਨੂੰ ਸਹਿਯੋਗ ਕਰਨ ਤਾਂ ਜ਼ੋ ਭਵਿੱਖ ਵਿੱਚ ਜੰਗਾਂ, ਆਪਦਾਵਾਂ, ਆਵਾਜਾਈ ਅਤੇ ਘਰੈਲੂ ਘਟਨਾਵਾਂ ਸਮੇਂ ਜਾਨੀ ਅਤੇ ਮਾਲੀ ਨੁਕਸਾਨਾਂ ਨੂੰ ਘਟਾਇਆ ਜਾਵੇ ਅਤੇ ਕੀਮਤੀ ਜਾਨਾਂ ਬਚਾਈਆਂ ਜਾਣ। ਸਟੇਜ ਸਕੱਤਰ ਸ੍ਰੀਮਤੀ ਊਸ਼ਾ ਗੋਇਲ ਨੇ ਮੌਕ ਡਰਿੱਲਾਂ, ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟ੍ਰੇਨਿੰਗ ਦੀ ਮਹੱਤਤਾ ਦੱਸੀ ਅਤੇ ਅਪੀਲ ਕੀਤੀ ਕਿ ਡੈਡੀਕੇਟਿਡ ਬ੍ਰਦਰਜ਼ ਗਰੁੱਪ ਵਲੋਂ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ, 500 ਮੈਂਬਰਾਂ ਨੂੰ ਸਿਵਲ ਡਿਫੈਂਸ ਵੰਲਟੀਅਰ ਬਣਾਉਣ ਲਈ ਯਤਨ ਕੀਤੇ ਜਾਣਗੇ। ਇਸ ਮੌਕੇ ਸਾਰਿਆਂ ਨੂੰ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਪਾਲਣਾ ਕਰਨ ਦੀ ਕਸਮ ਚੁਕਾਈ ਗਈ।



ਕਹਾਣੀ

# ਕੌੜੇ ਰਿਸ਼ਤੇ



ਬਚਿੰਤ ਕੌਰ

ਜੀ ਬੀ ਹੋਟਲ ਦੀ ਗਹਿਮਾ-ਗਹਿਮੀ ਅੱਜ ਦੇਖਣ ਵਾਲੀ ਸੀ। ਚਾਰੋਂ ਤਰਫ ਤਾਜ਼ੇ ਫੁੱਲਾਂ ਦੀ ਖੁਸ਼ਬੋਈ ਨਾਲ ਸਾਰਾ ਹਾਲ ਮਹਿਕੋ-ਮਹਿਕੀ ਹੋਇਆ ਪਿਆ ਸੀ। ਦੋਵੇਂ ਧਿਰਾਂ ਖੁਸ਼ੀ ਵਿੱਚ ਫੁੱਲੀਆਂ ਨਹੀਂ ਸੀ ਸਮਾ ਰਹੀਆਂ। ਸੁਣਿਆ ਸੀ ਮੁੰਡੇ ਵਾਲਿਆਂ ਨੇ ਦਾਜ ਵੀ ਨਹੀਂ ਸੀ ਮੰਗਿਆ। ਅਸ਼ੋਕ ਦੀ ਹੋਣ ਵਾਲੀ ਦੁਲਹਨ ਸ਼ਬਨਮ ਜਿਵੇਂ ਸੱਚਮੁਚ ਅਰਸ਼ੋਂ ਉਤਰੀ ਕੋਈ ਪਰੀ ਹੋਵੇ। ਐਨੀ ਸੁਨੱਖੀ, ਲੰਬੂ ਬਹੂ ਤਾਂ ਅਸ਼ੋਕ ਦੇ ਖਾਨਦਾਨ ਵਿੱਚ ਅਜੇ ਤੱਕ ਨਹੀਂ ਸੀ ਆਈ। ਦੁਲਹਾ-ਦੁਲਹਨ ਸਟੇਜ ਉਤੇ ਬੈਠੇ ਸੱਚਮੁਚ ਬਹੁਤ ਜਚ ਰਹੇ ਸਨ, ਜਿਵੇਂ ਰੱਬ ਨੇ ਇਨ੍ਹਾਂ ਨੂੰ ਇਕ-ਦੂਜੇ ਦੇ ਲਈ ਹੀ ਬਣਾਇਆ ਹੋਵੇ। ਸਭ ਤੋਂ ਪਹਿਲਾਂ ਕੁੜਮਾਈ ਦੀਆਂ ਛਾਪਾਂ ਇਕ-ਦੂਜੇ ਦੀਆਂ ਉਂਗਲੀਆਂ ਵਿੱਚ ਪਾਈਆਂ ਗਈਆਂ। ਫਿਰ ਸਾਰੇ ਭੈਣ-ਭਾਈ ਅਤੇ ਰਿਸ਼ਤੇਦਾਰਾਂ ਨੇ ਗੁਲਾਬ ਦੀਆਂ ਪੱਤੀਆਂ ਦੀ ਇਸ ਨਵੀਂ ਬਣਨ ਵਾਲੀ ਜੋੜੀ ਉਤੇ ਇਉਂ ਵਰਖਾ ਕੀਤੀ, ਜਿਵੇਂ ਆਕਾਸ਼ 'ਚੋਂ ਦੇਵੀ-ਦੇਵਤੇ ਫੁੱਲ ਵਰਸਾ ਰਹੇ ਹੋਣ। ਸ਼ਬਨਮ ਦੇ ਨੈਣਾਂ 'ਚੋਂ ਝਰਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਅਸ਼ੋਕ ਵੀ ਬੇਹੱਦ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਦੋਸਤਾਂ ਦੀਆਂ ਨਵ-ਵਿਆਹੀਆਂ ਦੁਲਹਨਾਂ 'ਚੋਂ ਸਭ ਤੋਂ ਸੋਹਣੀ-ਸੁਨੱਖੀ ਸ਼ਬਨਮ ਹੀ ਸੀ। ਇਸ ਖੁਸ਼ੀ ਵਿੱਚ ਉਹ ਫੁੱਲਿਆ ਨਹੀਂ ਸੀ ਸਮਾ ਰਿਹਾ।

ਹੁਣ ਮਾਂ-ਪਿਓ ਅਤੇ ਬਾਕੀ ਭੈਣ-ਭਾਈ ਕੁੜੀ ਵਾਲਿਆਂ ਨੇ ਲੈਣ-ਦੇਣ ਕਰਨਾ ਸੀ। ਸ਼ਬਨਮ ਦੇ ਮਾਮਾ ਜੀ ਨੇ ਸਭ ਤੋਂ ਪਹਿਲਾਂ ਅਸ਼ੋਕ ਦੀ ਮਾਤਾ ਜੀ ਨੂੰ ਦੁਲਹੇ-ਦੁਲਹਨ ਦੇ ਕੋਲ ਹੀ ਬਣੀ ਇਕ ਛੋਟੀ ਸਟੇਜ ਉਤੇ ਆਉਣ ਲਈ ਸਤਿਕਾਰ ਸਹਿਤ ਬੁਲਾਇਆ ਤੇ ਉਸ ਦੇ ਗਲ ਵਿੱਚ ਸੋਨੇ ਦੀ ਜ਼ੰਜੀਰੀ ਪਹਿਨਾਈ ਤੇ ਕੰਨਾਂ ਵਿੱਚ ਹੀਰੇ ਦੇ ਟਾਪਸ ਪਾਏ। ਫਿਰ ਇਸੇ ਤਰ੍ਹਾਂ ਅਸ਼ੋਕ ਦੇ ਪਿਤਾ ਲਖਣ ਪ੍ਰਸ਼ਾਦ ਨੂੰ ਬੁਲਾ ਕੇ ਉਸ ਦੀ ਗਭਲੀ ਉਂਗਲੀ ਵਿੱਚ ਕੁੜੀ ਦੇ ਪਿਤਾ ਨੇ ਅੱਧੇ ਤੋਲੇ ਦੀ ਮੁੰਦਰੀ ਪਹਿਨਾ ਦਿੱਤੀ। ਬਾਕੀ ਲੈਣ-ਦੇਣ ਅਜੇ ਬਾਕੀ ਸੀ ਕਿ ਅਸ਼ੋਕ ਦੇ ਪਿਤਾ ਜੀ ਨੇ ਸ਼ਬਨਮ ਦੇ ਪਿਤਾ ਦੇ ਹੱਥਾਂ ਵਿੱਚ ਹੌਲੀ ਜਿਹੀ 'ਆਈ ਕੌਨ' ਕਾਰ ਦੀਆਂ ਚਾਬੀਆਂ ਚੁੱਪ ਕੇ ਜਿਹੇ ਫੜਾ ਕੇ ਕਿਹਾ, "ਭਾਈ ਸਾਹਿਬ, ਇਹ ਅਸ਼ੋਕ ਨੂੰ ਤੁਸੀਂ ਦੇ ਦਿਓ। ਕਾਰ ਦੀ ਪਹਿਲੀ 20 ਹਜ਼ਾਰ ਰੁਪਏ ਦੀ ਕਿਸ਼ਤ ਦੇ ਦਿੱਤੀ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਰਫ ਸੋਹਣੀ-ਸੁਨੱਖੀ ਵਹੁਟੀ ਹੀ ਅਸ਼ੋਕ ਨੂੰ ਨਹੀਂ ਮਿਲੀ, ਬਲਕਿ 'ਆਈ ਕੌਨ' ਕਾਰ ਵੀ ਸ਼ਬਨਮ ਦੇ ਮਾਪਿਆਂ ਨੇ ਅਸ਼ੋਕ ਨੂੰ ਮੰਗਣੀ ਵਿੱਚ ਦਿੱਤੀ ਹੈ।"

ਇਹ ਗੱਲ ਪਹਿਲਾਂ ਤਾਂ ਸ਼ਬਨਮ ਦੇ ਪਾਪਾ ਦੀ ਸਮਝ ਵਿੱਚ ਆਈ ਹੀ ਨਾ.. ਪਰ ਕੋਲ ਹੀ ਖੜੀ ਸ਼ਬਨਮ ਦੀ ਮੰਮੀ ਸਾਰੀ ਗੱਲ ਨੂੰ ਬਾਖੂਬੀ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਓਹਲੇ ਜਿਹੇ ਵਿੱਚ ਹੋ ਕੇ ਸਮਝਾਇਆ ਕਿ ਇਹ ਕਾਰ ਦੀਆਂ ਚਾਬੀਆਂ ਅਸ਼ੋਕ ਦੇ ਪਿਤਾ ਨੇ ਤੁਹਾਨੂੰ ਅਸ਼ੋਕ ਨੂੰ ਪਕੜਾਉਣ ਲਈ ਇਸ ਲਈ ਦਿੱਤੀਆਂ ਹਨ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਸਕਣ ਕਿ ਅਸ਼ੋਕ ਦੀ ਕੁੜਮਾਈ ਵਿੱਚ ਸਾਡੇ ਵਲੋਂ ਕਾਰ ਵੀ ਦਿੱਤੀ ਗਈ ਹੈ।

ਸਾਰੀ ਗੱਲ ਸਮਝਣ ਪਿੱਛੋਂ ਸ਼ਬਨਮ ਦੇ ਡੈਡੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਇਸ ਦਾ ਮਤਲਬ ਹੈ ਕਿ ਉਹ ਕੁੜਮਾਈ ਵਿੱਚ ਸਾਡੇ ਕੋਲੋਂ ਕਾਰ ਮੰਗਦੇ ਹਨ। ਫਿਰ ਵਿਆਹ ਸਮੇਂ ਪਤਾ ਨਹੀਂ ਹਾਥੀ ਹੀ ਮੰਗ ਲੈਣ।

ਕਾਰ, ਅਸ਼ੋਕ ਦੇ ਪਿਓ ਨੇ ਕਿਸ਼ਤਾਂ ਉਤੇ ਲੈ ਕੇ ਪਹਿਲੀ ਕਿਸ਼ਤ ਆਪ ਦੇ ਦਿੱਤੀ ਸੀ, ਬਾਕੀ ਕਿਸ਼ਤਾਂ ਤਾਂ ਕੁੜੀ ਵਾਲਿਆਂ ਨੂੰ ਹੀ ਦੇਣੀਆਂ ਸਨ। ਸ਼ਬਨਮ ਨੇ ਜਦੋਂ ਆਪਣੇ ਮੰਮੀ-ਡੈਡੀ ਨੂੰ ਇਸ ਉਲਝਣ ਵਿੱਚ ਉਲਝਿਆ ਦੇਖਿਆ ਤਾਂ ਅਸ਼ੋਕ ਤੋਂ ਇਸ ਸਭ ਕੁਝ ਬਾਰੇ ਪੁੱਛਿਆ।

"ਗੱਲ ਕੁਝ ਵੀ ਨਹੀਂ ਸ਼ਬਨਮ, ਮੈਂ ਹੀ ਚਾਹੁੰਦਾ ਸੀ ਕਿ ਮੇਰੀ ਕੁੜਮਾਈ ਵਿੱਚ ਮੈਨੂੰ ਸਹੁਰਿਆਂ ਵਲੋਂ ਕਾਰ ਮਿਲੇ। ਸੋ ਅਸੀਂ ਕਿਸ਼ਤਾਂ ਉਤੇ ਕਾਰ ਲੈ ਕੇ ਚਾਬੀ ਤੇਰੇ ਡੈਡੀ ਦੇ ਹੱਥ ਫੜਾ ਦਿੱਤੀ ਤਾਂ ਕਿ ਲੋਕਾਂ ਸਾਹਮਣੇ ਉਹ ਇਹ ਚਾਬੀ ਮੈਨੂੰ ਸ਼ਗਨ ਵਿੱਚ ਦੇ ਦੇਣ। ਮੇਰੇ ਕਈ ਦੋਸਤਾਂ ਦੇ ਸਹੁਰਿਆਂ ਵਲੋਂ ਵੀ ਦਹੇਜ ਵਿੱਚ ਕਾਰਾਂ ਮਿਲੀਆਂ ਹਨ। ਜੋ ਮੇਰੇ ਫੂਡ ਐਂਡ ਸਪਲਾਈ ਵਿੱਚ ਅਫਸਰ ਹਨ।"

ਅਸ਼ੋਕ ਦੀ ਗੱਲ ਸੁਣ ਕੇ ਸ਼ਬਨਮ ਨੇ ਫਿਰ ਪ੍ਰਸ਼ਨ ਕੀਤਾ, "ਕਾਰ ਹੈ ਕਿੱਥੇ?"

"ਉਹ ਬਾਹਰ ਜੋ ਫੁੱਲਾਂ ਨਾਲ ਸਜੀ ਖੜੀ ਹੈ। ਮੈਂ ਘਰੋਂ ਉਸ ਵਿੱਚ ਹੀ ਤਾਂ ਬੈਠ ਕੇ ਆਇਆ ਹਾਂ।"

ਅਸ਼ੋਕ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਪਿੱਛੋਂ ਸ਼ਬਨਮ ਨੇ ਆਪਣੇ ਗਲੇ ਵਿੱਚ ਪਏ ਫੁੱਲਾਂ ਦੇ ਹਾਰ ਨੂੰ ਤੋੜ ਕੇ ਪੱਤੀ-ਪੱਤੀ ਕਰ ਸੁੱਟਿਆ ਤੇ ਥਾਉਂ ਦੀ ਥਾਉਂ ਖੜੇ ਹੋ ਕੇ ਉਸ ਨੇ ਪੇਕੇ, ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਵਿੱਚ ਐਲਾਨ ਕਰ ਦਿੱਤਾ।

ਇਹ ਸ਼ਾਦੀ ਮੈਨੂੰ ਕਬੂਲ ਨਹੀਂ। ਅਸੀਂ ਇਹ ਰਿਸ਼ਤਾ ਜੋ ਅਜੇ ਜੁੜਿਆ ਵੀ ਨਹੀਂ, ਤੋੜ ਰਹੇ ਹਾਂ..। ਫਿਰ ਉਸ ਨੇ ਆਪਣੇ ਡੈਡੀ ਹੱਥੋਂ ਕਾਰ ਦੀਆਂ ਚਾਬੀਆਂ ਲੈਂਦਿਆਂ ਅਸ਼ੋਕ ਦੇ ਹੱਥ ਵਿੱਚ ਥਮਾ ਦਿੱਤੀਆਂ ਤੇ ਸੈਂਕੜੇ ਲੋਕਾਂ ਦੇ ਸਾਹਮਣੇ ਆਪਣੀ ਉਂਗਲੀ 'ਚੋਂ ਕੁੜਮਾਈ ਦੀ ਰਿੰਗ ਉਤਾਰ ਕੇ ਅਸ਼ੋਕ ਨੂੰ ਫੜਾ ਦਿੱਤੀ ਤੇ ਅਸ਼ੋਕ ਦੀ ਉਂਗਲੀ ਵਿੱਚ ਪਹਿਨੀ ਮੁੰਦਰੀ ਉਸ ਤੋਂ ਉਤਰਵਾ ਲਈ..।

ਇਹ ਸਾਰਾ ਕਾਂਡ ਦੇਖ ਸ਼ਬਨਮ ਦੇ ਪਿਤਾ ਥਰ-ਥਰ ਕੰਬਣ ਲੱਗ ਪਏ। ਉਸ ਦੀ ਮੰਮੀ ਅਤੇ ਹੋਰ ਰਿਸ਼ਤੇਦਾਰ ਵੀ ਘਬਰਾ ਗਏ। ਦੋਵੇਂ ਧਿਰਾਂ ਨਮੋਸ਼ੀ ਦੀ ਪੰਡ ਆਪਣੇ-ਆਪਣੇ ਦਿਲਾਂ ਉਤੇ ਲੈ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

ਘਰ ਆ ਕੇ ਸ਼ਬਨਮ ਦੇ ਪਾਪਾ ਤਾਂ ਜਿਵੇਂ ਸੁੰਨ ਹੀ ਹੋ ਗਏ। ਨਾ ਉਹ ਹੁਣ ਕੁਝ ਖਾਂਦੇ-ਪੀਂਦੇ ਸਨ ਤੇ ਨਾ ਹੀ ਕਿਸੇ ਨਾਲ ਕੋਈ ਗੱਲਬਾਤ ਕਰ ਰਹੇ ਸਨ। ਹੁਣ ਸਾਰੇ ਟੱਬਰ ਨੂੰ ਇਕ ਡਰ ਸਤਾਉਣ ਲੱਗਿਆ ਕਿ ਕੋਈ ਅਣਹੋਣੀ ਨਾ ਵਾਪਰ ਜਾਵੇ। ਖਾਸ ਕਰਕੇ ਸ਼ਬਨਮ ਦੀ ਭੂਆ ਬਹੁਤ ਉਦਾਸ ਸੀ, ਜੋ ਆਪਣੇ ਛੋਟੇ ਵੀਰ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਸੀ। ਉਹ ਹਰ ਹਾਲ ਆਪਣੇ ਵੀਰ ਦੀ ਵੱਡੀ ਉਮਰ ਚਾਹੁੰਦੀ ਸੀ। ਪ੍ਰਮਾਤਮਾ ਅੱਗੇ ਹੱਥ ਜੋੜ ਅਰਦਾਸਾਂ ਕਰਦੀ ਨਹੀਂ ਸੀ ਥੱਕਦੀ। ਉਹ ਚਾਹੁੰਦੀ ਸੀ ਕਿਵੇਂ ਨਾ ਕਿਵੇਂ ਉਸ ਦਾ ਵੀਰ ਇਸ ਸਦਮੇ ਤੋਂ ਬਾਹਰ ਆ ਜਾਵੇ। ਆਰਮੀ ਵਿੱਚ ਬਤੌਰ ਨਰਸ ਪਿਛਲੇ ਦਸਾਂ ਵਰ੍ਹਿਆਂ ਤੋਂ ਨੌਕਰੀ ਕਰ ਰਹੀ ਸੀ। ਹਸਪਤਾਲ ਵਿੱਚ ਹੁਣ ਉਸ ਦਾ ਅਹੁਦਾ ਬ੍ਰਿਗੇਡੀਅਰ ਦਾ ਸੀ। ਉਸ ਨੇ ਝਟ ਆਪਣੇ ਇਕ ਸਹਿਯੋਗੀ ਕਰਨਲ ਜਸਬੀਰ ਨੂੰ ਫੋਨ ਕਰਕੇ ਪੁੱਛਿਆ,



"ਜਸਬੀਰ ਤੂੰ ਵਿਆਹ ਕਰਵਾਉਣਾ ਚਾਹੁੰਦਾ ਹੈਂ?"

"ਚਾਹੁੰਦਾ ਤਾਂ ਹਾਂ ਮੈਮ ਪਰ ਅਜੇ ਕੁੜੀ ਹੀ ਕੋਈ ਪਸੰਦ ਨਹੀਂ ਆਉਂਦੀ ਮੇਰੇ ਘਰਦਿਆਂ ਨੂੰ।"

"ਅੱਛਾ, ਮੈਂ ਸੋਮਵਾਰ ਆਪਣੀ ਡਿਊਟੀ ਜੁਆਇਨ ਕਰਾਂਗੀ, ਫਿਰ ਆਪਾਂ ਬਾਕੀ ਗੱਲਾਂ ਕਰਾਂਗੇ।"

ਕਰਨਲ ਜਸਬੀਰ ਬਾਰੇ ਉਸ ਨੇ ਸ਼ਬਨਮ ਨਾਲ ਸਾਰੀ ਗੱਲ ਕਰ ਲਈ। ਜੇ ਉਹ ਮੰਨ ਜਾਵੇ ਤਾਂ ਤੇਰੇ ਵਿਆਹ ਦੀ ਪਹਿਲਾਂ ਵਾਲੀ ਤਰੀਕ ਨੂੰ ਹੀ ਅਸੀਂ ਤੇਰਾ ਆਨੰਦ ਕਾਰਜ ਕਰ ਦਿਆਂਗੇ। ਤੁਸੀਂ ਪੈਲੇਸ ਜੋ ਸ਼ਾਦੀ ਲਈ ਬੁੱਕ ਕੀਤਾ ਸੀ ਤੇ ਹੋਰ ਜੋ ਵੀ ਵਿਆਹ ਦਾ ਅਰੇਂਜਮੈਂਟ ਕੀਤਾ ਹੋਇਆ ਹੈ, ਇਸੇ ਤਰ੍ਹਾਂ ਰਹਿਣ ਦੇਣਾ। ਜੇ ਜਸਬੀਰ ਦੇ ਘਰਦੇ ਮੰਨ ਜਾਣ ਤਾਂ ਤੇਰੀ ਸ਼ਾਦੀ ਅਸੀਂ ਅੱਠ ਮਾਰਚ ਨੂੰ ਤੇਰੇ ਵਿਆਹ ਵਾਲੀ ਤਰੀਕ ਉਤੇ ਹੀ ਕਰ ਦਿਆਂਗੇ। ਮੈਂ ਚਾਹੁੰਦੀ ਹਾਂ ਤੇਰੇ ਪਾਪਾ ਇਸ ਸਦਮੇ ਤੋਂ ਛੇਤੀ ਹੀ ਬਾਹਰ ਆ ਜਾਣ। ਨਾਲੇ ਜਸਬੀਰ ਬਹੁਤ ਅੱਛਾ ਲੜਕਾ ਹੈ। ਮੈਂ ਉਸ ਦੀ ਜਿੰਨੀ ਵੀ ਤਾਰੀਫ ਕਰਾਂ ਓਨੀ ਹੀ ਘੱਟ ਤੇ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਸ਼ਬਨਮ ਨੂੰ ਆਪਣੀ ਭੂਆ ਉਤੇ ਬਹੁਤ ਵਿਸ਼ਵਾਸ ਸੀ। ਇਸ ਲਈ ਉਹ ਜਸਬੀਰ ਨਾਲ ਵਿਆਹ ਕਰਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ।

ਬ੍ਰਿਗੇਡੀਅਰ ਮਨਪ੍ਰੀਤ ਕੌਰ ਨੇ ਜਦੋਂ ਦਿੱਲੀ ਜਾ ਕੇ ਆਪਣੀ ਡਿਊਟੀ ਜੁਆਇਨ ਕੀਤੀ ਤਾਂ ਸਭ ਤੋਂ ਪਹਿਲਾਂ ਕਰਨਲ ਜਸਬੀਰ ਨਾਲ ਸਾਰੀ ਗੱਲ ਕੀਤੀ ਕਿ ਕੁੜੀ ਬਹੁਤ ਸੋਹਣੀ-ਸੁਨੱਖੀ ਹੈ ਅਤੇ ਐਫ ਐਮ ਰੇਡੀਓ ਉਤੇ ਪਿਛਲੇ ਪੰਜ ਵਰ੍ਹਿਆਂ ਤੋਂ ਅਨਾਊਂਸਰ ਲੱਗੀ ਹੋਈ ਹੈ। ਐ ਲੈ ਉਸ ਦੀ ਤਸਵੀਰ ਆਪਣੇ ਮਾਪਿਆਂ ਨੂੰ ਦਿਖਾ ਦੇ ਕੁੜੀ ਤੇਰੇ ਨਾਲ ਬਹੁਤ ਫੱਬੇਗੀ।

ਜਸਬੀਰ ਨੇ ਬ੍ਰਿਗੇਡੀਅਰ ਮਨਪ੍ਰੀਤ ਤੋਂ ਤਸਵੀਰ ਲੈਂਦਿਆਂ ਉਸ ਵੱਲ ਤੱਕਿਆ। ਕੁੜੀ ਦੇ ਨੈਣ-ਨਕਸ਼ ਭੂਆ ਨਾਲ ਕਾਫੀ ਮਿਲਦੇ ਲੱਗੇ। ਭੂਆ ਮਨਪ੍ਰੀਤ ਨੇ ਅਜੇ ਤੱਕ ਸ਼ਾਦੀ ਨਹੀਂ ਸੀ ਕੀਤੀ। ਜਦ ਕਿ ਸਾਰੇ ਹਸਪਤਾਲ ਦੀਆਂ ਨਰਸਾਂ 'ਚੋਂ ਉਹ ਸਭ ਤੋਂ ਸੋਹਣੀ ਸੀ। ਉਹ ਚਾਹੁੰਦੀ ਸੀ ਕਿ ਮੇਰੇ ਵੀਰ ਦੇ ਸਿਰ ਚਾਰ-ਚਾਰ ਧੀਆਂ ਦੀ ਜ਼ਿੰਮੇਵਾਰੀ ਹੈ, ਪਹਿਲਾਂ ਮੈਂ ਇਸ ਦਾ ਬੋਝ ਕੁਝ ਹਲਕਾ ਕਰ ਲਵਾਂ। ਫਿਰ ਆਪਣੇ ਬਾਰੇ ਸੋਚਾਂਗੀ।

ਕਰਨਲ ਜਸਬੀਰ ਨੇ ਤਸਵੀਰ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਕਿ ਕੁੜੀ ਕਾਫੀ ਸੁਨੱਖੀ ਹੈ। ਫਿਰ ਉਸ ਨੇ ਇਕ ਨਜ਼ਰ ਆਪਣੇ ਉਤੇ ਵੀ ਪਾਈ। ਉਸ ਨੂੰ ਲੱਗਿਆ ਕਿ ਲੱਗਦਾ ਇਉਂ ਹੈ ਕਿ ਸਾਡੀ ਜੋੜੀ ਖੂਬ ਜਚੇਗੀ। ਉਸ ਨੇ ਝੱਟ ਕੰਪਿਊਟਰ ਉਤੇ ਸ਼ਬਨਮ ਦੀ ਫੋਟੋ ਆਪਣੀ ਵੱਡੀ ਭੈਣ ਜਸਵੰਤ ਨੂੰ ਭੇਜ ਦਿੱਤੀ, ਕਿਉਂਕਿ ਜਸਬੀਰ ਦੇ ਪਰਿਵਾਰ ਵਿੱਚ ਜਸਵੰਤ ਭੈਣ ਦੀ ਗੱਲ ਕੋਈ ਨਹੀਂ ਸੀ ਮੋੜਦਾ।

ਜਸਵੰਤ ਕੌਰ ਨੇ ਜਦੋਂ ਸ਼ਬਨਮ ਦੀ ਤਸਵੀਰ ਦੇਖੀ ਤਾਂ ਜਿਵੇਂ ਉਹ ਤਾਂ ਮੰਤਰ-ਮੁਗਧ ਹੀ ਹੋ ਗਈ। ਲੰਬਾ ਸਰੂ ਦੇ ਬੂਟੇ ਵਰਗਾ ਕੱਦ। ਲੰਬੇ ਕੇਸ, ਨੈਣ-ਨਕਸ਼ ਵੀ ਬਹੁਤ ਪਿਆਰੇ ਲੱਗੇ ਸ਼ਬਨਮ ਦੇ ਜਸਵੰਤ ਕੌਰ ਨੂੰ। ਜਸਬੀਰ ਜਾਣਦਾ ਸੀ ਕਿ ਜੇ ਜਸਵੰਤ ਭੈਣ ਨੂੰ ਕੁੜੀ ਜਚ ਗਈ ਤਾਂ ਉਸ ਦੇ ਬੇਬੇ, ਬਾਪੂ ਰਿਸ਼ਤਾ ਲੈਣ ਵਿੱਚ ਢਿੱਲ ਨਹੀਂ ਕਰਨਗੇ।

ਜਸਵੰਤ ਕੌਰ ਨੇ ਸ਼ਬਨਮ ਦੀ ਤਸਵੀਰ ਆਪਣੀ ਧੀ ਸਤਵੰਤ ਨੂੰ ਦਿਖਾਉਣ ਪਿੱਛੋਂ ਆਪਣੇ ਪਤੀ ਪ੍ਰੀਮ ਸਿੰਘ ਨੂੰ ਵੀ ਦਿਖਾਈ ਤੇ ਸਾਰੇ ਪਰਿਵਾਰ ਦਾ ਪਿਛੋਕੜ ਵੀ ਪ੍ਰੀਤਮ ਸਿੰਘ ਨੂੰ ਦੱਸਿਆ। ਸਾਰੀ ਗੱਲਬਾਤ ਪਿੱਛੋਂ ਪ੍ਰੀਤਮ ਸਿੰਘ ਨੇ ਸੌ ਦੀ ਇਕੋ ਕਹਿ ਸੁਣਾਈ ਕਿ ਚੰਗੇ ਕੰਮ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ। ਇਹ ਗੱਲ ਤਾਂ ਜਿਵੇਂ ਪ੍ਰੀਤਮ ਸਿੰਘ ਨੇ ਜਸਵੰਤ ਕੌਰ ਦੇ ਦਿਲ ਦੀ ਹੀ ਕਹਿ ਦਿੱਤੀ ਸੀ।

ਜਸਵੰਤ ਕੌਰ ਨੇ ਫੋਨ ਉਤੇ ਮਨਪ੍ਰੀਤ ਨਾਲ ਸਾਰੀ ਗੱਲ ਖੋਲ੍ਹ ਲਈ ਤੇ ਮਨਪ੍ਰੀਤ ਨੇ ਜਸਵੰਤ ਕੌਰ ਨੂੰ ਸ਼ਬਨਮ ਦੇ ਟੁੱਟ ਚੁੱਕੇ ਰਿਸ਼ਤੇ ਬਾਰੇ ਸੱਚ-ਸੱਚ ਸਭ ਕੁਝ ਦੱਸ ਦਿੱਤਾ ਤਾਂ ਕਿ ਕਿਸੇ ਗੱਲ ਦਾ ਕੋਈ ਲੁਕੋ-ਛਪੋ ਨਾ ਰਹਿ ਜਾਵੇ। ਇਥੋਂ ਤੱਕ ਕਿ ਟੈਲੀਫੋਨ ਉਤੇ ਜਸਵੰਤ ਕੌਰ ਨਾਲ ਸ਼ਬਨਮ ਦੀ ਗੱਲ ਵੀ ਕਰਵਾ ਦਿੱਤੀ।

ਹੁਣ ਸ਼ਬਨਮ ਖੁਸ਼ ਸੀ। ਉਸ ਦੇ ਮਾਪਿਆਂ ਦੀ ਲਾਜ ਵੀ ਰਹਿ ਜਣੀ ਸੀ। ਮੁੰਡਾ ਵੀ ਪਹਿਲੇ ਮੁੰਡੇ ਨਾਲੋਂ ਚੰਗਾ ਮਿਲ ਗਿਆ ਸੀ। ਮਨਪ੍ਰੀਤ ਦੇ ਭਰਾ ਨੇ ਮੈਰਿਜ ਪੈਲੇਸ ਵਾਲਿਆਂ ਨੂੰ ਅਤੇ ਖਾਣੇ ਵਾਲਿਆਂ ਨੂੰ ਸਾਈ ਪਹਿਲਾਂ ਹੀ ਫੜਾਈ ਹੋਈ ਸੀ। ਸਭ ਕੁਝ ਪਿਛਲੀ ਮਿਥੀ ਤਰੀਕ ਉਤੇ ਕਰਨਾ ਹੀ ਉਹ ਮੰਨ ਗਏ ਸਨ। ਕਰਨਲ ਜਸਬੀਰ ਸਿੰਘ ਦੇ ਮਾਤਾ-ਪਿਤਾ ਭਲੇ ਬੰਦੇ ਸਨ।

ਮਨਪ੍ਰੀਤ ਨੇ ਆਪਣੇ ਭਰਾ ਦੀ ਸੁੱਖ ਮਨਾਉਂਦਿਆਂ ਵਿਆਹ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਕੇ ਦੂਜੀ ਵਾਰ ਕਾਜ ਆਰੰਭ ਕਰਨ ਲਈ ਆਪਣੀ ਪੂਰੀ ਵਾਹ ਲਾ ਛੱਡੀ ਸੀ। ਸ਼ਬਨਮ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ ਸੀ। ਉਸ ਦਾ ਡੈਡੀ ਵੀ ਇਸ ਨਵੇਂ ਰਿਸ਼ਤੇ ਅਤੇ ਜਸਬੀਰ ਬਾਰੇ ਜਾਣ ਕੇ ਹੁਣ ਖੁਸ਼ ਨਜ਼ਰ ਆ ਰਿਹਾ ਸੀ।

ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ।

ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।

"ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?"

ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿਰ ਪਿਆਰ ਜਿਹੇ ਵਿੱਚ ਆ ਕੇ ਪੁੱਛਿਆ, "ਮੰਮੀ ਤੁਹਾਨੂੰ ਕਰਨਲ ਜਸਬੀਰ ਪਸੰਦ ਨਹੀਂ?"

"ਮੈਂ ਕੌਣ ਹੁੰਦੀ ਹਾਂ ਪਸੰਦ, ਨਾ-ਪਸੰਦ ਬਾਰੇ ਕੁਝ ਕਹਿਣ ਵਾਲੀ।"

ਸ਼ਬਨਮ ਆਪਣੀ ਮੰਮੀ ਦੇ ਚਿਹਰੇ ਉਤਲੀ ਮਾਯੂਸੀ ਦਾ ਕਾਰਨ ਸਮਝ ਨਾ ਸਕੀ।

"ਮੰਮੀ ਕੋਈ ਗੱਲ ਤਾਂ ਮੈਨੂੰ ਦੱਸੋ। ਜਸਬੀਰ ਦੇ ਮਾਪਿਆਂ ਦੀ ਤਾਂ ਕੋਈ 'ਮੰਗ' ਵੀ ਨਹੀਂ। ਫਿਰ ਉਸੇ ਤਰੀਕ ਨੂੰ ਵਿਆਹ ਕਰਨਾ ਵੀ ਜਸਬੀਰ ਨੇ ਕਬੂਲ ਕਰ ਲਿਆ। ਉਨ੍ਹਾਂ ਨੇ ਸਾਡਾ ਕਿੰਨਾ ਖਰਚਾ ਬਚਾ ਦਿੱਤਾ ਹੈ। ਇਹ ਸਭ ਭੂਆ ਜੀ ਦੀ ਮਿਹਰਬਾਨੀ ਨਾਲ ਹੀ ਹੋ ਸਕਿਆ ਹੈ। ਹੁਣ ਤੁਸੀਂ ਕਿਉਂ ਇਸ ਰਿਸ਼ਤੇ ਵਿੱਚ ਖੁਸ਼ ਨਹੀਂ ਹੋ?"

"ਮੈਂ ਕੀ ਦੱਸਾਂ ਸ਼ਬੋ, ਮੈਨੂੰ ਪੁੱਛਦਾ ਹੀ ਕੌਣ ਹੈ? ਸ਼ਬਨਮ ਦੀ ਮੰਮੀ ਬਹੁਤ ਪ੍ਰੇਸ਼ਾਨ ਸੀ।

"ਸ਼ਬੋ ਜੋ ਕੁਝ ਹੈ ਤੇਰੀ ਭੂਆ ਹੀ ਹੈ। ਤੇਰਾ ਡੈਡੀ ਤਾਂ ਉਸ ਦੇ ਕਹੇ ਹੀ ਚੱਲਦਾ ਹੈ। ਸਭ ਕੁਝ ਉਹੀ ਕਰਦੀ ਹੈ।"

"ਚੰਗੀ ਗੱਲ ਵਿੱਚ ਤਾਂ ਚੱਲਣਾ ਬਣਦਾ ਹੀ ਹੈ ਮੰਮੀ ਜੀ, ਨਾਲੇ ਦਹੇਜ ਦੇ ਲੋਭੀਆਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਧੀਆਂ ਵਿਕਾਊ ਨਹੀਂ ਹੁੰਦੀਆਂ। ਜੇ ਉਹ ਮੁੰਡਾ ਫੂਡ ਐਂਡ ਸਪਲਾਈ ਵਿੱਚ ਲੱਗਿਆ ਹੋਇਆ ਸੀ ਤਾਂ ਮੈਂ ਵੀ ਪਿਛਲੇ ਪੰਜਾਂ ਸਾਲਾਂ ਤੋਂ ਮੀਡੀਆ ਦੇ ਕੰਮ ਨਾਲ ਜੁੜੀ ਹੋਈ ਹਾਂ। ਉਸ ਤੋਂ ਘੱਟ ਨਹੀਂ ਕਮਾਉਂਦੀ ਸੀ।"

"ਪਰ ਤੇਰੀ ਨਾਰਾਜ਼ਗੀ ਭੂਆ ਨਾਲ ਕਿਉਂ ਹੈ। ਇਹ ਗੱਲ ਮੇਰੀ ਸਮਝ ਤੋਂ ਬਾਹਰ ਦੀ ਹੈ ਮੰਮੀ।"

"ਮੇਰੀ ਨਾਰਾਜ਼ਗੀ ਇਹ ਹੈ ਸ਼ਬੋ ਕਿ ਸ਼ੁਰੂ ਤੋਂ ਹੀ ਤੇਰੀ ਭੂਆ ਨੇ ਸਾਡੀ ਜ਼ਿੰਦਗੀ ਵਿੱਚ ਦਖਲ ਦਿੱਤਾ ਹੈ। ਤੇਰਾ ਪਿਓ ਲਾਈਲੱਗ ਅੱਜ ਤੱਕ ਉਸੇ ਦੀ ਸੁਣਦਾ ਆ ਰਿਹਾ ਹੈ। ਮੈਂ ਜਿਵੇਂ ਘਰ ਵਿੱਚ ਕੁਝ ਵੀ ਨਹੀਂ। ਮੈਂ ਜਨਮ ਦਿੱਤਾ ਹੈ ਤੈਨੂੰ। ਮੈਨੂੰ ਵੀ ਪੁੱਛ ਲੈਣਾ ਚਾਹੀਦਾ ਸੀ।" ਇਹ ਕਹਿੰਦੀ ਹੋਈ ਸ਼ਬਨਮ ਦੀ ਮੰਮੀ ਟਪ-ਟਪ ਹੰਝੂ ਕੇਰਨ ਲੱਗ ਪਈ।

ਮਾਂ ਦੀ ਗੱਲ ਸੁਣ ਕੇ ਸ਼ਬਨਮ ਨੇ ਮਾਂ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। "ਮੰਮੀ ਅਸਲ ਵਿੱਚ ਮੇਰੀ ਮਾਂ ਤਾਂ ਤੂੰ ਹੀ ਰਹਿਣਾ ਹੈ। ਭੂਆ ਤਾਂ ਭੂਆ ਹੀ ਹੈ। ਮੇਰਾ ਰਿਸ਼ਤਾ ਜਸਬੀਰ ਨਾਲ ਕਰਵਾ ਕੇ ਇਸ ਨੇ ਸਾਡਾ ਭਲਾ ਹੀ ਕੀਤਾ ਹੈ। ਬੁਰਾ ਤਾਂ ਕੁਝ ਨਹੀਂ ਕੀਤਾ। ਹੁਣ ਤੂੰ ਵਿਆਹ ਵਿੱਚ ਰੁਕਾਵਟ ਨਾ ਪਾ। ਮੈਂ ਭੂਆ ਨੂੰ ਕਹੂੰਗੀ ਕਿ ਉਹ ਤੇਰੇ ਕੋਲੋਂ ਮੁਆਫੀ ਮੰਗ ਲਵੇ।"

"ਠੀਕ ਹੈ ਸ਼ਬੋ ਮੇਰੀ ਗੱਲ ਧਿਆਨ ਨਾਲ ਸੁਣ। ਮੇਰੀ ਇਕ ਸ਼ਰਤ ਹੋਰ ਹੈ। ਮੈਂ ਇਹ ਵਿਆਹ ਜਸਬੀਰ ਨਾਲ ਤਾਂ ਹੋਣ ਦੇਵਾਂਗੀ ਜੇ ਤੇਰੀ ਭੂਆ ਮੁੜ ਮੇਰੇ ਘਰ ਪੈਰ ਨਾ ਪਾਉਣ ਦੀ ਸਹੁੰ ਖਾਵੇ। ਇਹ ਗੱਲ ਨੂੰ ਆਪਣੇ ਡੈਡੀ ਨੂੰ ਵੀ ਸਾਫ-ਸਾਫ ਕਹਿ ਦੇਵੀਂ।"

ਆਪਣੀ ਮਾਂ ਦੀਆਂ ਬੇਵਕੂਫੀ ਵਾਲੀਆਂ ਗੱਲਾਂ ਸੁਣ, ਜਿਵੇਂ ਸ਼ਬਨਮ ਰੋਣ-ਹਾਕੀ ਹੋ ਗਈ ਸੀ। ਆਖਿਰ ਉਸ ਦੀ ਭੂਆ ਨੇ ਮਾੜਾ ਕੀ ਕੀਤਾ ਸੀ? ਇਕ ਤਾਂ ਆਪਣੀ ਜ਼ਿੰਮੇਵਾਰੀ ਉਤੇ ਉਸ ਨੇ ਪੁਰਾਣੀ ਤਰੀਕ ਉਤੇ ਹੀ ਵਿਆਹ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ, ਦੂਜਾ ਕਰਨਲ ਜਸਬੀਰ, ਅਸ਼ੋਕ ਤੋਂ ਕਿਤੇ ਵੱਧ ਕਾਬਲੀਅਤ ਵਾਲਾ ਅਤੇ ਬਾਂਕਾ-ਗੱਭਰੂ ਹੈ। ਫਿਰ ਮੇਰੀ ਮੰਮੀ?

ਸਾਰੀ ਰਾਤ ਸ਼ਬਨਮ ਆਪਣੇ ਪਲੰਘ ਉਤੇ ਇਕੱਲੀ-ਕਾਰੀ ਲੇਟੀ ਇਹੀ ਸੋਚਦੀ ਰਹੀ ਕਿ ਸੰਸਾਰ ਭਰ ਵਿੱਚ ਸੱਸ-ਨੂੰਹ, ਦਰਾਣੀ-ਜਠਾਣੀ, ਨਣਦ-ਭਰਜਾਈ ਅਤੇ ਸਹੁਰੇ ਪਰਿਵਾਰ ਨਾਲ ਰਿਸ਼ਤੇ ਐਨੇ ਕੌੜੇ ਕਿਉਂ ਹੁੰਦੇ ਹਨ। ਉਸ ਦੀ ਸਮਝ ਵਿੱਚ ਕੁਝ ਵੀ ਨਹੀਂ ਸੀ ਆ ਰਿਹਾ।

# ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ

ਮੈਡੀਕਲ ਅਤੇ ਲੱਗਭੱਗ ਹਰ ਖੇਤਰ ਵਿਚ ਮੱਲਾਂ ਮਾਰਦਾ ਹੈ ਪਰ ਇਸ ਸਨਅਤੀ ਪੈਦਾਵਾਰ ਦੇ ਯੁੱਗ ਜਿਸ ਨੂੰ ਸਰਮਾਏਦਾਰੀ ਕਿਹਾ ਜਾਂਦਾ ਹੈ, ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਅਧੀਨ ਜੋ ਵੀ ਵਸਤ ਪੈਦਾ ਕੀਤੀ ਜਾਂਦੀ ਹੈ, ਜਿਣਸ ਹੁੰਦੀ ਹੈ ਜਿਸ ਨੇ ਮੰਡੀ ਵਿਚ ਵਿਕਣਾ ਹੁੰਦਾ ਹੈ ਅਤੇ ਸਰਮਾਏਦਾਰ ਉਸ ਨੂੰ ਵੇਚ ਕੇ ਲਾਭ ਕਮਾਉਂਦਾ ਹੈ। ਇਸ ਪੈਦਾਵਾਰ ਦੀਆਂ ਦੋ ਵੱਡੀਆਂ ਕਮੀਆਂ ਹਨ ਜੋ ਸਮਾਜਿਕ ਤਾਣ-ਬਾਣੇ ਨੂੰ ਉਲਝਾਂ ਦਿੰਦੀਆਂ ਹਨ: ਪਹਿਲੀ, ਪੈਦਾਵਾਰ ਉੱਤੇ ਕੋਈ ਲਗਾਮ ਨਹੀਂ ਜਿਸ ਨਾਲ ਪੈਦਾਵਾਰ ਦੇ ਖੇਤਰ ਵਿਚ ਅਰਾਜਕਤਾ ਫੈਲਦੀ ਹੈ; ਦੂਜੀ, ਸਰਮਾਏਦਾਰ ਲਈ ਪੈਦਾ ਕੀਤੀ ਹਰ ਜਿਣਸ ਮੁਨਾਫੇ ਦੇ ਸਾਧਨ ਤੱਕ ਸੀਮਤ ਹੋ ਜਾਂਦੀ ਹੈ। ਮਤਲਬ, ਪੈਦਾਵਾਰ ਵਧਾਉਣ ਲਈ ਕਿਸਾਨ ਫਸਲ ਨੂੰ ਕੀਟਨਾਸ਼ਕਾਂ ਨਾਲ ਲੱਦ ਸਕਦਾ ਹੈ ਜੋ ਖਾਣ ਵਾਲੇ ਦੀ ਥਾਲੀ ਵਿਚ ਜ਼ਹਿਰ ਵਾਂਗ ਪਰੋਸੇ ਜਾਂਦੇ ਹਨ। ਸਰਮਾਏਦਾਰਾ ਪੈਦਾਵਾਰ ਦੀ ਅਰਾਜਕਤਾ ਮਨੁੱਖ ਨੂੰ ਮਾਨਸਿਕ ਤੌਰ 'ਤੇ ਝੰਬਦੀ ਹੈ ਜਿਸ ਵਿਚ ਮਨੁੱਖ ਆਪਣਾ ਸਕੂਨ ਤੱਕ ਗੁਆ ਦਿੰਦਾ ਹੈ। ਸਰਮਾਏਦਾਰਾ ਪੈਦਾਵਾਰ ਮਿਲਾਵਟ ਅਤੇ ਜ਼ਹਿਰਪਰੋਸੀ ਦੀ ਸ਼ਿਕਾਰ ਹੈ।

ਕੀ ਜੀਐੱਮ ਫਸਲਾਂ ਸਿਹਤ ਲਈ ਖ਼ਤਰਨਾਕ ਹਨ?

ਇਹ ਸਵਾਲ ਬਹੁਤ ਜਾਇਜ਼ ਹੈ ਪਰ ਇਸ ਪਿੱਛੇ ਕੁਝ ਹੋਰ ਹੈ ਜੋ ਖ਼ਤਰਨਾਕ ਹੈ। ਵਿਗਿਆਨਕ ਖੋਜਾਂ ਨਾਲ ਦੋਵੇਂ ਰੁਝਾਨ ਜੁੜੇ ਹੁੰਦੇ ਹਨ। ਇਹ ਮਨੁੱਖ ਅਤੇ ਕੁਦਰਤ ਲਈ ਫਾਇਦੇਮੰਦ ਵੀ ਹੁੰਦੀਆਂ ਹਨ ਤੇ ਨੁਕਸਾਨਦਾਇਕ ਵੀ। ਕਿਸੇ ਖੋਜ ਵਿਚ ਜੋ ਵੀ ਨੁਕਸਾਨਦਾਇਕ ਹੈ, ਉਸ ਨੂੰ ਖ਼ਤਮ ਕਰਨਾ ਜਾਂ ਘਟਾਉਣਾ ਹੁੰਦਾ ਹੈ ਅਤੇ ਜੋ ਫਾਇਦੇਮੰਦ ਹੁੰਦਾ ਹੈ, ਉਸ ਨੂੰ ਅੱਗੇ ਵਧਾਉਣਾ ਹੁੰਦਾ ਹੈ। ਜੀਐੱਮਓ ਵਿਚ ਵੀ ਦੋਵੇਂ ਤਰ੍ਹਾਂ ਦੇ ਅੰਗ ਦੇਖਣ ਨੂੰ ਮਿਲੇ ਹਨ। ਸੁਨਹਿਰੀ ਚੌਲ (golden rice) ਜਿਸ ਦਾ ਜ਼ਿਕਰ ਉੱਪਰ ਆਇਆ ਹੈ, ਇਸ ਲਈ ਤਿਆਰ ਕੀਤੇ ਗਏ ਸੀ ਤਾਂ ਕਿ ਆਮ ਲੋਕਾਂ ਨੂੰ ਵਿਟਾਮਿਨ ਵਾਲੀ ਖੁਰਾਕ ਮਿਲ ਸਕੇ ਪਰ ਜਦੋਂ ਇਹ ਚੌਲ ਤਿਆਰ ਹੋ ਗਏ ਤਾਂ ਇਸ ਦੀ ਕੀਮਤ ਗਰੀਬ ਆਬਾਦੀ ਦੀ ਪਹੁੰਚ ਤੋਂ ਬਾਹਰ ਸੀ। ਇਸ ਨੂੰ ਉਹੀ ਖਾ ਸਕਦੇ ਹਨ ਜਿਨ੍ਹਾਂ ਕੋਲ ਪੈਸਾ ਹੈ ਪਰ ਇਹ ਜੀਐੱਮਓ ਫਸਲਾਂ ਵਿਚ ਪ੍ਰਾਪਤੀ ਹੈ ਕਿ ਜਿਸ ਫਸਲ ਵਿਚ ਵਿਟਾਮਿਨ ਏ ਨਹੀਂ ਸੀ, ਉਹ ਹੁਣ ਵਿਟਾਮਿਨ ਏ ਪੈਦਾ ਕਰ ਰਹੀ ਹੈ।

ਸਭ ਤੋਂ ਪਹਿਲੀ ਜੀਐੱਮਓ ਫਸਲ ਟਮਾਟਰ ਸੀ ਜਿਸ ਨੂੰ ਫਲਾਵਰ ਸਾਵਰ (flavr savr) ਟਮਾਟਰ ਕਿਹਾ ਜਾਂਦਾ ਹੈ ਇਸ ਵਿਚ ਜੋ ਬਦਲਾਉ ਕੀਤੇ ਗਏ ਸਨ, ਉਹ ਇਸ ਪ੍ਰਕਾਰ ਸਨ: ਜਦੋਂ ਕੋਈ ਵੀ ਫਲ ਪੱਕਦਾ ਹੈ ਤਾਂ ਇਸ ਦੇ ਪ੍ਰੋਟੀਨ ਐਨਜ਼ਾਈਮ ਇਸ ਦੇ ਸੈੱਲਾਂ ਨੂੰ ਤੋੜਨਾ ਸ਼ੁਰੂ ਕਰ ਦਿੰਦੇ ਹਨ, ਸੈੱਲਾਂ ਦੀ ਬਾਹਰੀ ਕੰਧ ਟੁੱਟਣ ਨਾਲ ਫਲ ਪੋਲਾ ਅਤੇ ਨਰਮ ਹੋ ਜਾਂਦਾ ਹੈ ਪਰ ਟਮਾਟਰ ਵਿਚਲੇ ਇਸ ਦੇ ਜੀਨ ਬਦਲਣ ਤੋਂ ਬਾਅਦ ਇਹ ਐਨਜ਼ਾਈਮ ਬਣਨੋਂ ਹਟ ਗਏ ਅਤੇ ਟਮਾਟਰ ਪੋਲਾ ਹੋਣ ਦੀ ਥਾਂ ਆਮ ਵਰਗਾ ਹੀ ਰਹਿੰਦਾ ਹੈ ਜਿਸ ਨਾਲ ਇਸ ਦੀ ਵਰਤੋਂ ਤੇ ਆਵਾਜਾਈ ਸੁਖਾਲੀ ਹੋ ਗਈ। ਜੇ ਕਪਾਹ (BT Cotton) ਦੀ ਗੱਲ ਕਰੀਏ ਜਿਸ ਵਿਚ ਅਜਿਹਾ ਜੀਨ ਪਾਇਆ ਗਿਆ ਜਿਸ ਨਾਲ ਜ਼ਹਿਰੀਲਾ ਪ੍ਰੋਟੀਨ ਤਿਆਰ ਹੁੰਦਾ ਹੈ ਅਤੇ ਜਦੋਂ ਇਸ ਨੂੰ ਕੀੜੇ-ਮਕੌੜੇ ਖਾਂਦੇ ਹਨ ਤਾਂ ਮਰ ਜਾਂਦੇ ਹਨ। ਇਸ ਨਾਲ ਇਹ ਦੇਖਿਆ ਗਿਆ ਕਿ ਇਸ ਦੇ ਮਨੁੱਖੀ ਸਿਹਤ ਉੱਤੇ ਵੀ ਮਾੜੇ ਅਸਰ ਹੁੰਦੇ ਹਨ ਜੋ ਅਜੇ ਚਰਚਾ ਦਾ ਵਿਸ਼ਾ ਹੈ। ਉਂਝ, ਸਵਾਲ ਹੈ ਕਿ ਜੇ ਇਹ ਖ਼ਤਰਨਾਕ ਹੈ ਤਾਂ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਇਸ ਨੂੰ ਬੰਦ ਕਰਨ ਦੇ ਨੁਕਸਾਨ ਮੌਨਸੈਂਟੋ ਕੰਪਨੀ ਨੂੰ ਹੋਣੇ ਹਨ ਅਤੇ ਇਹ ਇਸ ਨੂੰ ਬੰਦ ਨਹੀਂ ਹੋਣ ਦੇਣਾ ਚਾਹੁੰਦੀ। ਅਨੁਵੰਸ਼ਕੀ ਸੋਧ ਵਿਚ ਵੀ ਅਜਿਹੀਆਂ ਫਸਲਾਂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜੋ ਕੀਟਨਾਸ਼ਕ-ਪ੍ਰਤੀਰੋਧੀ ਹੋਣ; ਮਤਲਬ, ਅਜਿਹੀਆਂ ਫਸਲਾਂ ਜਿਨ੍ਹਾਂ ਨੂੰ ਕੀਟਨਾਸ਼ਕਾਂ ਦਾ ਅਸਰ ਨਾ ਹੋਵੇ ਪਰ ਇਹ ਕੁਦਰਤ ਦੇ ਦਵੰਦਵਾਦ ਨੂੰ ਅੱਖੋਂ ਓਹਲੇ ਕਰਨ ਦੀ ਕੋਸ਼ਿਸ਼ ਸੀ ਜੋ ਨਾਕਾਮ ਸਾਬਿਤ ਹੋਈ। ਵਿਗਾਸ ਦਾ ਸਿਧਾਂਤ ਇਹ ਪ੍ਰੋੜਤਾ ਕਰਦਾ ਹੈ ਕਿ ਜੀਵ ਬਦਲਦੇ ਹੋਏ ਵਾਤਾਵਰਨ ਨਾਲ ਆਪਣੇ ਆਪ ਨੂੰ ਬਦਲ ਲੈਂਦੇ ਹਨ। ਇਹ ਕੀਟ ਵਰਤੇ ਜਾਣ ਵਾਲੇ ਕੀਟਨਾਸ਼ਕਾਂ ਨਾਲ ਲੜਨ ਲਈ ਵਿਕਸਤ ਹੋ ਗਏ ਅਤੇ ਨਵੀਆਂ ਪੀੜ੍ਹੀਆਂ ਵਿਚ ਇਹ ਕੀਟਨਾਸ਼ਕਾਂ ਬੇਅਸਰ ਹੋ ਗਈਆਂ। ਫਿਰ ਇਹਨਾਂ ਦੀ ਮਾਤਰਾ ਵਧਾਉਣੀ ਪਈ ਪਰ ਕਿੰਨੀ ਕੁ ਮਾਤਰਾ ਵਧਾਈ ਜਾਵੇ? ਇਹਨਾਂ ਕੀਟਾਂ ਨੇ ਫਿਰ ਤੋਂ ਵਿਕਸਤ ਹੋ ਜਾਣਾ ਹੈ। ਇਸ ਲਈ ਇਸ ਅਨੁਵੰਸ਼ਕੀ ਸੋਧ ਨੇ ਕੀਟਨਾਸ਼ਕ-ਪ੍ਰਤੀਰੋਧ ਦੇ ਨਾਮ 'ਤੇ ਖੇਤੀ ਵਿਚ ਜ਼ਹਿਰ ਨੂੰ ਹੁਲਾਰਾ ਦਿੱਤਾ।

ਸਵਾਲ ਹੈ:ਕੀ ਕੀੜੇ-ਮਕੌੜੇ ਖਤਮ ਕੀਤੇ ਜਾ ਸਕਦੇ ਹਨ? ਇਸ ਸਵਾਲ ਦੇ ਦੋ ਪਹਿਲੂ ਹਨ; ਪਹਿਲਾ ਹਾਂ ਜਾਂ ਨਾਂਹ ਜਵਾਬ ਮੰਗਦਾ ਹੈ ਤਾਂ ਇੱਥੇ ਬਿਲਕੁਲ ਨਾਂਹ ਹੈ। ਕੀੜੇ-ਮਕੌੜਿਆਂ ਨੂੰ ਕਦੇ ਵੀ ਖਤਮ ਨਹੀਂ ਕੀਤਾ ਜਾ ਸਕਦਾ। ਦੂਜਾ ਪਹਿਲੂ ਹੈ ਕਿ ਕੀ ਕੀਟਾਂ ਬਿਨਾ ਖੇਤੀ ਹੋ ਸਕਦੀ ਹੈ? ਅੱਜ ਤੱਕ ਮਨੁੱਖ ਜਦੋਂ ਖੇਤੀ ਕਰਦਾ ਆਇਆ ਹੈ ਤਾਂ ਸਾਡੇ ਕਣਕ ਜਾਂ ਹੋਰ ਫਸਲਾਂ ਬੀਜਦੇ ਹੋਏ ਮੁੱਠੀਆਂ ਭਰ ਕੇ ਖੇਤਾਂ ਵਿਚ ਦਾਣੇ ਖਿੰਡਾਏ ਜਾਂਦੇ ਸਨ ਜਿਹਨਾਂ ਨਾਲ ਇਹ ਬੋਲ ਵੀ ਬੋਲੇ ਜਾਂਦੇ ਸਨ ਕਿ ਇੱਕ ਹਿੱਸਾ ਚਿੜੀਆਂ ਦਾ, ਇੱਕ ਹਿੱਸਾ ਕੀੜੇ-ਮਕੌੜਿਆਂ ਦਾ, ਇੱਕ ਹਿੱਸਾ ਪਸ਼ੂਆਂ ਦਾ ਆਦਿ ਪਰ ਅੱਜ ਮੁਨਾਫਾ ਕੇਂਦਰਤ ਖੇਤੀ ਵਿਚ ਅਸੀਂ ਦਾਣਾ ਦਾਣਾ ਮੰਡੀ ਲੈ ਕੇ ਜਾਣਾ ਚਾਹੁੰਦੇ ਹਾਂ ਤਾਂ ਜੋ ਇਸ ਦੀ ਕੀਮਤ ਮਿਲ ਸਕੇ। ਇਸ ਲਈ ਅਸੀਂ ਸਪਰੇਅ ਕਰਦੇ ਹੋਏ ਜੀਵਾਂ ਤੋਂ ਉਹਨਾਂ ਦਾ ਹਿੱਸਾ ਖੋਹ ਰਹੇ ਹਾਂ ਪਰ ਕੁਦਰਤ ਵਿਚ ਦੋ-ਤਰਫਾ ਲੈਣ-ਦੇਣ ਹੈ: ਕੀਟ ਜਦੋਂ ਫਸਲਾਂ ਤੋਂ ਭੋਜਨ ਲੈਂਦੇ ਹਨ ਤਾਂ ਬਦਲੇ ਵਿਚ ਉਹ ਪੌਦਿਆ ਨੂੰ ਪ੍ਰਾਗਣ ਕਰਵਾਉਂਦੇ ਹਨ ਜਿਸ ਤੋਂ ਬਿਨਾ ਬੀਜ ਬਣ ਨਹੀਂ ਸਕਦਾ; ਮਤਲਬ, ਪੌਦਿਆਂ ਦੀ ਕਲਪਨਾ ਕੀਟਾਂ ਬਗੈਰ ਕੀਤੀ ਹੀ ਨਹੀਂ ਜਾ ਸਕਦੀ।

ਅਸੀਂ ਪੜ੍ਹਿਆ ਹੀ ਹੈ ਕਿ ਜੀਐੱਮਓ ਕਪਾਹ (BT Cotton) ਵਿਚ ਕ੍ਰਿਸਟਲ ਪ੍ਰੋਟੀਨ ਹੁੰਦਾ ਹੈ ਜੋ ਕੀਟ ਅੰਦਰ ਜਾ ਕੇ ਉਸ ਨੂੰ ਮਾਰ ਦਿੰਦਾ ਹੈ। ਇਸ ਕਪਾਹ ਨੂੰ ਖਾਣ ਅਤੇ ਪ੍ਰਾਗਣ ਲਈ ਹਰ ਤਰ੍ਹਾਂ ਦੇ ਕੀਟ ਆਉਂਦੇ ਹਨ ਜਿਨ੍ਹਾਂ ਵਿਚ ਤਿਤਲੀਆਂ, ਮਧੂਮੱਖੀਆਂ ਵੀ ਸ਼ਾਮਲ ਹਨ। ਅਸੀਂ ਆਮ ਫਸਲਾਂ ਵੀ ਬੀਜਦੇ ਹਾਂ ਅਤੇ ਉਹਨਾਂ ਉੱਤੇ ਆਉਣ ਵਾਲੇ ਕੀਟਾਂ ਨੂੰ ਕਾਬੂ ਕਰਨ ਲਈ ਕੀਟਨਾਸ਼ਕਾਂ ਦੀ ਸਪਰੇਅ ਕਰਦੇ ਹਾਂ। ਇਹ ਸਪਰੇਅ ਹਰ ਤਰ੍ਹਾਂ ਦੇ ਕੀਟ, ਤਿਤਲੀਆਂ ਅਤੇ ਮਧੂਮੱਖੀਆਂ ਨੂੰ ਮਾਰ ਦਿੰਦੀ ਹੈ। ਪੈਸਟ ਮੈਨੇਜਮੇਂਟ ਦਾ ਕੋਈ ਵੀ ਅਜਿਹਾ ਤਰੀਕਾ ਨਹੀਂ ਹੈ ਜੋ ਸਾਡੀਆਂ ਫਸਲਾਂ ਦੇ ਮਿੱਤਰ ਅਤੇ ਦੁਸ਼ਮਣ ਕੀਟਾਂ ਵਿਚ ਫਰਕ ਕਰ ਸਕੇ। ਇਹਨਾਂ ਕੀਟਾਂ ਨੂੰ ਬਚਾਉਣ ਲਈ ਪੈਦਾਵਾਰ ਦੇ ਢੰਗ ਬਦਲਣ ਦੀ ਲੋੜ ਹੈ ਅਤੇ ਜੇ ਬੀਟੀ ਕਪਾਹ ਇਸ ਲਈ ਜ਼ਿੰਮੇਵਾਰ ਹੈ ਤਾਂ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਜੇ ਪੈਦਾਵਾਰ ਦਾ ਢੰਗ ਹੀ ਅਰਾਜਕ ਹੋਵੇ ਅਤੇ ਇਸ ਦੇ ਨਿਸ਼ਾਨੇ ਸਿਰਫ ਮੁਨਾਫੇ ਤੱਕ ਸੀਮਤ ਹੋਣ, ਫਿਰ ਇਹ ਮਨੁੱਖ ਅਤੇ ਕੁਦਰਤ ਦੇ ਹੋਣ ਵਾਲੇ ਨੁਕਸਾਨ ਨੂੰ ਅੱਖੋਂ ਓਹਲੇ ਕਰ ਦਿੰਦਾ ਹੈ ਅਤੇ ਸਿਰਫ ਮੁਨਾਫੇ ਨੂੰ ਹੀ ਤਰਜੀਹ ਦਿੰਦਾ ਹੈ। ਇਥੇ ਇਹ ਸਮਝਣ ਦੀ ਲੋੜ ਹੈ ਕਿ ਇਸ ਸਮੇਂ ਸਭ ਤੋਂ ਵੱਧ ਖ਼ਤਰਨਾਕ ਸਰਮਾਏਦਾਰਾ ਪ੍ਰਬੰਧ ਹੈ ਜਿਸ ਅਧੀਨ ਪੈਦਾਵਾਰ ਮਨੁੱਖ ਲਈ ਹੋ ਹੀ ਨਹੀਂ ਰਹੀ। ਇਸ ਲਈ ਕੀਟਨਾਸ਼ਕਾਂ ਰਾਹੀਂ ਜਾਂ ਜੀਐੱਮ ਸੋਧਾਂ ਰਾਹੀਂ ਕੀਟ ਖਤਮ ਕਰਨ ਦਾ ਦਾਅਵਾ ਕਰਨਾ ਗੈਰ-ਵਿਗਿਆਨਕ ਅਤੇ ਨੁਕਸਾਨਦਾਇਕ ਹੈ।

ਕੀ ਜੀਐੱਮਓ ਕੁਦਰਤ ਨਾਲ ਛੇੜਛਾੜ ਹੈ?

ਆਧੁਨਿਕ ਮਨੁੱਖ (ਹੋਮੋ ਸੇਪੀਅਨ) ਲੱਗਭੱਗ 2.5 ਕੁ ਲੱਖ ਸਾਲ ਪਹਿਲਾਂ ਹੋਂਦ ਵਿਚ ਆਇਆ ਜਿਸ ਨੇ 10,000 ਕੁ ਸਾਲ ਪਹਿਲਾਂ ਖੇਤੀ ਕਰਨੀ ਸਿੱਖੀ। ਮਨੁੱਖ ਜੰਗਲ ਸਾੜ ਕੇ ਜ਼ਮੀਨ ਤਿਆਰ ਕਰਦਾ ਸੀ ਅਤੇ ਇਸ ਨੂੰ ਵਰਤ ਕੇ ਉਹ ਅੱਗੇ ਵਧ ਜਾਂਦਾ ਸੀ ਅਤੇ ਫਿਰ ਹੋਰ ਜੰਗਲ ਸਾੜਦਾ ਸੀ। ਖੇਤੀ ਕਰਦੇ ਮਨੁੱਖ ਨੇ ਫਸਲਾਂ ਦੀਆਂ ਨਸਲਾਂ ਸੁਧਾਰਨੀਆਂ ਸਿੱਖੀਆਂ ਜਿਸ ਲਈ ਉਹ ਕਿਸੇ ਫਸਲ ਦੇ ਖਾਸ ਗੁਣ ਨੂੰ ਚੁਣਦਾ ਹੋਇਆ ਉਹਨਾਂ ਨੂੰ ਅਗਲੇ ਸਾਲ ਲਈ ਬੀਜਣ ਲਈ ਰੱਖ ਲੈਂਦਾ ਸੀ ਅਤੇ ਬਾਕੀ ਫਸਲ ਖਾ ਲੈਂਦਾ ਸੀ। ਪੀੜ੍ਹੀ-ਦਰ-ਪੀੜ੍ਹੀ ਫਸਲਾਂ, ਫਲ ਤੇ ਸਬਜ਼ੀਆਂ ਦੀਆਂ ਬਦਲੀਆਂ ਹੋਈਆਂ ਪ੍ਰਜਾਤੀਆਂ ਤਿਆਰ ਹੋ ਗਈਆਂ ਜੋ ਪਹਿਲਾਂ ਕੁਦਰਤ ਵਿਚ ਕਿਤੇ ਵੀ ਮੌਜੂਦ ਨਹੀਂ ਸਨ। ਜਿਹੜੀ ਕਣਕ ਅੱਜ ਅਸੀਂ ਖਾ ਰਹੇ ਹਾਂ (ਟ੍ਰਿਟੀਕਮ ਐਸਟਾਈਵਮ), ਇਹ ਵੀ ਮਨੁੱਖ ਨੇ ਜੰਗਲੀ ਪ੍ਰਜਾਤੀਆਂ (ਟ੍ਰਿਟੀਕਮ ਮੋਨੋਕੋਕਮ, ਟ੍ਰਿਟੀਕਮ ਡਿਊਰਮ ਆਦਿ) ਤੋਂ ਵਿਕਸਤ ਕੀਤੀ ਹੈ। ਜੋ ਮੱਕੀ ਅੱਜ ਅਸੀਂ ਖਾ ਰਹੇ ਹਾਂ, ਇਹ ਵੀ ਕੁਦਰਤੀ ਤੌਰ 'ਤੇ ਪਹਿਲਾਂ ਮੌਜੂਦ ਨਹੀਂ ਸੀ। ਲੱਗਭੱਗ 8000 ਸਾਲ ਪਹਿਲਾਂ ਮੈਕਸਿਕੋ ਕੋਲ ਟਿਓਸਿੰਟੇ ਨਾਮ ਦੀ ਜੰਗਲੀ ਘਾਹ ਉੱਗਦੀ ਸੀ ਜਿਸ ਨੂੰ ਸਾਡੇ ਪੁਰਖਿਆਂ ਨੇ ਬਦਲਿਆ। ਇਸੇ ਤਰ੍ਹਾਂ ਡਾਰਵਿਨ ਨੇ ਇਹੋ ਗੱਲ ਲਿਖੀ ਹੈ ਕਿ ਮਨੁੱਖ ਜੋ ਵੀ ਫਲ, ਸਬਜ਼ੀਆਂ ਅਤੇ ਫਸਲਾਂ ਉਗਾ ਰਿਹਾ ਹੈ, ਇਹ ਸਭ ਇਸ ਨੇ ਖੁਦ ਆਪਣੀ ਚੋਣ ਨਾਲ ਬਦਲੀਆਂ ਹਨ। ਫਿਰ ਇੱਕ ਸਮੇਂ ਬਾਅਦ ਮਨੁੱਖ ਹਾਈਬ੍ਰਿਡ ਫਸਲਾਂ ਅਤੇ ਜਾਨਵਰ ਵੀ ਤਿਆਰ ਕਰਨੇ ਸਿੱਖ ਗਿਆ ਜਿਸ ਵਿਚ ਦੋ ਅਲੱਗ ਨਸਲਾਂ/ਪ੍ਰਜਾਤੀਆਂ ਦਾ ਪ੍ਰਜਨਣ ਕਰਵਾਉਣ ਨਾਲ ਨਵੀਂ ਤਰ੍ਹਾਂ ਦਾ ਜੀਵ ਤਿਆਰ ਹੋ ਜਾਂਦਾ ਸੀ। ਇਸ ਤਰ੍ਹਾਂ ਮਨੁੱਖ ਸਦੀਆਂ ਤੋਂ ਕੁਦਰਤ ਨਾਲ ਛੇੜਛਾੜ ਕਰਦਾ ਆਇਆ ਹੈ ਪਰ ਸਰਮਾਏਦਾਰਾ ਪ੍ਰਬੰਧ ਅਧੀਨ ਕੁਝ ਮੁੱਠੀ ਭਰ ਲੋਕ ਆਪਣੇ ਮੁਨਾਫੇ ਲਈ ਕੁਦਰਤ ਨੂੰ ਤਬਾਹ ਕਰ ਰਹੇ ਹਨ। ਹੁਣ ਇੱਥੇ ਚਰਚਾ ਦਾ ਵਿਸ਼ਾ ਕਦੇ ਵੀ ਇਹ ਨਹੀਂ ਬਣਦਾ ਕਿ ਪੈਦਾਵਾਰ ਦਾ ਸਰਮਾਏਦਾਰਾ ਪ੍ਰਬੰਧ ਚੰਗਾ ਹੈ ਜਾਂ ਮਾੜਾ ਸਗੋਂ ਵਿਗਿਆਨਕ ਲੱਭਤਾਂ ਨੂੰ ਨਿਸ਼ਾਨੇ 'ਤੇ ਲੈ ਕੇ ਸਵਾਲ ਭਟਕਾਇਆ ਜਾਂਦਾ ਹੈ। ਜੀਐੱਮਓ ਵਿਚ ਜੋ ਚੰਗਾ ਹੈ, ਉਸ ਨੂੰ ਅੱਗੇ ਵਧਾਇਆ ਜਾਵੇ ਅਤੇ ਜੋ ਮਾੜਾ ਹੈ, ਉਸ ਨੂੰ ਰੱਦ ਕੀਤਾ ਜਾਵੇ ਪਰ ਇਹ ਫੈਸਲੇ ਤਾਂ ਇਸੇ ਪ੍ਰਬੰਧ ਨੇ ਕਰਨੇ ਹਨ ਜੋ ਖੁਦ ਮਨੁੱਖ ਦੋਖੀ ਹੈ।*ਸਹਾਇਕ ਪ੍ਰੋਫੈਸਰ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।ਸੰਪਰਕ: 96533-59244

# ਪਰਬਤ ਮਾਤਾ

ਮਾਂ ਤੇਰੀਆਂ ਬਰਫੀਲੀਆਂ ਚੋਟੀਆਂ 'ਚੋਂ
ਵਗੇ ਗੰਗਾ ਮਾਈ
ਵਗਣ ਅਨੇਕਾਂ ਨਦੀਆਂ
ਪਲਣ ਅਨੰਤ ਜੰਗਲ ਬੇਲੇ
ਜੀਵ ਜੰਤੂ
ਤੇਰੀਆ ਚੋਟੀਆਂ ਤੋਂ ਚੱਲੇ
ਸਭ ਲਈ ਅੰਮ੍ਰਿਤ ਧਾਰਾ
ਵਗਣ ਹਵਾਵਾਂ
ਨਸ਼ਿਆਉਂਦੀਆਂ

ਅਸੀਂ ਤੇਰੇ ਅਸੱਭਿਅਕ ਤੇ ਹੰਕਾਰੀ ਬੱਚੇ
ਰਤਾ ਨਹੀਂ ਝਿਜਕਦੇ
ਤੇਰੀ ਦੇਹ ਤੇ ਕਰਨੋਂ ਅਨਰਥ
ਖਾ-ਪੀ ਕੇ ਸੁੱਟਦੇ ਪਲਾਸਟਿਕ
ਤੇ ਹਰ ਤਰਾਂ ਦਾ ਗੰਦ ਮੰਦ
ਕਰਦੇ ਅਨੰਤ ਹੀਲੇ
ਪਿਘਲਾਉਣ ਲਈ ਤੇਰੀਆਂ
ਚੋਟੀਆਂ ਦੁੱਧ ਚਿੱਟੀਆਂ
ਪਾਣੀਆਂ ਵਿੱਚ ਘਾਣੀਆਂ
ਕੱਟ ਕੱਟ ਰੁੱਖਾਂ ਨੂੰ
ਤੇਰੇ ਜਿਸਮ ਤੋਂ ਰੰਗ ਬਰੰਗੇ ਕੱਪੜੇ ਲਾਹੇ
ਬਾਲੀ ਅੱਗ ਪਰਦੂਸ਼ਣ ਵਾਲੀ
ਫੈਲਾਇਆ ਧੂੰਆਂ ਧੁੰਦੂਕਾਰ
ਰੁੱਖ ਜੀਵ ਤੇ ਮਾਨਸ ਸਾਰੇ
ਕਰਦੇ ਹਾਹਾਕਾਰ...

ਅਸੀਂ ਤੇਰੇ ਬੱਚੇ
ਅਕ੍ਰਿਤਘਣ ਤੇ ਬਦਕਾਰ... ...
ਕਵਿਤਾ ਤਾਂ ਮੰਗੇ
ਕਵਿਤਾ ਨਾ ਮੰਗੇ
ਫ਼ੀਤਾ ਮਿਣਨ ਲਈ
ਕੈਂਚੀ ਕੱਟਣ ਲਈ
ਸਾਹਲ- ਗੁਣੀਆਂ ਕੋਨੇ ਸਿੱਧੇ ਕਰਨ ਲਈ
ਤੇਸਾ ਘੜਨ ਲਈ
ਕਰੰਡੀ ਚਿਣਨ ਲਈ...

# ਸਵਰਨਜੀਤ ਸਵੀ ਦੀਆਂ ਕਵਿਤਾਵਾਂ





# ਨਾਨਕਾ

ਨਾਨਕੇ ਪਿੰਡ ਦੀ
ਪਗਡੰਡੀ ਟੱਪਦਿਆਂ ਹੀ
ਬੱਚੇ ਬੱਢੇ ਜਵਾਨ ਹਮਉਮਰ ਸੱਭ
ਮਾਮੇ ਮਾਮੀਆਂ ਮਾਸੀਆਂ ਨਾਨੇ ਨਾਨੀਆਂ
ਵਿੱਚ ਤਬਦੀਲ ਹੋ ਜਾਂਦੇ

ਮਨ 'ਚ ਸੱਭ ਤੋਂ ਪਹਿਲਾਂ
ਨਾਨੀ ਉਭਰਦੀ ਹੈ
ਮੇਰੀ ਨਾਨੀ-ਘੜਾਨੀ
ਖੁਸ਼ੀਆਂ ਦਾ ਦਰੁਲੱਭ ਖਜ਼ਾਨਾ !

ਹੱਸਦੀ ਖੇਡਦੀ
ਡੰਡੇ ਲੈ ਕੇ ਮਗਰ ਭੱਜਦੀ
ਲਾਡ ਲਡਾਉਂਦੀ
ਘਿਉ ਸ਼ੱਕਰ ਖੁਆਉਂਦੀ

ਫਿਰ ਨਾਨਾ ਤੇ ਮਾਮਾ ਆਤਮਾ
ਜਦੋਂ ਵੀ ਦੇਖੋ ਭੱਠੀ 'ਚੋਂ ਗਰਮਾ-ਗਰਮ ਲੋਹਾ ਕੱਢ
ਨਾਨਾ ਸੰਨ੍ਹੀ 'ਚ ਫੜਕੇ ਆਰ੍ਹਨ ਤੇ ਰੱਖਦਾ
ਮਾਮਾ ਘੱਣ ਲੈ
ਉਹਨੂੰ ਕੁੱਟਦਾ ਤੋੜਦਾ ਮਰੋੜਦਾ
ਪਤਾ ਨਹੀਂ
ਕਿਹੜੇ ਜਨਮਾਂ ਦੀ ਦੁਸ਼ਮਣੀ ਕੱਢਦੇ

ਫਿਰ ਤੋੜ ਮਰੋੜ ਕੇ
ਕਦੇ ਫਾਲ੍ਹ
ਕਦੇ ਦਾਤੀ
ਕਦੇ ਤਵੀ
ਕਦੇ ਛੈਣੀ
ਹੋਰ ਪਤਾ ਨਹੀਂ ਕੀ ਕੀ ਬਣਾਉਂਦੇ ਰਹਿੰਦੇ

ਨਾਨਾ ਤਾਂ ਡਾਕਟਰੀ ਵੀ ਕਰਦਾ
ਕਿਸੇ ਦਾ ਦੰਦ ਹੁੰਦਾ ਕੱਢਣ ਵਾਲਾ
ਦੁਖਦਾ
ਆ ਬੈਠਦਾ
ਨਾਨਾ ਜਬ੍ਹਾੜੇ 'ਚ ਪਾ ਜਮੂਰ
ਦੰਦ ਦਾੜ ਜੋ ਵੀ ਦੁਖਦਾ
ਕੱਢ ਅਗਲੇ ਦੇ ਹੱਥ ਫੜਾਉਂਦਾ
ਨਾ ਕੋਈ ਆ..ਹ ਨਾ ਉ..ਹ
ਬੱਸ ਹੱਥ 'ਤੇ ਪਏ
ਅੱਧ ਗਲੇ ਦੰਦ ਨੂੰ ਦੇਖਦਾ
ਤੇ ਉੱਠਕੇ ਤੁਰ ਜਾਂਦਾ
ਤੇ ਇੰਜ ਹੀ ਇੱਕ ਦਿਨ ਨਾਨਾ ਤੁਰ ਗਿਆ

ਫਿਰ ਲਾਲ ਰੰਗ ਦੀਆਂ ਲਾਟਾਂ ਮੂਹਰੇ
ਭੱਖਦੇ ਚਿਹਰੇ ਵਾਲਾ ਮੇਰਾ ਮਾਮਾ
ਕੁੱਟਦਾ ਤੋੜਦਾ ਮਰੋੜਦਾ ਰਿਹਾ ਲੋਹੇ ਨੂੰ
ਮਾਮਾ ਕੰਮ ਕਰਦਾ ਤਾਂ ਲੋਕ ਕਹਿੰਦੇ
ਗਰਮ ਲੋਹਾ ਤਾਂ ਅਤਮੇ ਮੂਹਰੇ ਰੋਂਦੈ...

ਜਿਉਂ ਕਸਾਈ ਮੂਹਰੇ ਬੱਕਰਾ
ਤੇ ਮਾਮਾ ਕਹਿੰਦਾ
ਆਤਮੇ ਦੀ ਕੀਤੀ ਵੈਲਡਿੰਗ ਕੂਲੀ ਗੱਲ੍ਹ ਅਰਗੀ
ਭਾਵੇਂ ਕੋਈ ਜੀਭ ਫੇਰ ਲਵੇ ਸਾਰੀ ਟਰਾਲੀ ਤੇ
ਜ੍ਹਾ ਖਾਂ ਜੀਭ ਨੂੰ ਰੱੜਕ ਜਾਵੇ

ਤੇ ਇਉਂ ਹੀ
ਭਾਣਜੀ ਦੇ ਭੋਗ ਤੇ ਭੁੱਬੀਂ ਰੋਂਦਾ ਮਾਮਾ
ਅਗਲੇ ਦਿਨ ਪਿੰਡ ਜਾਂਦਾ ਹੀ ਚਲੇ ਗਿਆ
ਬਿਨਾਂ ਰੱੜਕੇ ਜੀਭ ਤੇ

ਛੱਡ ਗਿਆ ਪਿੱਛੇ ਇਕੋ ਹੀ ਗੱਲ
ਬਈ ਆਤਮੇ ਮੂਹਰੇ ਤਾਂ ਲੋਹਾ ਰੋਂਦਾ ਸੀ ਰੋਂਦਾ
ਕੰਮ ਤਾਂ ਉਹਦੇ ਮੂਹਰੇ ਭੱਜਿਆ ਫਿਰਦਾ ਸੀ

# ਅਲਵਿਦਾ ਮਾਂ !

ਮਾਂ ਤੈਨੂੰ ਵਿਦਾ ਕਰਨ ਲਈ
ਲਿਜਾਂਦਿਆਂ ਤੇਰੀ ਚਾਰ ਤੱਤਾਂ ਦੀ ਦੇਹ
ਨਾਲ ਨਾਲ ਤੁਰ ਰਿਹਾ ਸੀ
ਤਾਉਮਰ ਤੇਰੇ ਦਿੱਤੇ ਪਿਆਰ ਦਾ
ਪਲ ਪਲ ਕਦਮ ਦਰ ਕਦਮ
ਤੇ ਯਕੀਨ ਕਰਨ ਲਈ
ਕਿ ਤੂੰ ਜਾ ਰਲਣਾ ਹੈ ਪੰਜ ਤੱਤਾਂ 'ਚ
ਪਾਣੀ ਦਾ ਘੜਾ ਲੈ ਕਰਦਾ ਹਾਂ ਤੇਰੀ ਪਰਕਰਮਾ
ਟੁੱਟਦੇ ਘੜੇ ਦੀ ਆਵਾਜ਼
ਤੇ ਡੁੱਲਦੇ ਪਾਣੀ ਨਾਲ
ਯਾਦ ਆਇਆ ਵਿਆਹ ਵੇਲੇ
ਖੁਸ਼ੀ 'ਚ ਖੀਵੀ ਹੋ ਹੋ
ਮੇਰੇ ਸਿਰੋਂ ਵਾਰ ਕੇ ਪੀਣਾ ਪਾਣੀ

ਤੂੰ ਜਿਸ ਨਿੱਘੀ ਛਾਤੀ ਨਾਲ ਲਾ ਲਾ ਰੱਖਦੀ ਸੀ ਮੈਨੂੰ
ਉਸ ਨਰਮ ਦੇਹ ਤੇ ਰੱਖ ਰਿਹਾ ਹਾਂ
ਲੱਕੜ ਦੇ ਮੱਣ ਮੱਣ ਭਾਰੇ ਮੁੱਢ
ਤੇਰੀ ਚਿਤਾ ਨੂੰ ਦੇਣ ਲੱਗਿਆਂ ਅਗਨ
ਮੈਂ ਕੰਬਦੇ ਹੱਥਾਂ ਨੂੰ ਸਮਝਾਉਂਦਾ ਰਿਹਾ
ਕਿ ਤੂੰ ਵੱਡਾ ਪੁੱਤ ਹੈਂ ਮਾਂ ਦਾ
ਹੁਣ ਵੱਡਾ ਹੋ ਜਾ

ਤੇਜ਼ ਲੱਪਟਾਂ ਕੋਲੋਂ ਸੱਭ ਚਲੇ ਗਏ ਦੂਰ
ਤੇ ਮੈਨੂੰ ਲੱਪਟਾਂ ਦੇ ਸੇਕ 'ਚੋਂ ਵੀ
ਤੇਰੀ ਗੋਦ ਦਾ ਨਿੱਘ ਮਿਲਦਾ ਰਿਹਾ
ਬੁੱਕਲ ਦੀ ਛਾਂ ਮਿਲਦੀ ਰਹੀ

ਤੇ ਸਵੇਰੇ
ਚੁਗ ਰਿਹਾ ਸਾਂ ਅਸਤੀਆਂ
ਪਾ ਰਿਹਾ ਸਾਂ ਦੁੱਧ ਵਾਲੇ ਬੱਠਲ ਵਿਚ
ਫਿਰ ਧੋ ਕੇ ਕੱਢ ਰਿਹਾ ਸਾਂ
ਤਾਂ ਮਨ 'ਚ ਤੁਰੀ ਫਿਰਦੀ ਸੀ ਤੂੰ
ਗਲੀ 'ਚੋਂ ਚੁੱਕ ਭਰਤ ਦਾ ਟੋਕਰਾ
ਸਿੱਟ ਰਹੀ ਸੀ ਡੂੰਘੇ ਪਲਾਟ ਵਿਚ
ਅੱਖਾਂ 'ਚ ਘਰ ਦੇ ਸੁਪਨੇ ਵਸਾਈ
ਤੇਰੇ ਉਹ ਸਖਤ ਜਾਨ ਹੱਡ
ਤੇ ਤੇਰਾ ਹੱਠ
ਸਭ ਕੁੱਝ ਠੀਕ ਕਰ ਲੈਣ ਦਾ

ਹੱਥਾਂ 'ਚ ਤੇਰੇ ਸਿਰ ਦਾ ਇੱਕ ਹਿੱਸਾ ਆਇਆ ਹੈ
ਮਾਸੀਆਂ ਮਾਮੀਆਂ ਭੈਣਾਂ ਕਹਿੰਦੀਆਂ
ਆਹ ਦੇਖ ਬਿੱਧ ਮਾਤਾ ਦੇ ਲੇਖ
ਜਿਵੇਂ ਹਸਪਤਾਲ 'ਚ

ਆਕਸੀਜਨ ਦਿੰਦਿਆਂ
ਮੌਨੀਟਰ ਤੇ ਹਰੀ ਲਾਈਟ
ਉੱਪਰ ਹੇਠਾਂ ਗ੍ਰਾਫ ਬਣਾਉਂਦੀ
ਉਵੇਂ ਹੀ ਕੁੱਝ ਲਿਖਿਆ ਸੀ
ਬਿੱਧ ਮਾਤਾ ਨੇ ਸ਼ਾਇਦ
ਤਾਂ ਹੀ ਸਾਰੀ ਉਮਰ ਤੂੰ
ਜੇ ਦੋ ਦਿਨ ਖੁਸ਼ੀ 'ਚ ਉਡੂੰ ਉਡੂੰ ਕਰਦੀ
ਫਿਰ ਕਈ ਦਿਨ ਖਾਮੋਸ਼ ਅੱਖਾਂ 'ਚ
ਉਦਾਸੀ ਜਹੀ ਤੈਰਦੀ ਰਹਿੰਦੀ ਤੇਰੇ
ਕਿੰਨੀ ਕੰਜੂਸੀ ਨਾਲ
ਖੁਸ਼ੀ ਲਿਖੀ ਸੀ
ਬਿੱਧ ਮਾਤਾ ਨੇ ਤੇਰੇ ਲਈ
ਇੱਕ ਪਲ ਖੁਸ਼ੀ ਦਾ ਕੀ ਦਿੰਦੀ
ਲੱਖਾਂ ਪਲ ਬੰਨ੍ਹ ਦਿੰਦੀ ਕਸ਼ਟ ਦੇ
ਦੁੱਖਾਂ ਦੇ ਪਹਾੜ ਬੁਣਦੀ ਰਹਿੰਦੀ
ਤੇਰੇ ਲਈ ਬਿੱਧ ਮਾਤਾ!

ਹੁਣ ਬੈਠਾ ਹਾਂ
ਗੰਗਾ ਦੇ ਤੇਜ ਪਾਣੀ ਅੱਗੇ
ਲੈ ਕੇ
ਪੂਰੀ ਜ਼ਿੰਦਗੀ 'ਚੋਂ ਬਚੇ
ਦੋ ਕਿੱਲੋ ਹੱਡੀਆਂ ਦੇ ਚਾਰ ਕੁ ਬੁੱਕ
ਲਿਖਵਾ ਕੇ ਅਇਆ ਹਾਂ
ਪੁਰੋਹਿੱਤ ਦੀ ਵੱਹੀ ਤੇ
ਤੇਰਾ ਨਾਮ
ਆਪਣੀਆਂ ਸਾਰੀਆਂ ਪੀੜੀਆਂ ਦੇ ਨਾਲ
ਪੁਰੋਹਿੱਤ ਨੇ ਦੱਸਿਆ ਹੈ
ਕਿ ਕਿਵੇਂ ਤੇ ਕਦ
ਪਿਛਲੀਆਂ ਪੀੜੀਆਂ ਆਈਆਂ ਏਥੇ
ਤੇ ਪਹੁੰਚੀਆਂ ਹਰ ਕੀ ਪੌੜੀ

ਮੈਂ ਬੁੱਕ ਬੁੱਕ ਕਰਕੇ
ਵਹਾ ਰਿਹਾ ਹਾਂ ਅਸਤੀਆਂ
ਹਰ ਕੀ ਪੌੜੀ ਦੇ ਤੇਜ਼ ਪਾਣੀ 'ਚ
ਪੁਰੋਹਿਤ ਕਹਿੰਦਾ
ਇੱਥੇ ਅਸਤੀਆਂ ਅੱਠਤਾਲੀ ਘੰਟਿਆਂ 'ਚ
ਰੇਤ ਬਣ ਜਾਂਦੀਆਂ
ਵਹਿ ਜਾਂਦੀਆਂ ਨੇ ਗੰਗਾ ਮਾਈ ਦੇ
ਵਰਦਾਨ ਭਰੇ ਪਾਣੀ 'ਚ

ਸੋਚ ਰਿਹਾਂ ਮਾਂ
ਕਿ ਤੂੰ ਕੁਝ ਪਲ ਹੈਂ ਮੇਰੇ ਹੱਥਾਂ 'ਚ
ਫਿਰ ਪਤਾ ਨਹੀਂ ਕਿੱਥੇ ਹੋਵੇਂਗੀ
ਤੂੰ ਵੀ ਜਾ ਰਲੇਂਗੀ
ਸਦੀਆਂ ਤੋਂ ਚੱਲੀ ਆ ਰਹੀ
ਟਿਮਟਿਮਾਉਂਦੇ ਤਾਰਿਆਂ ਦੀ ਲੰਬੀ ਕਤਾਰ ਵਿੱਚ

ਤੂੰ ਨਹੀਂ
ਤੇਰੀ ਨਿੱਘੀ ਬੁੱਕਲ ਦਾ
ਅਹਿਸਾਸ ਰਹਿ ਜਾਵੇਗਾ
ਇਨ੍ਹਾਂ ਹੱਥੋਂ ਨਿਕਲਦੀਆਂ
ਅਸਤੀਆਂ ਤੋਂ ਬਾਦ
ਮੇਰੇ ਹੱਥਾਂ 'ਚ...

# ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਘ

ਪੁਸਤਕਾਂ ਦਾ ਨੇੜ ਉਦਰੇਵੇਂ ਉਦਾਸੀਆਂ ਭਜਾਵੇ
ਪੁਸਤਕਾਂ ਦੇ ਨਿਹੁੰ ਵਿਚ ਬੰਦਾ ਮਾਨਵੀ ਹੋਣਾ ਚਾਹਵੇ

ਪੜ੍ਹਨ ਨਾਲ ਮਾਨਸਿਕ, ਬੌਧਿਕ ਤੇ ਸਰੀਰਕ ਤਾਕਤ ਮਿਲਦੀ ਹੈ। ਬੁਰਾਈਆਂ ਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ। ਪੜ੍ਹਨ ਦੀ ਘਟ ਰਹੀ ਰੁਚੀ ਅਜੋਕੀਆਂ ਬੇਦਿਲੀਆਂ, ਬੇਈਮਾਨੀਆਂ ਤੇ ਬਦੀਆਂ ਦੀ ਜੜ੍ਹ ਹੈ। ਡਿਗਰੀਆਂ ਦੀ ਪੜ੍ਹਾਈ ਦੇ ਨਾਲ ਨਾਲ ਪੜ੍ਹਨ ਦੀ ਅੰਦਰੂਨੀ ਰੁਚੀ ਵੀ ਵਿਕਸਿਤ ਹੋ ਜਾਵੇ ਤਾਂ ਤੁਸੀਂ ਚੰਗੇ ਮਨੁੱਖਵਾਦੀ ਅਧਿਆਪਕ, ਡਾਕਟਰ, ਪ੍ਰਸ਼ਾਸਕ ਤੇ ਕਰਮਚਾਰੀ ਬਣ ਸਕਦੇ ਹੋ। ਘਰਾਂ ਵਿਚ ਪੁਸਤਕਾਂ ਦਾ ਭੰਡਾਰ ਰੱਖੋ। ਸੋਫਿਆਂ ਬਰਤਨਾਂ ਦੀ ਥਾਂ ਪੁਸਤਕਾਂ ਨੂੰ ਜ਼ਿਆਦਾ ਅਹਿਮੀਅਤ ਦਿਓ। ਮੇਰੇ ਜ਼ਿਲ੍ਹੇ ਦੇ ਸੀਨੀਅਰ ਪੁਲੀਸ ਕਪਤਾਨ ਨੇ ਇੰਟਰਵਿਊ ਦਿੰਦਿਆਂ ਕਿਹਾ ਕਿ ਮੈਂ ਬਹੁਤ ਮੁਸ਼ਕਲਾਂ ਵਿਚ ਪੜ੍ਹਾਈ ਕੀਤੀ। ਮੇਰੇ ਕੋਲ ਰਜਾਈ ਨਹੀਂ ਸੀ। ਮੇਰੇ ਪਿਤਾ ਆਏ। ਉਹ ਮੈਨੂੰ ਫਰਸ਼ 'ਤੇ ਬਿਨਾ ਰਜ਼ਾਈ ਲੇਟੇ ਦੇਖ ਕੇ ਬਹੁਤ ਦੁਖੀ ਹੋਏ। ਮੈਂ ਕਿਹਾ, ਪਿਤਾ ਜੀ ਕਿਤਾਬਾਂ ਦਾ ਨਿੱਘ ਰਜਾਈ ਨਾਲੋਂ ਜ਼ਿਆਦਾ ਹੈ। ਪੜ੍ਹਨ ਨੂੰ ਇਸ਼ਟ ਤੇ ਇਮਾਨ ਸਮਝਣ ਵਾਲੇ ਅਜਿਹੇ ਲੋਕ ਹੀ ਮਹਾਨ ਰੁਤਬਿਆਂ ਤੇ ਰੂਹਾਂ ਦੇ ਮਾਲਕ ਬਣਦੇ ਹਨ। ਕਿਤਾਬਾਂ ਦਾ ਨਿੱਘ ਲਾਜਵਾਬ ਤੇ ਲਾਸਾਨੀ ਹੈ।

## ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਅੱਠ ਵਿਦਿਆਰਥੀ ਜੇ.ਈ.ਈ. ਐਡਵਾਂਸ ਪ੍ਰੀਖਿਆ ਛਾਏ

# ਜ਼ਿਲ੍ਹਾ ਸਿੱਖਿਆ ਅ.ਫਸਰ ਸੰਜੀਵ ਸ਼ਰਮਾ ਤੇ ਡਿਪਟੀ ਡੀਈਓ ਡਾ. ਰਵਿੰਦਰਪਾਲ ਸ਼ਰਮਾ ਨੇ ਸ.ਫਲ ਵਿਦਿਆਰਥੀਆਂ ਨੂੰ ਦਿੱਤੀਆਂ ਵਧਾਈਆਂ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਚੱਲ ਰਹੀ ਸਿੱਖਿਆ ਨੀਤੀ ਦੇ ਠੋਸ ਨਤੀਜੇ ਹੁਣ ਨਜ਼ਰ ਆਉਣ ਲੱਗੇ ਹਨ। ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ ਅੱਠ ਹੋਣਹਾਰ ਵਿਦਿਆਰਥੀਆਂ ਨੇ ਪ੍ਰਸਿੱਧ ਤੇ ਔਖੀ ਮੰਨੀ ਜਾਣ ਵਾਲੀ ਜੇ.ਈ.ਈ ਐਡਵਾਂਸ ਮੁਕਾਬਲਾ ਪ੍ਰੀਖਿਆ ਵਿੱਚ ਸਫਲ ਹੋ ਕੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ ਨੇ ਸਫਲ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਇਹ ਉਪਲਬਧੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਲਿਆਏ ਗਏ ਸੁਧਾਰਾਂ, ਸਕੂਲਾਂ ਵਿੱਚ ਸਿੱਖਿਆ ਗੁਣਵੱਤਾ ਵਿੱਚ ਹੋਏ ਨਿਰੰਤਰ ਵਾਧੇ ਅਤੇ ਅਧਿਆਪਕਾਂ ਦੀ ਲਗਾਤਾਰ ਮਿਹਨਤ ਦਾ ਨਤੀਜਾ ਹੈ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਮੇਂ-ਸਿਰ ਰਹਿਨੁਮਾਈ, ਪ੍ਰੇਰਨਾ ਅਤੇ ਅਗਵਾਈ ਨਾਲ ਜਿੱਥੇ ਉਹਨਾਂ ਵਿੱਚ ਖ਼ੁਦ ਉਤੇ ਭਰੋਸਾ ਵਧਿਆ, ਉੱਥੇ ਹੀ ਸਿੱਖਿਆ ਵਿਭਾਗ ਨੇ ਵੀ ਹਰੇਕ ਪੱਧਰ 'ਤੇ ਉਹਨਾਂ ਦੀ ਸਹਾਇਤਾ ਕੀਤੀ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰਪਾਲ ਸ਼ਰਮਾ ਨੇ ਵੀ ਵਿਦਿਆਰਥੀਆਂ ਦੀ ਇਸ ਉਪਲਬਧੀ ਨੂੰ ਉਨ੍ਹਾਂ ਦੀ ਲਗਨ, ਸੱਚੀ ਨਿਸ਼ਠਾ ਅਤੇ ਦ੍ਰਿੜ੍ਹ ਨਿਸ਼ਚੇ ਦਾ ਨਤੀਜਾ ਦੱਸਿਆ।



ਸਫਲ ਵਿਦਿਆਰਥੀਆਂ ਵਿੱਚ ਮੈਰੀਟੋਰੀਅਸ ਸਕੂਲ ਪਟਿਆਲਾ ਤੋਂ ਹਰਕਿਰਨ ਦਾਸ, ਹਰਵਿੰਦਰ, ਜਸ਼ਨਦੀਪ ਸਿੰਘ ਅਤੇ ਅਦਿੱਤਿਆ, ਸਕੂਲ ਆਫ਼ ਐਮੀਨੈਂਸ ਸਮਾਣਾ ਤੋਂ ਅਰਸ਼ਦੀਪ, ਸਰਕਾਰੀ ਕੋ ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਤੋਂ ਗੁਰਲੀਨ ਕੌਰ ਅਤੇ ਪ੍ਰਭਪ੍ਰੀਤ ਅਤੇ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਪਟਿਆਲਾ ਤੋਂ ਵਿਦਾਂਸ਼ ਸ਼ਾਮਲ ਹਨ। ਇਹ ਸਾਰੇ ਵਿਦਿਆਰਥੀ ਸਰਕਾਰੀ ਸਕੂਲਾਂ ਵਿੱਚੋਂ ਹੋ ਕੇ ਆਉਣ ਵਾਲੇ ਉਹ ਸਿਤਾਰੇ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਕਾਮਯਾਬੀ ਲਈ ਸਿਰਫ਼ ਆਰਥਿਕ ਰੁਝਾਨ ਨਹੀਂ, ਸਹੀ ਮਾਰਗ ਦਰਸ਼ਨ ਅਤੇ ਲਗਨ ਜ਼ਰੂਰੀ ਹੁੰਦੀ ਹੈ। ਜ਼ਿਲ੍ਹਾ ਨੋਡਲ ਅਫ਼ਸਰ -ਕਮ- ਸਹਾਇਕ ਡਾਇਰੈਕਟਰ ਜਸਵਿੰਦਰ ਕੌਰ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਇਹ ਕਾਮਯਾਬੀ ਦੱਸਦੀ ਹੈ ਕਿ ਜੇਕਰ ਅਧਿਆਪਕ ਅਤੇ ਵਿਦਿਆਰਥੀ ਦੋਹਾਂ ਆਪਣੀ ਭੂਮਿਕਾ ਨਿਭਾਉਣ, ਤਾਂ ਕੋਈ ਵੀ ਮੁਸ਼ਕਿਲ ਨਹੀਂ ਰਹਿੰਦੀ।

ਇਸ ਮੌਕੇ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਸਕੰਸਸ ਓਲਡ ਪੁਲਿਸ ਲਾਈਨ ਸਕੂਲ, ਪ੍ਰਿੰਸੀਪਲ ਰਮਨਦੀਪ ਕੌਰ ਸਸਸਸ ਕਲਿਆਣ, ਸੰਦੀਪ ਕੁਮਾਰ ਸਸਸਸ ਝਾਂਸਲਾ ਅਤੇ ਜ਼ਿਲ੍ਹਾ ਨੋਡਲ ਇੰਚਾਰਜ ਦੌਲਤ ਰਾਮ ਲੈਕਚਰਾਰ ਫਿਜ਼ਿਕਸ ਸਸਸਸ ਘਨੌਰ, ਰਾਜਿੰਦਰ ਸਿੰਘ ਚਾਨੀ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਪਟਿਆਲਾ ਨੇ ਵੀ ਵਧਾਈਆਂ ਦਿੱਤੀਆਂ।

ਇਸ ਸਫਲਤਾ ਨੇ ਸਿੱਖਿਆ ਵਿਭਾਗ ਦੇ ਉਨ੍ਹਾਂ ਯਤਨਾਂ ਨੂੰ ਹੋਰ ਮਜ਼ਬੂਤੀ ਦਿੱਤੀ ਹੈ, ਜੋ ਸਕੂਲਾਂ ਨੂੰ ਮਾਪਦੰਡਾਂ ਅਨੁਸਾਰ ਵਿਕਸਤ ਕਰਕੇ ਹਰ ਇੱਕ ਵਿਦਿਆਰਥੀ ਨੂੰ ਰੌਸ਼ਨ ਭਵਿੱਖ ਵੱਲ ਲੈ ਜਾਣ ਲਈ ਕੀਤੇ ਜਾ ਰਹੇ ਹਨ। ਜੇ.ਈ.ਈ ਐਡਵਾਂਸ ਵਿੱਚ ਪਾਸ ਹੋਏ ਇਹ ਵਿਦਿਆਰਥੀ ਹੁਣ ਦੇਸ਼ ਦੇ ਪ੍ਰਮੁੱਖ ਇੰਜੀਨੀਅਰਿੰਗ ਸੰਸਥਾਨਾਂ ਵਿੱਚ ਦਾਖ਼ਲਾ ਲੈਣ ਦੇ ਯੋਗ ਹੋ ਗਏ ਹਨ, ਜੋ ਕਿ ਸਿਰਫ਼ ਉਹਨਾਂ ਲਈ ਹੀ ਨਹੀਂ, ਸਗੋਂ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ। ਸਰਕਾਰੀ ਸਕੂਲਾਂ ਦੀ ਇਹ ਕਾਮਯਾਬੀ ਬਾਕੀ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ।

## ਬਿਕਰਮ ਕਾਲਜ ਆਫ ਕਾਮਰਸ ਦੇ ਵਿਦਿਆਰਥੀ ਰੁਦਰਪ੍ਰਤਾਪ ਸਿੰਘ ਵਲੋਂ ਕੀਤਾ ਜਾ ਰਿਹਾ ਹੈ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ ਦੇ ਬੀ ਸੀ ਏ ਦੇ ਵਿਦਿਆਰਥੀ ਰੁਦਰਪ੍ਰਤਾਪ ਸਿੰਘ ਵਲੋਂ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋਂ ਕਿ ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਹਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਸਮਾਜਿਕ ਨਿਆਂ ਅਤੇ ਸੰਸਕਤੀਕਰਨ ਮੰਤਰਾਲਾ ਭਾਰਤ ਸਰਕਾਰ ਵੱਲੋਂ ਕੀਤੇ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਇਸ ਮੌਕੇ ਗੁਰਲੀਨ ਕੌਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਵੀ ਹਜਾਰ ਸਨ,ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਨੇ ਕਿਹਾ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਹੁਣ ਤੱਕ 3000 ਤੋਂ ਉਪਰ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਵੱਖ ਵੱਖ ਪਿੰਡਾਂ ,ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਆਯੋਜਨ ਕੀਤੇ ਜਾ ਚੁੱਕੇ ਹਨ ਅਤੇ ਇਹ ਜਾਗਰੂਕਤਾ ਪ੍ਰੋਗਰਾਮ ਲੜੀਵਾਰ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਜਾਰੀ ਹਨ, ਉਹਨਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਪਿੰਡਾਂ ਦੇ ਨੌਜਵਾਨਾਂ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ ਉਹਨਾਂ ਕਿਹਾ ਕਿ ਨੌਜਵਾਨ ਹੀ ਨਸ਼ਿਆਂ ਵਰਗੀ ਨਾਮੁਰਾਦ ਬੀਮਾਰੀ ਨੂੰ ਜੜੋਂ ਖਤਮ ਕਰ ਸਕਦੇ ਹਨ, ਉਹਨਾਂ ਪਿੰਡਾਂ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਆਪੋ ਆਪਣੇ ਪਿੰਡਾਂ ਵਿਚ ਨਸ਼ਾ ਤਸਕਰਾਂ ਵਿਰੁੱਧ ਇੱਕਮੁੱਠ ਹੋ ਕੇ ਸੰਗਠਤ ਹੋਣ ਅਤੇ ਪਿੰਡ ਵਿੱਚ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਸ ਨੂੰ ਦੇਣ ਅਤੇ ਨਸਾ ਕਰਨ ਵਾਲੇ ਨੌਜਵਾਨਾ ਨੂੰ ਸਰਕਾਰੀ ਨਸ਼ਾ ਮੁਕਤ ਕੇਦਰਾ ਵਿਚ ਭਾਰਤੀ ਕਰਵਾਉਣ ਜਿਥੇ ਉਹਨਾਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ, ਉਹਨਾਂ ਆਮ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਵੀ ਨਸ਼ਿਆਂ ਵਿਰੁੱਧ ਇੱਕਮੁੱਠ ਹੋ ਕੇ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਨੂੰ ਸਹਿਯੋਗ ਕਰਨ।




## ਪਟਿਆਲਾ ਜ਼ਿਲ੍ਹੇ 'ਚ ਟਰੈਕਟਰਾਂ/ਮੋਟਰਸਾਈਕਲ ਤੇ ਹੋਰ ਸੰਦਾਂ 'ਤੇ ਖਤਰਨਾਕ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀ ਹਦੂਦ ਅੰਦਰ ਟਰੈਕਟਰਾਂ/ਮੋਟਰਸਾਈਕਲ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ ਸਟੰਟ ਆਯੋਜਿਤ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 3 ਅਗਸਤ 2025 ਤੱਕ ਲਾਗੂ ਰਹਿਣਗੇ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਏ ਪੱਤਰ ਤਹਿਤ ਰਾਜ ਵਿੱਚ ਬੀਤੇ ਸਮੇਂ ਕੁਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨ ਦੀ ਮੌਤ ਵੀ ਹੋ ਗਈ ਹੈ। ਇਸ ਲਈ ਟਰੈਕਟਰਾਂ ਅਤੇ ਸਬੰਧਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ਸਟੰਟ ਨੂੰ ਆਯੋਜਿਤ ਕਰਨ ਤੇ ਪਾਬੰਦੀ ਲਗਾਉਣ ਦੀ ਜ਼ਰੂਰਤ ਹੈ।

## ਪਟਿਆਲਾ ਜ਼ਿਲ੍ਹੇ 'ਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਵਿੱਚ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਇਹ ਹੁਕਮ 3 ਅਗਸਤ 2025 ਤੱਕ ਲਾਗੂ ਰਹਿਣਗੇ ਤੇ ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਦੇ ਜਾਰੀ ਪੱਤਰ ਮੁਤਾਬਕ ਡਰੋਨ ਜਨਤਕ ਡੋਮੇਨ ਵਿੱਚ ਤੇਜ਼ੀ ਨਾਲ ਪ੍ਰਸਿੱਧ ਅਤੇ ਅਸਾਨੀ ਨਾਲ ਪਹੁੰਚਣਯੋਗ ਬਣ ਗਏ ਹਨ, ਜੋ ਸੰਭਾਵੀ ਸੁਰੱਖਿਆ ਉਲੰਘਣਾਵਾਂ ਅਤੇ ਧਮਕੀਆਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜੇਲ੍ਹਾਂ ਦੇ ਨੇੜੇ ਡਰੋਨਾਂ ਦੀ ਅਣਅਧਿਕਾਰਤ ਨਿਗਰਾਨੀ ਲਈ, ਨਸ਼ੀਲੇ ਪਦਾਰਥਾਂ (ਮੋਬਾਇਲ, ਨਸ਼ੀਲੇ ਪਦਾਰਥਾਂ, ਹਥਿਆਰਾਂ ਆਦਿ) ਦੀ ਤਸਕਰੀ ਲਈ, ਭੱਜਣ ਦੀਆਂ ਕੋਸ਼ਿਸ਼ਾਂ ਦੀ ਸਹੂਲਤ ਲਈ ਅਤੇ ਇੱਥੋਂ ਤੱਕ ਕਿ ਰਾਜ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਦੇ ਉਦੇਸ਼ ਨਾਲ ਅੱਤਵਾਦੀ ਹਮਲਿਆਂ ਲਈ ਵੀ ਸੰਭਾਵਿਤ ਦੁਰਵਰਤੋਂ ਨੂੰ ਨਕਾਰਿਆਂ ਨਹੀਂ ਜਾ ਸਕਦਾ। ਜੇਲ੍ਹਾਂ ਦੇ ਨੇੜੇ ਅਜਿਹੀਆਂ ਅਣਅਧਿਕਾਰਤ ਡਰੋਨ ਉਡਾਨਾਂ ਇੱਕ ਗੰਭੀਰ ਖ਼ਤਰਾ ਪੈਦਾ ਕਰਦੀਆਂ ਹਨ, ਜਿਸ ਨਾਲ ਜੇਲ੍ਹਾਂ ਨੂੰ ਸੁਰੱਖਿਆ ਉਲੰਘਣਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਲ੍ਹਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜੇਲ੍ਹਾਂ ਦੇ ਖੇਤਰ ਅਤੇ ਜੇਲ੍ਹਾਂ ਦੇ ਆਲੇ ਦੁਆਲੇ 500 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਣ ਜ਼ਰੂਰੀ ਹੈ।

## ਸਾਂਝੇ ਹੰਭਲੇ ਨਾਲ ਹੀ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਹੋਵੇਗਾ ਸਾਕਾਰ : ਕੁਲਵੰਤ ਸਿੰਘ ਗੱਜਣਮਾਜਰਾ



**ਮਲੇਰਕੋਟਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਉਦੇਸ਼ ਪੰਜਾਬ ਅਤੇ ਪੰਜਾਬ ਦੀ ਜਵਾਨੀ ਨੂੰ ਸੁਰੱਖਿਅਤ ਕਰਨਾ ਹੈ। ਇਹ ਪ੍ਰਗਟਾਵਾ ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਦੇ ਭਰਾ ਕੁਲਵੰਤ ਸਿੰਘ ਗੱਜਣਮਾਜਰਾ ਨੇ ਪਿੰਡ ਫਲੌਂਦ ਕਲਾਂ, ਫਲੌਂਦ ਖੁਰਦ ਅਤੇ ਬਲੇਵਾਲ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਪਿੰਡਾਂ ਦੇ ਪੰਚਾਇਤਾਂ, ਪੇਂਡੂ ਡਿਫੈਂਸ ਕਮੇਟੀਆਂ, ਯੂਥ ਕਲੱਬਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਨਸ਼ਾ ਤਸਕਰਾਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ ਅਤੇ ਇਨ੍ਹਾਂ ਦੀਆਂ ਜ਼ਮਾਨਤਾਂ ਨਾ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਨਸ਼ੇ ਦਾ ਜ਼ਹਿਰ ਸਖ਼ਤੀ ਨਾਲ ਤੇ ਲੋਕਾਂ ਦੇ ਸਹਿਯੋਗ ਅਤੇ ਸਿਵਲ ਤੇ ਪੁਲੀਸ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਸਦਕਾਂ ਹੀ ਖ਼ਤਮ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਨਸ਼ੇ ਦੇ ਚੇਨ ਤੋੜਨ ਲਈ ਹਰ ਇਕ ਨਾਗਰਿਕ ਨੂੰ ਆਪਣੀ ਜਿੰਮੇਵਾਰੀ ਸਮਝਣੀ ਪਵੇਗੀ ਤਦ ਹੀ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਇਸ ਉਪਰੰਤ ਉਹਨਾਂ ਨੇ ਲੋਕਾਂ ਨੂੰ ਆਪਣੇ ਪਿੰਡਾਂ 'ਚ ਨਸ਼ਾ ਨਾ ਵਿਕਣ ਦੇਣ ਅਤੇ ਨਸ਼ਿਆਂ ਦੇ ਖਾਤਮੇ ਲਈ ਸਹਿਯੋਗ ਦੇਣ ਦੀ ਸਹੁੰ ਚੁਕਾਈ। ਇਸ ਮੌਕੇ ਡੀ.ਐਸ.ਪੀ ਰਣਜੀਤ ਸਿੰਘ ਬੈਂਸ, ਕੋਆਰਡੀਨੇਟਰ ਜਗਦੀਪ ਸਿੰਘ ਜੱਗਾ, ਹਲਕਾ ਕੁਆਡੀਨੇਟਰ ਗੁਰਪ੍ਰੀਤ ਸਿੰਘ ਬਿਟੂ ਬਨਭੌਰਾ, ਬੀ.ਡੀ.ਪੀ.ਓ ਬਬਲਜੀਤ ਕੌਰ, ਵਿਧਾਇਕ ਦੇ ਪੀ.ਏ ਅਭੀਜੋਤ ਸਿੰਘ ਤੋਂ ਇਲਾਵਾ ਸਮੂਹ ਪੰਚਾਇਤ ਮੈਂਬਰ ਅਤੇ ਪਿੰਡ ਵਾਸੀ ਮੌਜੂਦ ਸਨ ।



ਸਨੌਰ ਦੇ ਪਿੰਡ ਕਰਨਪੁਰ ਚ ਬਾਬਾ ਬਾਲਕ ਨਾਥ ਜੀ ਦਾ ਜਨਮ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ ਫ਼ੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ ਬਿਊਰੋ

## ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵੱਲੋਂ ਰਾਜੋਆਣਾ ਨਾਲ ਮੁਲਾਕਾਤ

**ਰਾਜੋਆਣਾ ਵੱਲੋਂ ਕੇਸ ਦਾ ਜਲਦੀ ਨਿਪਟਾਰਾ ਕਰਵਾਉਣ ਲਈ ਚਾਰਾਜੋਈ ਕਰਨ ਦੀ ਅਪੀਲ**

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਅੱਜ ਪਟਿਆਲਾ ਜੇਲ੍ਹ ਵਿੱਚ ਫਾਂਸੀ ਦੀ ਸਜ਼ਾ ਤਹਿਤ ਬੰਦ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕੀਤੀ। ਜਿਸ ਦੌਰਾਨ ਰਾਜੋਆਣਾ ਵੱਲੋਂ ਆਪਣੇ ਫ਼ਾਂਸੀ ਸਬੰਧੀ ਕੇਸ ਦਾ ਜਲਦੀ ਨਿਪਟਾਰਾ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਤੇਜ ਕਰਨ ਦੀ ਅਪੀਲ ਕੀਤੀ ਗਈ। ਇਸ ਦੌਰਾਨ ਰਾਜੋਆਣਾ ਨੇ ਸਿੰਘ ਸਾਹਿਬ ਦੇ ਰਾਹੀਂ ਸਮੁੱਚੀ ਸਿੰਘ ਸਿੱਖ ਸੰਗਤ ਦੇ ਨਾਮ ਸੁਨੇਹਾ ਵੀ ਭੇਜਿਆ ਹੈ।

ਇਸ ਵਿਚ 7 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਰਹੇ ਸਮਾਗਮ ਵਿੱਚ ਸਮੂਹ ਪੰਥ ਸਿੱਖ ਸੰਗਤਾਂ ਸ਼ਿਰਕਤ ਕਰਨ ਅਤੇ ਇਸ ਦਾ ਕਿਸੇ ਨੂੰ ਵੀ ਵਿਰੋਧ ਨਾ ਕਰਨ ਬਾਰੇ ਕਿਹਾ।



ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਤੇ ਜਥੇਦਾਰ ਰਵਿੰਦਰ ਸਿੰਘ ਖਾਲਸਾ, ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਰਾਜਪੁਰਾ ਖਾਲਸਾ ਅਤੇ ਹੈਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਮੌਜੂਦ ਸਨ।

## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ ਭਰ 'ਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਲਾਗੂ

**ਬਰਨਾਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਆਈ.ਏ.ਐਸ. ਨੇ ਭਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਜ਼ਿਲ੍ਹਾ ਬਰਨਾਲਾ ਦੀ ਹੱਦ ਅੰਦਰ ਗੁਟਕਾ, ਪਾਨ ਮਸਾਲਾ ਤੇ ਖਾਣ-ਪੀਣ ਵਾਲੀਆਂ ਹੋਰ ਚੀਜ਼ਾਂ, ਜਿਨ੍ਹਾਂ ਵਿੱਚ ਤੰਬਾਕੂ ਤੇ ਨਿਕੋਟੀਨ ਹੋਵੇ ਜਾਂ ਨਸ਼ੀਲੇ ਪਦਾਰਥਾਂ ਤੋਂ ਬਣੇ ਵੱਖ-ਵੱਖ ਖਾਣ-ਪੀਣ ਵਾਲੀਆਂ ਵਸਤਾਂ ਜਾਂ ਕਿਸੇ ਹੋਰ ਢੰਗ ਨਾਲ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਵੱਖ-ਵੱਖ ਫਲੇਵਰਾਂ ਆਦਿ ਵਿੱਚ ਪਾ ਕੇ ਕਿਸੇ ਵੀ ਬਾਰ/ਹੁੱਕਾ ਬਾਰ, ਹੋਟਲ/ਰੈਸਟੋਰੈਂਟ ਆਦਿ ਵਿੱਚ ਆਉਣ ਵਾਲਿਆਂ ਨੂੰ ਵੇਚਣ/ਸਰਵ ਕਰਨ ਅਤੇ ਹੁੱਕਾ ਬਾਰ ਚਲਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ।

ਅਗਲੇ ਹੁਕਮਾਂ ਰਾਹੀਂ ਜ਼ਿਲ੍ਹਾ ਬਰਨਾਲਾ ਦੀਆਂ ਸੀਮਾਵਾਂ ਅੰਦਰ ਅਣ-ਅਧਿਕਾਰਤ ਆਵਾਜ਼ੀ ਪ੍ਰਦੂਸ਼ਣ ਵਾਲੇ ਯੰਤਰਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਮੈਰਿਜ ਪੈਲੇਸਾਂ/ਧਾਰਮਿਕ ਸਥਾਨਾਂ/ਆਮ ਲੋਕਾਂ ਦੁਆਰਾ ਸੱਭਿਆਚਾਰਕ/ਧਾਰਮਿਕ ਅਤੇ ਹੋਰ ਪ੍ਰੋਗਰਾਮਾਂ ਆਦਿ ਵਿੱਚ ਲਾਊਡ ਸਪੀਕਰਾਂ, ਆਰਕੈਸਟਰਾ ਅਤੇ ਆਵਾਜ਼ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਜਿਸ ਦੇ ਫਲਸਰੂਪ ਆਮ ਲੋਕਾਂ, ਮਾਨਸਿਕ ਰੋਗੀਆਂ ਅਤੇ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ 'ਤੇ ਮਾੜਾ ਅਸਰ ਪੈਂਦਾ ਹੈ। ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੋਆਇਜ਼ਜ) ਐਕਟ 1956 ਅਨੁਸਾਰ ਕੋਈ ਵੀ ਵਿਅਕਤੀ ਪੂਰਵ ਪ੍ਰਵਾਨਗੀ ਲਾਊਡ ਸਪੀਕਰਾਂ ਜਾਂ ਆਵਾਜ਼ੀ ਯੰਤਰਾਂ ਦੀ ਵਰਤੋਂ ਨਹੀਂ ਕਰ ਸਕਦਾ ਹੈ। ਜਿਸ ਵੀ ਮੈਰਿਜ ਪੈਲੇਸ, ਹੋਟਲ, ਰੈਸਟੋਰੈਂਟ ਜਾਂ ਆਮ ਲੋਕਾਂ ਨੇ ਲਾਊਡ ਸਪੀਕਰ ਲਗਾਉਣਾ ਹੋਵੇਗਾ, ਉਹ ਵੱਖਰੇ ਤੌਰ 'ਤੇ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਪਹਿਲਾਂ ਪ੍ਰਵਾਨਗੀ ਲੈਣਾ ਯਕੀਨੀ ਬਣਾਉਣਗੇ।

ਇਕ ਹੋਰ ਹੁਕਮ ਤਹਿਤ ਜ਼ਿਲ੍ਹਾ ਬਰਨਾਲਾ ਵਿੱਚ ਜੋ ਵੀ ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਬਣਾਉਣ ਦੇ ਚਾਹਵਾਨ ਹਨ ਜਾਂ ਜੋ ਮੈਰਿਜ ਪੈਲੇਸ, ਹੋਟਲ ਅਤੇ ਰੈਸਟੋਰੈਂਟ ਪਹਿਲਾਂ ਹੀ ਚੱਲ ਰਹੇ ਹਨ, ਉਨ੍ਹਾਂ ਦੇ ਮਾਲਕ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ। ਇਸ ਪ੍ਰਵਾਨਗੀ ਦੀ ਕਾਪੀ ਆਪੋ-ਆਪਣੇ ਹੋਟਲ, ਮੈਰਿਜ ਪੈਲੇਸ ਅਤੇ ਰੈਸਟੋਰੈਂਟ ਵਿੱਚ ਢੁਕਵੀਂ ਜਗ੍ਹਾ 'ਤੇ ਲਗਾਈ ਜਾਵੇ। ਕੋਈ ਵੀ ਮੈਜਿਸਟਰੇਟ ਜਾਂ ਪੁਲਿਸ ਅਧਿਕਾਰੀ, ਜੋ ਕਿ ਐਸ.ਐਚ.ਓ ਜਾਂ ਉਸ ਤੋਂ ਉਚ ਪਦ ਦਾ ਹੋਵੇ, ਕਿਸੇ ਸਮੇਂ ਵੀ ਇਨ੍ਹਾਂ ਦਾ ਨਿਰੀਖਣ ਕਰ ਸਕੇ।ਉਪਰੋਕਤ ਸਾਰੇ ਹੁਕਮ ਜ਼ਿਲ੍ਹੇ ਭਰ ਵਿੱਚ 18 ਜੁਲਾਈ 2025 ਤੱਕ ਲਾਗੂ ਰਹਿਣਗੇ।

## ਲੈਂਡ ਪੂਲਿੰਗ ਨੀਤੀ ਪੰਜਾਬ ਦੀ ਖੇਤੀਬਾੜੀ ਨੂੰ ਤਬਾਹ ਕਰ ਦੇਵੇਗੀ: ਵੜਿੰਗ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿਰੁੱਧ ਆਪਣਾ ਇਤਰਾਜ਼ ਦੁਹਰਾਉਂਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਇਹ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਤਬਾਹ ਕਰ ਦੇਵੇਗੀ। ਇਸ ਦੌਰਾਨ ਵੜਿੰਗ ਨੇ ਪਾਰਟੀ ਆਗੂਆਂ ਨੂੰ ਕਾਂਗਰਸ ਵਿੱਚ ਦੁਬਾਰਾ ਸ਼ਾਮਲ ਕਰਨ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਮੁੱਦੇ 'ਤੇ ਕੋਈ ਮਤਭੇਦ ਨਹੀਂ ਹਨ ਅਤੇ ਸਾਰਿਆਂ ਦਾ ਪਾਰਟੀ ਵਿੱਚ ਸਵਾਗਤ ਹੈ।

ਅੱਜ ਇੱਥੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੁੱਖ ਦਫ਼ਤਰ ਵਿਖੇ 'ਹਲਕਾ ਕੋਆਰਡੀਨੇਟਰਾਂ' ਦੀ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਇੱਕ ਗੈਰ-ਰਸਮੀ ਗੱਲਬਾਤ ਵਿੱਚ ਵੜਿੰਗ ਨੇ ਕਿਹਾ ਕਿ 'ਲੈਂਡ ਪੂਲਿੰਗ' ਨੀਤੀ ਸਿਰਫ ਪੈਸਾ ਇਕੱਠਾ ਕਰਨ ਦੇ ਉਦੇਸ਼ ਨਾਲ ਤਿਆਰ ਕੀਤੀ ਗਈ ਹੈ।

## ਖਾਲਸਾ ਸਕੂਲ ਖਰੜ ਵਿਚ 11ਵੀਂ ਕਲਾਸ ਦਾ ਦਾਖਲਾ ਖੁੱਲਾ: ਜਸਬੀਰ ਸਿੰਘ ਧਨੋਆ

**ਖਰੜ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ 10ਵੀਂ ਕਲਾਸ ਦੇ ਪਾਸ ਵਿਦਿਆਰਥੀ ਅਤੇ ਇਲਾਕੇ ਦੇ ਵਿਦਿਆਰਥੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ 11ਵੀਂ ਸ਼੍ਰੇਣੀ ਵਿਚ ਦਾਖਲਾ ਲੈ ਸਕਦੇ ਹਨ ਅਤੇ ਇਹ ਦਾਖਲਾ 15 ਜੁਲਾਈ ਤੱਕ ਖੁੱਲਾ ਹੈ, ਦਾਖਲੇ ਲਈ ਸਕੂਲ ਕੈਂਪਸ ਵਿਚ ਬਕਾਇਦਾ ਤੌਰ ਤੇ ਅਧਿਆਪਕਾਂ ਦੀਆਂ ਡਿਊਟੀਆਂ ਲਗਾਈਆਂ ਹੋਈਆਂ ਹਨ। ਇਹ ਜਾਣਕਾਰੀ ਦਿੰਦਿਆ ਸਕੂਲ ਦੇ ਪ੍ਰਿੰਸੀਪਲ ਜਸਬੀਰ ਸਿੰਘ ਧਨੋਆ ਨੇ ਦਸਿਆ ਕਿ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਚ ਮੈਡੀਕਲ, ਨਾਨ ਮੈਡੀਕਲ ਤੇ ਆਰਟਸ ਗਰੁੱਪ ਸਕੂਲ ਦੀ ਖੁੱਲ੍ਹੀ ਹਵਦਾਰ ਤੇ ਸ਼ਾਨਦਾਰ ਇਮਾਰਤ, ਲਾਇਬ੍ਰੇਰੀ ਤੇ ਕੰਪਿਊਟਰ ਸਿੱਖਿਆ, ਬੈਡਮਿੰਟਨ, ਵਾਲੀਬਾਲ ਦੇ ਲਈ ਆਸਟ੍ਰੋਟਰਡ ਮੈਦਾਨ, ਧਾਰਮਿਕ ਤੇ ਨੈਤਿਕ ਸਿੱਖਿਆ, ਗਰੀਬ ਵਿਦਿਆਰਥੀਆਂ ਲਈ ਖਾਸ ਰਿਆਇਤਾਂ, ਓਪਨ ਸਿੱਖਿਆ ਪ੍ਰਣਾਲੀ ਸਮੇਤ ਹੋਰ ਸਹੂਲਤਾਂ ਉਪਲਬਧ ਹਨ। ਉਨ੍ਹਾਂ ਇਲਾਕੇ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਵਿਚ ਦਾਖਲਾ ਲੈਣ।



## ਅਧਿਆਪਕ ਤੇ ਹਾਊਸ ਕੀਪਿੰਗ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ 7 ਜੂਨ ਨੂੰ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 7 ਜੂਨ ਨੂੰ ਸਵੇਰੇ 10 ਵਜੇ ਖ਼ਾਲਸਾ ਇੰਟਰਪ੍ਰਾਈਜ਼ਜ਼ 'ਚ ਹਾਊਸ ਕੀਪਿੰਗ ਦੀਆਂ 100 ਅਸਾਮੀਆਂ ਤੇ ਜੀ.ਸੀ.ਐਮ ਕਾਨਵੈਂਟ ਸਕੂਲ ਕਡਿਆਲ ਵਿਖੇ ਪੋਸਟ ਗਰੈਜੂਏਟ ਟੀਚਰ ਕਾਮਰਸ ਦੀਆਂ ਦੋ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਇਸ ਸਬੰਧੀ ਵਿਸਥਾਰਪੂਰਵਕ ਵੇਰਵੇ ਦਿੰਦਿਆਂ ਦੱਸਿਆ ਕਿ ਹਾਊਸ ਕੀਪਿੰਗ ਦੀ ਅਸਾਮੀ ਲਈ ਵਿੱਦਿਆ ਯੋਗਤਾ ਪੰਜਵੀਂ ਪਾਸ ਉਮਰ 18 ਸਾਲ ਤੋਂ ਵੱਧ ਲਈ ਮਹਿਲ ਅਤੇ ਪੁਰਸ਼ ਅਪਲਾਈ ਕਰ ਸਕਦੇ ਹਨ। ਇਸੇ ਤਰ੍ਹਾਂ ਪੋਸਟ ਗਰੈਜੂਏਟ ਟੀਚਰ ਕਾਮਰਸ ਦੀ ਅਸਾਮੀ ਲਈ ਬੀ.ਏ., ਐਮ.ਏ., ਐਮ.ਐਸ.ਸੀ., ਬੀ.ਕਾਮ, ਐਮ ਕਾਮ ਅਤੇ ਬੀ.ਐਡ ਹੋਣੀ ਲਾਜ਼ਮੀ ਹੈ। ਇਸ ਲਈ ਉਮਰ 20 ਤੋਂ 45 ਸਾਲ ਦੀ ਹੈ।

ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਉਕਤ ਦੋਵੇਂ ਅਸਾਮੀ ਲਈ ਪਲੇਸਮੈਂਟ 'ਚ ਭਾਗ ਲੈਣ ਲਈ ਉਮੀਦਵਾਰ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜਿਊਮੇ ਨਾਲ ਲੈ ਕੇ ਮਿਤੀ 7 ਜੂਨ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ-ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ ਪਟਿਆਲਾ ਵਿਖੇ ਆ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ 98776-10877 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡੀ.ਜੀ.ਪੀ. ਨੇ ਏਐਂਨਟੀਐੱਫ ਪਟਿਆਲਾ ਰੇਂਜ ਦੀ ਨਵੀਂ ਇਮਾਰਤ ਦਾ ਕੀਤਾ ਉਦਘਾਟਨ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਚ ਪੰਜਾਬ ਡੀਜੀਪੀ ਵੱਲੋਂ ਏਐਂਨਟੀਐੱਫ ਦੀ ਪਟਿਆਲਾ ਰੇਂਜ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਗਿਆ। ਇਸ ਇਮਾਰਤ ਦਾ ਉਦਘਾਟਨ ਖੁਦ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਇਮਾਰਤ ਪੰਜਾਬ ਪੁਲਸ ਦੇ ਅਟੁੱਟ ਇਰਾਦਿਆਂ ਨੂੰ ਦਰਸਾਉਂਦੀ ਹੈ। ਉਨ੍ਹਾਂ ਆਪਣੇ ਟਵੀਟ ਵਿਚ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਪੁਲਸ ਲਾਈਨਜ਼ ਪਟਿਆਲਾ ਵਿਖੇ ਨਵੀਂ ਬਣੀ ANTF PatialaRange ਇਮਾਰਤ ਦਾ ਉਦਘਾਟਨ ਕੀਤਾ ਗਿਆ, ਜੋ ਕਿ ਇੱਕ ਉੱਨਤ ਸਹੂਲਤ ਜੋ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਾਡੇ ਅਟੁੱਟ ਇਰਾਦੇ ਨੂੰ ਦਰਸਾਉਂਦੀ ਹੈ। ਦੋ ਮੰਜ਼ਿਲਾ ਇਮਾਰਤ 6800 ਵਰਗ ਫੁੱਟ ਦੇ ਫਲੋਰ ਏਰੀਆ ਨੂੰ ਕਵਰ ਕਰਦੀ ਹੈ ਜਿਸਨੂੰ ਹੋਰ ਵਧਾਇਆ ਜਾਵੇਗਾ ਅਤੇ ਇਸਨੂੰ 1 ਕਰੋੜ ਦੀ ਲਾਗਤ ਨਾਲ ਬਣਾਇਆ ਗਿਆ ਹੈ। ਅਤਿ-ਆਧੁਨਿਕ ਫੋਰੈਂਸਿਕ ਟੂਲਸ, ਡੇਟਾ ਵਿਸ਼ਲੇਸ਼ਣ ਪ੍ਰਣਾਲੀਆਂ, ਫੋਰੈਂਸਿਕ ਡੇਟਾ ਐਕਸਟਰੈਕਸ਼ਨ ਅਤੇ ਡੀਕ੍ਰਿਪਸ਼ਨ ਸਮਰੱਥਾਵਾਂ ਅਤੇ ਕ੍ਰਿਪਟੋਕਰੰਸੀ ਜਾਂਚ ਉਪਕਰਣਾਂ ਨਾਲ ਲੈਸ, ਇਹ ਅਤਿ-ਆਧੁਨਿਕ ਕੰਪੋਜ਼ਿਟ ਯੂਨਿਟ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਨੂੰ ਖਤਮ ਕਰਨ ਲਈ ਸਮਰਪਿਤ ਹੈ। ਇਹਨਾਂ ਸਰੋਤਾਂ ਦੀ ਪ੍ਰਭਾਵਸ਼ੀਲਤਾ ਨੂੰ ਵੱਧ ਤੋਂ ਵੱਧ ਕਰਨ ਲਈ ਹੁਨਰਮੰਦ ਤਕਨੀਕੀ ਮਾਹਿਰਾਂ ਦੀ ਇੱਕ ਸਮਰਪਿਤ ਟੀਮ ਤਾਇਨਾਤ ਕੀਤੀ ਗਈ ਹੈ, ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਅਪਰਾਧਿਕ ਨੈੱਟਵਰਕ ਪੰਜਾਬ ਵਿੱਚ ਸਜ਼ਾ ਤੋਂ ਬਚਿਆ ਨਾ ਰਹਿ ਸਕੇ। ਤੇਜ਼ ਪ੍ਰਤੀਕਿਰਿਆ ਅਤੇ ਕਾਰਜਸ਼ੀਲ ਗਤੀਸ਼ੀਲਤਾ ਨੂੰ ਵਧਾਉਣ ਲਈ, ਯੂਨਿਟ ਨੂੰ ਨਵੇਂ ਵਾਹਨਾਂ ਨਾਲ ਵੀ ਮਜ਼ਬੂਤ ਕੀਤਾ ਗਿਆ ਹੈ, ਜੋ ਤੇਜ਼ ਤੇ ਫੈਸਲਾਕੁੰਨ ਫੀਲਡ ਕਾਰਵਾਈ ਨੂੰ ਸਮਰੱਥ ਬਣਾਉਂਦੇ ਹਨ।

## ਜਥੇਬੰਦੀ ਦੀ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ; ਪਟਿਆਲਾ ਵਿਖੇ 10 ਨੂੰ ਤੇ ਮੁਹਾਲੀ ਵਿੱਚ 20 ਨੂੰ ਰੋਸ ਧਰਨੇ ਦੇਣ ਦਾ ਐਲਾਨ



**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਜਿ: ਇੱਕ ਭਰਵੀਂ ਇਕੱਤਰਤਾ ਨਹਿਰੂ ਪਾਰਕ ਵਿੱਚ ਜੰਗਲਾਤ ਵਿਭਾਗ ਦੇ ਵਣ ਮੰਡਲ ਪਟਿਆਲਾ ਦੇ ਕਿਰਤੀ ਕਾਮਿਆਂ ਦੇ ਨਾਲ ਜਿਲਾ ਪ੍ਰਧਾਨ ਸ੍ਰੀ ਵੀਰਪਾਲ ਸਿੰਘ ਲੂੰਬਾ ਅਤੇ ਸ੍ਰੀ ਬਲਵੀਰ ਸਿੰਘ ਮੰਡੋਲੀ ਤੇ ਮੀਤ ਪ੍ਰਧਾਨ ਮੇਜਰ ਸਿੰਘ ਬਰੇੜ ਦੀ ਰਹਿਨੁਮਾਈ ਹੇਠ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਵਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨੇ ਪਿਛਲੇ ਚਾਰ ਮਹੀਨਿਆਂ ਤੋਂ ਫੰਡਜ਼ ਜਾਰੀ ਨਹੀਂ ਕੀਤੇ। ਜਿਸ ਕਰਕੇ ਵਣ ਵਿਭਾਗ ਕਿਰਤੀ ਵਰਕਰਾਂ ਨੂੰ ਫਰਵਰੀ, ਮਾਰਚ ਅਤੇ ਅਪ੍ਰੈਲ, ਮਈ 2025 ਦੀ ਤਨਖਾਹ ਨਹੀਂ ਦਿੱਤੀ ਗਈ। ਜਿਸ ਕਰਕੇ ਸਮੂਹ ਕਿਰਤੀ ਵਰਕਰਾਂ ਨੂੰ ਆਪਣੇ ਘਰਾਂ ਦਾ ਗੁਜਾਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਕਾਮੇ ਆਪਣੀਆਂ ਜਰੂਰੀ ਲੋੜਾਂ ਪੂਰੀਆਂ ਕਰਨ ਤੋਂ ਵਾਂਝੇ ਰਹਿ ਰਹੇ ਹਨ। ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ 10 ਜੂਨ 2025 ਨੂੰ ਦਫਤਰ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਇੱਕ ਮੈਮੋਰੰਡਮ ਦੇ ਕੇ ਅਗਲਾ ਸੂਬਾ ਪੱਧਰੀ ਰੋਸ ਧਰਨਾ ਪੰਜਾਬ ਦੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਅ ਵਿਭਾਗ ਪੰਜਾਬ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਮੁੱਖ ਦਫਤਰ ਅੱਗੇ ਵਣ ਕੰਪਲੈਕਸ ਸੈਕਟਰ 68 ਮੁਹਾਲੀ ਵਿਖੇ ਮਿਤੀ 20 ਜੂਨ 2025 ਨੂੰ ਦਿੱਤਾ ਜਾਵੇਗਾ। ਵਰਕਰਾਂ ਦੀ ਭਾਵਿਖ ਦੀ ਨਿਜੀ ਜਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਬੰਧਕੀ ਅਮਲਾ ਵਣ ਵਿਭਾਗ ਦੀ ਹੋਵੇਗੀ। ਬਹੁਤ ਸਾਰੇ ਕਾਮਿਆਂ ਤੋਂ ਲਗਾਤਾਰ ਕੰਮ ਲਿਆ ਜਾ ਰਿਹਾ, ਤਨਖਾਹਾਂ ਨਹੀਂ ਦਿੱਤੀਆ ਜਾ ਰਹੀਆਂ ਤੇ ਵਰਕਰਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਜਿਸ ਕਰਕੇ ਕਾਮੇ ਵਿਭਾਗ ਦੇ ਮੰਤਰੀ ਤੇ ਪੰਜਾਬ ਸਰਕਾਰ ਵਿਰੁੱਧ ਮੁਜਾਹਰਾ ਕਰਨ ਲਈ ਮਜਬੂਰ ਹਨ। ਇਸ ਰੋਸ ਧਰਨੇ ਵਿੱਚ ਹਰ ਕਿਰਤੀ ਕਾਮੇ ਪਹੁੰਚਣਾ ਜਰੂਰੀ ਹੈ ਤਾਂ ਕਿ ਆਪਣੇ ਹੱਕ ਦੀ ਅਵਾਜ ਸਰਕਾਰ ਤੱਕ ਪਹੁੰਚਾ ਸਕੀਏ।

ਇਸ ਮੌਕੇ ਮਨਤੇਜ਼ ਸਿੰਘ ਸੱਤ, ਮੁਹਾਲੀ, ਕੁਲਵੰਤ ਸਿੰਘ ਥੂਹੀ ਨਾਭਾ, ਪਰਮਜੀਤ ਕੌਰ ਮਹਾਦੀਆਂ ਜਿਲ੍ਹਾ ਫਤਿਹਗੜ੍ਹ, ਹਰਚਰਨ ਸਿੰਘ ਬਦੋਛੀ ਸਰਹਿੰਦ, ਬੇਅੰਤ ਸਿੰਘ ਭਾਦਸੋਂ ਲਾਜੋ ਮੇਜਰ, ਰਾਮ ਕ੍ਰਿਸ਼ਨ ਸਮਾਣਾ, ਹਰਪ੍ਰੀਤ ਸਿੰਘ ਲੋਚਮਾ ਰਾਜਪੁਰਾ, ਸਿਆਮ ਖਮਾਣੋ, ਭੁਪਿੰਦਰ ਸਿੰਘ (ਫ.ਗ.ਸ), ਕੁਲਵਿੰਦਰ ਸਿੰਘ ਖਾਨਪੁਰ, ਗੁਰਮੇਲ ਸਿੰਘ, ਕਰਨੈਲ ਸਿੰਘ ਤੋਂ ਇਲਾਵਾ ਸਾਥੀ ਵਰਕਰ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ ਪਹੁੰਚੇ।

## ਲੌਰਿਟਜ਼ ਨੂਡਸਨ ਇਲੈਕਟ੍ਰੀਕਲ ਐਂਡ ਆਟੋਮੇਸ਼ਨ (ਪਹਿਲਾਂ L&T ਸਵਿੱਚਗੀਅਰ) ਨੇ enConnect - ਇੱਕ ਸਹਿਜ ਘਰੇਲੂ ਆਟੋਮੇਸ਼ਨ ਹੱਲ ਲਾਂਚ ਕੀਤਾ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੌਰਿਟਜ਼ ਨੂਡਸਨ ਇਲੈਕਟ੍ਰੀਕਲ ਐਂਡ ਆਟੋਮੇਸ਼ਨ (ਪਹਿਲਾਂ L&T ਸਵਿੱਚਗੀਅਰ ਵਜੋਂ ਜਾਣਿਆ ਜਾਂਦਾ ਸੀ), ਇਲੈਕਟ੍ਰੀਕਲ ਅਤੇ ਆਟੋਮੇਸ਼ਨ ਸਪੇਸ ਵਿੱਚ ਭਾਰਤ ਦੇ ਮੋਹਰੀ, ਨੇ ਆਪਣਾ ਨਵੀਨਤਮ ਸਮਾਰਟ ਹੋਮ ਪਲੇਟਫਾਰਮ enConnect ਲਾਂਚ ਕੀਤਾ ਹੈ। ਇਹ ਅਤਿ-ਆਧੁਨਿਕ ਹੱਲ ਘਰਾਂ ਨੂੰ ਇੱਕ ਸਮਾਰਟ, ਜੁੜੇ ਅਤੇ ਸਹਿਜ ਰਹਿਣ ਵਾਲੀ ਜਗ੍ਹਾ ਵਿੱਚ ਬਦਲਣ ਲਈ ਤਿਆਰ ਕੀਤਾ ਗਿਆ ਹੈ। ਪਲੇਟਫਾਰਮ ਘਰ ਦੇ ਹਰ ਪਹਿਲੂ ਨੂੰ ਆਸਾਨੀ ਨਾਲ ਪ੍ਰਬੰਧਿਤ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ, ਸਹੂਲਤ, ਆਰਾਮ ਅਤੇ ਸੁਰੱਖਿਆ ਨੂੰ ਵਧਾਉਂਦਾ ਹੈ। ਨਰੇਸ਼ ਕੁਮਾਰ, ਸੀਓਓ, ਲੌਰਿਟਜ਼ ਨੂਡਸਨ ਇਲੈਕਟ੍ਰੀਕਲ ਐਂਡ ਆਟੋਮੇਸ਼ਨ ਨੇ ਕਿਹਾ, ਭਾਰਤ ਵਿੱਚ ਸਰਲ, ਅਨੁਭਵੀ ਅਤੇ ਉਪਭੋਗਤਾ-ਅਨੁਕੂਲ ਸਮਾਰਟ ਘਰੇਲੂ ਹੱਲਾਂ ਦੀ ਮੰਗ ਤੇਜ਼ੀ ਨਾਲ ਵੱਧ ਰਹੀ ਹੈ।




enConnect ਦੇ ਨਾਲ, ਅਸੀਂ ਇੱਕ ਸੂਝਵਾਨ ਪਰ ਪਹੁੰਚਯੋਗ ਘਰੇਲੂ ਆਟੋਮੇਸ਼ਨ ਪਲੇਟਫਾਰਮ ਦੀ ਪੇਸ਼ਕਸ਼ ਕਰਕੇ ਇਸ ਮਾਰਕੀਟ ਦੀ ਜ਼ਰੂਰਤ ਨੂੰ ਪੂਰਾ ਕਰ ਰਹੇ ਹਾਂ। ਸਾਡਾ ਟੀਚਾ ਸਾਰੇ ਘਰਾਂ ਦੇ ਮਾਲਕਾਂ ਲਈ ਆਧੁਨਿਕ, ਜੁੜੇ ਰਹਿਣ ਨੂੰ ਹਕੀਕਤ ਬਣਾਉਣਾ ਹੈ, ਸਹਿਜ ਏਕੀਕਰਨ, ਵਧੀ ਹੋਈ ਸੁਰੱਖਿਆ ਅਤੇ ਊਰਜਾ ਕੁਸ਼ਲਤਾ ਨੂੰ ਯਕੀਨੀ ਬਣਾਉਣਾ। ਉਸਨੇ ਅੱਗੇ ਕਿਹਾ: ਅਸੀਂ ਇੱਕ ਅਜਿਹੇ ਭਵਿੱਖ ਦੀ ਕਲਪਨਾ ਕਰਦੇ ਹਾਂ ਜਿੱਥੇ ਤਕਨਾਲੋਜੀ ਸਾਡੇ ਜੀਵਨ ਦਾ ਇੱਕ ਸਹਿਜ ਹਿੱਸਾ ਬਣ ਜਾਂਦੀ ਹੈ, ਸਾਡੇ ਆਰਾਮ ਨੂੰ ਵਧਾਉਂਦੀ ਹੈ ਅਤੇ ਰੁਟੀਨ ਨੂੰ ਸਰਲ ਬਣਾਉਂਦੀ ਹੈ। ਐਨਕਨੈਕਟ ਸਿਰਫ਼ ਇੱਕ ਉਤਪਾਦ ਨਹੀਂ ਹੈ, ਇਹ ਆਧੁਨਿਕ ਜੀਵਨ ਸ਼ੈਲੀ ਦੀ ਇੱਕ ਨਵੀਂ ਪਰਿਭਾਸ਼ਾ ਹੈ। ਮਾਰਕਿਟਸ ਐਂਡ ਮਾਰਕਿਟਸ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਦਾ ਸਮਾਰਟ ਹੋਮ ਬਾਜ਼ਾਰ 2020 ਵਿੱਚ 1.4 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 2025 ਤੱਕ 6.4 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ।

## ਪੀਰ ਬਾਬ ਚਿਰੰਗੀ ਸ਼ਾਹ ਜੀ ਦਾ 49ਵਾਂ ਸਲਾਨਾ ਮੇਲਾ ਅੱਜ

**ਸੁਨਾਮ, 7 ਜੂਨ/**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀਰ ਬਾਬ ਚਿਰੰਗੀ ਸ਼ਾਹ ਜੀ ਦਾ 49ਵਾਂ ਸਲਾਨਾ ਮੇਲਾ ਅੱਜ ਬਾਬਾ ਜੀ ਦੇ ਦਰਬਾਰ ਤੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਭੰਡਾਰੇ ਅਤੁਤ ਵਰਤਣਗੇ ਮੇਥੇ ਦਾ ਪ੍ਰਸ਼ਾਦ ਵੀ ਦੇਰ ਰਾਤ ਤੱਕ ਉਸ ਵਰਤੇਗਾ ਤੇ ਚਾਰ ਤਾਰੀਖ ਦਿਨ ਬੁੱਧਵਾਰ ਨੂੰ ਬਾਬਾ ਜੀ ਦੇ ਦਰਬਾਰ ਤੇ ਸੂਫੀ ਕਲਾਕਾਰ ਲਵਜੀਤ ਖਾਨ ਜੀ ਪਹੁੰਚ ਰਹੇ ਨੇ ਜੋ ਆਪਣੀ ਕਵਾਲੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਸਮੂਹ ਸ਼ਹਿਰ ਨਿਵਾਸੀਆਂ ਨੂੰ ਬੇਨਤੀ ਹੈ ਕਿ ਬਾਬਾ ਜੀ ਦੇ ਦਰਬਾਰ ਤੇ ਚਾਰ ਅਤੇ ਪੰਜ ਤਰੀਕ ਨੂੰ ਪਹੁੰਚੋ ਬਾਬਾ ਜੀ ਦੇ ਮੇਲੇ ਦੀ ਰੌਣਕ ਨੂੰ ਵਧਾਓ।

# ਤਿੰਨ ਦਹਾਕਿਆਂ ਦੀ ਉਡੀਕ ਮੁੱਕੀ, ਪ੍ਰਧਾਨ ਮੰਤਰੀ ਮੋਦੀ ਵਿਸ਼ਵ ਦੇ ਸਭ ਤੋਂ ਉੱਚੇ ਰੇਲਵੇ ਪੁਲ ਦਾ ਉਦਘਾਟਨ

## ਪਾਕਿਸਤਾਨ ਨੇ ਇਨਸਾਨੀਅਤ ਅਤੇ ਕਸ਼ਮੀਰੀਅਤ 'ਤੇ ਹਮਲਾ ਕੀਤਾ: ਮੋਦੀ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅੱਜ ਜੰਮੂ ਕਸ਼ਮੀਰ ਦੀ ਆਪਣੀ ਫੇਰੀ ਦੌਰਾਨ ਵਿਸ਼ਵ ਦੇ ਸਭ ਤੋਂ ਉੱਚੇ ਰੇਲਵੇ ਆਰਕ ਪੁਲ 'ਚਨਾਬ ਪੁਲ' ਦਾ ਉਦਘਾਟਨ ਕੀਤਾ ਗਿਆ। ਪਹਿਲਗਾਮ ਦਹਿਸ਼ਤੀ ਹਮਲੇ ਤੇ Operation Sindoor ਤਹਿਤ ਭਾਰਤੀ ਫੌਜ ਦੀ ਜਵਾਬੀ ਕਾਰਵਾਈ ਮਗਰੋਂ ਪ੍ਰਧਾਨ ਮੰਤਰੀ ਦਾ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਇਹ ਪਹਿਲਾ ਦੌਰਾ ਹੈ। ਸ੍ਰੀ ਮੋਦੀ ਪਹਿਲੀ ਦਿੱਲੀ-ਸ਼੍ਰੀਨਗਰ ਵੰਦੇ ਭਾਰਤ ਐਕਸਪ੍ਰੈਸ ਨੂੰ ਹਰੀ ਝੰਡੀ ਦਿਖਾਈ। ਇਹ ਪਹਿਲੀ ਰੇਲਗੱਡੀ ਹੈ ਜੋ ਵਾਦੀ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਦੀ ਹੈ। ਪ੍ਰਧਾਨ ਮੰਤਰੀ ਦੇ ਦੌਰ ਤੋਂ ਪਹਿਲਾਂ ਇਹਤਿਆਤ ਵਜੋਂ ਕੱਟੜਾ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।



ਚਨਾਬ ਦਰਿਆ ਉੱਤੇ 359 ਮੀਟਰ (1,178 ਫੁੱਟ) ਦੀ ਉਚਾਈ 'ਤੇ ਬਣਿਆ ਇਹ ਪੁਲ ਪੈਰਿਸ ਦੇ ਆਈਫਲ ਟਾਵਰ ਤੋਂ 35 ਮੀਟਰ ਉੱਚਾ ਹੈ। ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿੱਚ ਬੱਕਲ ਅਤੇ ਕੌੜੀ ਵਿਚਕਾਰ ਬਣਿਆ ਆਰਕ ਪੁਲ ਦਰਿਆ ਦੇ ਤਲ ਤੋਂ 1,178 ਫੁੱਟ ਉੱਚਾ ਹੈ, ਜੋ ਕੱਟੜਾ ਤੋਂ ਬਨੀਹਾਲ ਤੱਕ ਇੱਕ ਮਹੱਤਵਪੂਰਨ ਲਿੰਕ ਹੈ। ਇਹ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਿੰਕ (USBRL) ਦਾ ਹਿੱਸਾ ਹੈ, ਜੋ 35000 ਕਰੋੜ ਰੁਪਏ ਦਾ ਸੁਪਨਮਈ ਪ੍ਰੋਜੈਕਟ ਹੈ। ਪੁਲ ਨੇ ਸਾਰੇ ਲਾਜ਼ਮੀ ਟੈਸਟ ਪਾਸ ਕਰ ਲਏ ਹਨ।

ਜੰਮੂ ਅਤੇ ਕਸ਼ਮੀਰ ਦੇ ਲੋਕਾਂ ਨੂੰ ਦੋ ਦਹਾਕਿਆਂ ਦੀ ਉਡੀਕ ਮਗਰੋਂ ਇਹ ਪੁਲ ਮਿਲਿਆ ਹੈ। ਇਹ ਪ੍ਰੋਜੈਕਟ 2003 ਵਿੱਚ ਮਨਜ਼ੂਰ ਹੋਇਆ ਸੀ ਪਰ ਸਥਿਰਤਾ ਅਤੇ ਸੁਰੱਖਿਆ ਦੇ ਡਰ ਕਾਰਨ ਪ੍ਰਾਜੈਕਟ ਦੇਰੀ ਨਾਲ ਸ਼ੁਰੂ ਹੋਇਆ। ਸਾਲ 2008 ਵਿੱਚ ਰੇਲਵੇ ਪੁਲ ਦੇ ਨਿਰਮਾਣ ਦਾ ਠੇਕਾ ਦਿੱਤਾ ਗਿਆ ਸੀ। ਪੁਲ ਦੀ ਸਥਿਰਤਾ ਅਤੇ ਸੁਰੱਖਿਆ ਦੀ ਜਾਂਚ ਕਰਨ ਲਈ ਕੀਤੇ ਗਏ ਟੈਸਟਾਂ ਵਿੱਚ ਉੱਚ-ਰਫ਼ਤਾਰ ਵਾਲੀਆਂ ਹਵਾਵਾਂ ਦੀ ਜਾਂਚ, ਸਿਖਰਲੇ ਤਾਪਮਾਨ ਦੀ ਜਾਂਚ, ਭੂਚਾਲ-ਸੰਭਾਵੀ ਟੈਸਟ ਅਤੇ ਪਾਣੀ ਦੇ ਪੱਧਰ ਵਿੱਚ ਵਾਧੇ ਕਾਰਨ ਹਾਈਡ੍ਰੋਲੋਜੀਕਲ ਪ੍ਰਭਾਵ ਸ਼ਾਮਲ ਹਨ। ਉਦਘਾਟਨ ਮਗਰੋਂ ਇਹ ਪੁਲ 260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਹਵਾਵਾਂ ਦਾ ਸਾਹਮਣਾ ਕਰਨ ਦੇ ਯੋਗ ਹੋਵੇਗਾ ਅਤੇ ਇਸ ਦੀ ਉਮਰ 120 ਸਾਲ ਹੋਵੇਗੀ।

ਇਸ ਪੁਲ ਰਾਹੀਂ ਪਹਿਲੀ ਯਾਤਰੀ ਰੇਲਗੱਡੀ ਦਿੱਲੀ ਤੋਂ ਚੱਲੇਗੀ ਅਤੇ ਕੱਟੜਾ ਰਾਹੀਂ ਸ੍ਰੀਨਗਰ ਪਹੁੰਚੇਗੀ, ਜੋ ਕਿ ਮਾਤਾ ਵੈਸ਼ਨੋ ਦੇਵੀ ਤੀਰਥ ਦਾ ਅਧਾਰ ਹੈ। ਭਾਵੇਂ ਕਿ ਕਸ਼ਮੀਰ ਘਾਟੀ ਨੂੰ ਰੇਲ ਰਾਹੀਂ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਦਾ ਵਿਚਾਰ 1970 ਦੇ ਦਹਾਕੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਪੇਸ਼ ਕੀਤਾ ਗਿਆ ਸੀ, ਪਰ ਇਸ ਪ੍ਰੋਜੈਕਟ ਨੂੰ 1994 ਵਿੱਚ ਉਨ੍ਹਾਂ ਦੇ ਉੱਤਰਾਧਿਕਾਰੀ ਪੀ.ਵੀ. ਨਰਸਿਮਹਾ ਰਾਓ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਅਧਿਕਾਰਤ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਗਈ ਸੀ। ਰੇਲਵੇ ਲਿੰਕ 'ਤੇ ਗੰਭੀਰਤਾ ਨਾਲ ਕੰਮ 2002 ਵਿੱਚ ਸ਼ੁਰੂ ਹੋਇਆ ਸੀ, ਜਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ ਲਈ ਫੰਡ ਮਨਜ਼ੂਰ ਕੀਤੇ ਸਨ।

ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਸਕੂਲ ਵਿੱਚ ਪੜ੍ਹਦੇ ਸਮੇਂ ਤੋਂ ਹੀ ਕਸ਼ਮੀਰ ਜਾਣ ਵਾਲੀ ਰੇਲਗੱਡੀ ਬਾਰੇ ਸੁਣਦੇ ਆ ਰਹੇ ਸਨ। ਅਬਦੁੱਲਾ ਨੇ ਕੱਟੜਾ ਰੇਲਵੇ ਸਟੇਸ਼ਨ 'ਤੇ ਪੱਤਰਕਾਰਾਂ ਨੂੰ ਦੱਸਿਆ, "ਜੇ ਮੈਂ ਇਹ ਕਹਾਂ ਕਿ ਮੈਂ ਇਸ ਦਿਨ ਦੀ ਬਹੁਤ ਸਮੇਂ ਤੋਂ ਉਡੀਕ ਕਰ ਰਿਹਾ ਸੀ, ਤਾਂ ਇਸ ਵਿਚ ਕੁਝ ਵੀ ਗ਼ਲਤ ਨਹੀਂ ਹੈ। ਇਹ ਪ੍ਰੋਜੈਕਟ ਉਦੋਂ ਸ਼ੁਰੂ ਹੋਇਆ ਸੀ ਜਦੋਂ ਮੈਂ ਸਕੂਲ ਵਿੱਚ ਸੀ, ਸ਼ਾਇਦ 7ਵੀਂ ਜਾਂ 8ਵੀਂ ਜਮਾਤ ਵਿੱਚ। ਅੱਜ, ਮੇਰੇ ਬੱਚਿਆਂ ਨੇ ਵੀ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ ਅਤੇ ਹੁਣ ਕੰਮ ਕਰ ਰਹੇ ਹਨ।"

ਪੀਆਈਬੀ ਵੱਲੋਂ ਜਾਰੀ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਊਧਮਪੁਰ-ਸ਼੍ਰੀਨਗਰ-ਬਾਰਾਮੂਲਾ ਰੇਲ ਲਿੰਕ (USBRL) ਆਜ਼ਾਦ ਭਾਰਤ ਵਿੱਚ ਕੀਤੇ ਗਏ ਸਭ ਤੋਂ ਅਹਿਮ ਰੇਲਵੇ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 272 ਕਿਲੋਮੀਟਰ ਲੰਮੇ ਹਿਮਾਲਿਆ ਵਿੱਚੋਂ ਲੰਘਦੇ ਹੋਏ, ਇਹ ਪ੍ਰੋਜੈਕਟ 43,780 ਕਰੋੜ ਰੁਪਏ ਵਿੱਚ ਬਣਾਇਆ ਗਿਆ ਹੈ। ਇਸ ਪ੍ਰੋਜੈਕਟ ਵਿੱਚ 119 ਕਿਲੋਮੀਟਰ ਤੱਕ ਫੈਲੀਆਂ 36 ਸੁਰੰਗਾਂ ਅਤੇ 943 ਪੁਲ ਸ਼ਾਮਲ ਹਨ ਜੋ ਘਾਟੀਆਂ, ਪਹਾੜੀਆਂ ਅਤੇ ਪਹਾੜੀ ਰਸਤਿਆਂ ਨੂੰ ਆਪਸ ਵਿੱਚ ਜੋੜਦੇ ਹਨ।

# ਸੇਬੀ ਵੱਲੋਂ ਮੇਹੁਲ ਚੋਕਸੀ ਦੇ ਖਾਤੇ ਕੁਰਕ ਕਰਨ ਦਾ ਹੁਕਮ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਰੈਗੂਲੇਟਰ ਸੇਬੀ ਨੇ ਗੀਤਾਂਜਲੀ ਜੇਮਜ਼ ਦੇ ਸ਼ੇਅਰਾਂ ਵਿੱਚ ਅੰਦਰੂਨੀ ਵਪਾਰ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੇ ਬੈਂਕ ਖਾਤਿਆਂ, ਸ਼ੇਅਰਾਂ ਅਤੇ ਮਿਊਚੁਅਲ ਫੰਡ ਹੋਲਡਿੰਗਜ਼ ਨੂੰ ਜ਼ਬਤ ਕਰਨ ਦਾ ਹੁਕਮ ਦਿੱਤਾ ਹੈ। ਇਹ ਤਾਜ਼ਾ ਕਦਮ 15 ਮਈ ਨੂੰ ਚੋਕਸੀ ਨੂੰ ਜਾਰੀ ਕੀਤੇ ਗਏ ਇੱਕ ਡਿਮਾਂਡ ਨੋਟਿਸ ਤੋਂ ਬਾਅਦ ਆਇਆ ਹੈ। ਨੋਟਿਸ ਵਿੱਚ 15 ਦਿਨਾਂ ਦੇ ਅੰਦਰ ਭੁਗਤਾਨ ਕਰਨ 'ਚ



ਅਸਫਲ ਰਹਿਣ 'ਤੇ ਜਾਇਦਾਦਾਂ ਦੇ ਨਾਲ-ਨਾਲ ਬੈਂਕ ਖਾਤਿਆਂ ਨੂੰ ਵੀ ਜ਼ਬਤ ਕਰਨ ਦੀ ਚੇਤਾਵਨੀ ਦਿੱਤੀ ਗਈ ਸੀ।

ਚੋਕਸੀ, ਜੋ ਕਿ ਗੀਤਾਂਜਲੀ ਜੇਮਜ਼ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਦੇ ਨਾਲ-ਨਾਲ ਪ੍ਰਮੋਟਰ ਸਮੂਹ ਦਾ ਹਿੱਸਾ ਸੀ, ਨੀਰਵ ਮੋਦੀ ਦਾ ਮਾਮਾ ਹੈ। ਦੋਵਾਂ 'ਤੇ ਸਰਕਾਰੀ ਮਾਲਕੀ ਵਾਲੇ ਪੰਜਾਬ ਨੈਸ਼ਨਲ ਬੈਂਕ (ਪੀਐੱਨਬੀ) ਨਾਲ 14,000 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਦੋਸ਼ ਹਨ।

2018 ਦੇ ਸ਼ੁਰੂ ਵਿੱਚ ਪੀਐੱਨਬੀ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਚੋਕਸੀ ਅਤੇ ਮੋਦੀ ਦੋਵੇਂ ਭਾਰਤ ਤੋਂ ਭੱਜ ਗਏ ਸਨ।

# ਮਿੱਠੀ ਨਦੀ ਮਾਮਲੇ 'ਚ ਈਡੀ ਵੱਲੋਂ ਅਦਾਕਾਰ ਡੀਨੋ ਮੋਰੀਆ ਤੇ ਹੋਰਾਂ ਦੇ ਟਿਕਾਣਿਆਂ 'ਤੇ ਛਾਪੇ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ੁੱਕਰਵਾਰ ਨੂੰ ਕੇਰਲ ਦੇ ਕੁਝ ਸਥਾਨਾਂ ਤੋਂ ਇਲਾਵਾ ਮਹਾਰਾਸ਼ਟਰ ਵਿੱਚ ਅਦਾਕਾਰ ਡੀਨੋ ਮੋਰੀਆ ਅਤੇ ਕੁਝ ਹੋਰਾਂ ਦੇ ਵੱਖ-ਵੱਖ ਟਿਕਾਣਿਆਂ ਉਤੇ ਛਾਪੇ



ਮਾਰ ਕੇ ਤਲਾਸ਼ੀ ਮੁਹਿੰਮ ਚਲਾਈ। ਇਸ ਧੋਖਾਧੜੀ ਕਾਰਨ ਬ੍ਰਿਹਨਮੁੰਬਈ ਨਗਰ ਨਿਗਮ ) ਨੂੰ 65 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਦੋਸ਼ ਹੈ।

ਛਾਪੇਮਾਰੀ ਮੁੰਬਈ ਅਤੇ ਕੋਚੀ ਵਿੱਚ ਸਥਿਤ 15 ਤੋਂ ਵੱਧ ਅਹਾਤਿਆਂ ਨੂੰ ਕਵਰ ਕਰ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਇਸ ਵਿੱਚ ਮੋਰੀਆ, ਉਸਦੇ ਭਰਾ, ਠੇਕੇਦਾਰਾਂ ਅਤੇ ਕੁਝ ਹੋਰਾਂ ਦੇ ਅਹਾਤੇ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਜਾਂਚ ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਕੀਤੀ ਜਾ ਰਹੀ ਹੈ। ਬੀਐੱਮਸੀ ਦੇ ਕੁਝ ਅਧਿਕਾਰੀਆਂ ਅਤੇ ਕੁਝ ਹੋਰਾਂ ਵਿਰੁੱਧ ਈਡੀ ਦਾ ਮਾਮਲਾ ਮੁੰਬਈ ਪੁਲ✲ਸ ਦੀ ਆਰਥਿਕ ਅਪਰਾਧ ਸ਼ਾਖਾ ਵੱਲੋਂ ਦਾਇਰ ਕੀਤੀ ਗਈ ਐਫਆਈਆਰ ਤੋਂ ਪੈਦਾ ਹੋਇਆ ਹੈ ਜੋ ਮਿੱਠੀ ਨਦੀ ਦੀ ਸਫਾਈ ਵਿੱਚ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਦਾਇਰ ਕੀਤੀ ਗਈ ਸੀ। ਇਸ ਕਾਰਨ ਨਗਰ ਨਿਗਮ ਨੂੰ 65 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਇਸ ਮਾਮਲੇ ਵਿੱਚ ਕੁਝ ਦਿਨ ਪਹਿਲਾਂ ਈਓਡਬਲਯੂ ਨੇ ਮੋਰੀਆ ਤੋਂ ਪੁੱਛਗਿੱਛ ਕੀਤੀ ਸੀ। ਈਓਡਬਲਯੂ ਨੇ ਘੁਟਾਲੇ ਵਿੱਚ ਕਥਿਤ ਸ਼ਮੂਲੀਅਤ ਲਈ ਨਗਰ ਨਿਗਮ ਅਧਿਕਾਰੀਆਂ ਅਤੇ ਠੇਕੇਦਾਰਾਂ ਸਮੇਤ 13 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਸੀ।

# ਸਰਕਾਰ ਨੇ ਆਸ਼ੂ ਨੂੰ ਸੰਮਨ ਭੇਜਣ ਵਾਲੇ SSP ਵਿਜੀਲੈਂਸ ਲੁਧਿਆਣਾ ਨੂੰ ਕੀਤਾ ਮੁਅੱਤਲ

## ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਫਾਇਦਾ ਪਹੁੰਚਾਉਣ ਲਈ ਐਸਐਸਪੀ ਨੇ ਆਸ਼ੂ ਨਾਲ ਗੁਪਤ ਮੀਟਿੰਗ ਤੋਂ ਬਾਅਦ ਜਾਰੀ ਕੀਤਾ ਸੀ ਸੰਮਨ

**ਲੁਧਿਆਣਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਹਾਈ ਸਕੂਲ ਵਿੱਚ ਹੋਏ 2400 ਕਰੋੜ ਦੇ ਘੁਟਾਲੇ ਦੇ ਮਾਮਲੇ ਵਿੱਚ ਚੋਣਾਂ ਦੌਰਾਨ ਭਾਰਤ ਭੂਸ਼ਣ ਆਸ਼ੂ ਨੂੰ ਕਥਿਤ ਤੌਰ 'ਤੇ 'ਹਮਰਦੀ ਵਜੋਂ ਫ਼ਾਇਦਾ ਪਹ ੁੰਚਾਉਣ ਲਈ' ਸੰਮਨ ਭੇਜਣ ਵਾਲੇ ਐਸਐਸਪੀ ਵਿਜੀਲੈਂਸ ਲੁਧਿਆਣਾ ਜਗਤਪ੍ਰੀਤ ਸਿੰਘ ਨੂੰ ਸਰਕਾਰ ਨੇ ਮੁਅੱਤਲ ਕਰ ਦਿੱਤਾ ਹੈ। ਗ਼ੌਰਤਲਬ ਹੈ ਕਿ ਆਸ਼ੂ ਪੰਜਾਬ ਵਿਧਾਨ ਸਭਾ ਦੇ ਲੁਧਿਆਣਾ ਪੱਛਮੀ ਹਲਕੇ ਦੀ ਹੋ ਰਹੀ ਜ਼ਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਹਨ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਬੀਤੀ ਰਾਤ ਭਾਰਤ ਭੂਸ਼ਣ



ਆਸ਼ੂ ਨੂੰ ਵਿਜਲੈਂਸ ਬਿਊਰੋ ਨੇ ਨਿਊ ਹਾਈ ਸਕੂਲ ਦੇ ਘਪਲੇ 'ਚ ਜਿਹੜੇ ਸੰਮਨ ਭੇਜੇ ਸਨ, ਉਹ ਐਸਐਸਪੀ ਨੇ ਖੁਦ ਆਪਣੇ ਪੱਧਰ 'ਤੇ ਹੀ ਭੇਜੇ ਹਨ। ਇਹ ਵੀ ਪਤਾ ਲੱਗਾ ਹੈ ਕਿ ਭਾਰਤ ਭੂਸ਼ਣ ਆਸ਼ੂ ਤੇ ਐਸਐਸਪੀ ਦੀ ਪਿਛਲੇ ਦਿਨਾਂ ਤੋਂ ਲਗਾਤਾਰ ਗੱਲਬਾਤ ਵੀ ਚੱਲ ਰਹੀ ਸੀ।

ਇਹ ਸੰਮਨ ਉਸ ਨੇ ਉਸ ਸਮੇਂ ਭੇਜੇ ਗਏ ਜਦੋਂ ਲੁਧਿਆਣਾ ਜ਼ਿਮਨੀ ਚੋਣ ਦਾ ਪ੍ਰਚਾਰ ਜ਼ੋਰਾਂ 'ਤੇ ਹੈ। ਸੂਤਰਾਂ ਮੁਤਾਬਕ ਸਰਕਾਰ ਨੂੰ ਖੁਫੀਆ ਤੰਤਰ ਰਾਹੀਂ ਜਾਣਕਾਰੀ ਮਿਲੀ ਸੀ ਕਿ ਐਸਐਸਪੀ ਨੇ ਬੀਤੇ ਦਿਨੀਂ ਆਸ਼ੂ ਨਾਲ ਗੁਪਤ ਮੀਟਿੰਗ ਵੀ ਕੀਤੀ ਹੈ ਤੇ ਉਨ੍ਹਾਂ ਨੂੰ ਜ਼ਿਮਨੀ ਚੋਣ ਵਿੱਚ ਸਿੱਧੇ ਤੌਰ 'ਤੇ ਫਾਇਦਾ ਪਹੁੰਚਾਉਣ ਲਈ ਇਹ ਸੰਮਨ ਜਾਰੀ ਕੀਤੇ ਸਨ।

ਜਾਣਕਾਰੀ ਮੁਤਾਬਕ ਫਿਲਹਾਲ ਸਰਕਾਰ ਨੇ ਐਸਐਸਪੀ ਜਗਤਪ੍ਰੀਤ ਸਿੰਘ ਨੂੰ ਮੁਅੱਤਲ ਕ ਦਿੱਤਾ ਹੈ। ਉਂਝ ਇਸ ਮਾਮਲੇ ਵਿੱਚ ਹਾਲੇ ਤੱਕ ਕੋਈ ਅਧਾਕਾਰਤ ਪੁਸ਼ਟੀ ਨਹੀਂ ਹੋਈ ਹੈ।

# ਸੁਪਰੀਮ ਕੋਰਟ ਵੱਲੋਂ NEET-PG 2025 ਪ੍ਰੀਖਿਆ 3 ਅਗਸਤ ਨੂੰ ਕਰਵਾਉਣ ਦੀ ਪ੍ਰਵਾਨਗੀ

**ਨਵੀਂ ਦਿੱਲੀ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨ (©25) ਨੂੰ ਸਿਖਰਲੀ ਅਦਾਲਤ ਦੇ ਨਿਰਦੇਸ਼ਾਂ ਅਨੁਸਾਰ 3 ਅਗਸਤ ਨੂੰ NEET-PG 2025 ਪ੍ਰੀਖਿਆ ਇੱਕ ਸ਼ਿਫਟ ਵਿੱਚ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਦੇ ਬੈਂਚ, ਜਿਸ ਨੇ ਸ਼ੁਰੂ ਵਿੱਚ NBE ਦੁਆਰਾ ਪ੍ਰੀਖਿਆ ਕਰਵਾਉਣ ਲਈ ਮੰਗੇ ਗਏ ਦੋ ਮਹੀਨਿਆਂ ਤੋਂ ਵੱਧ ਸਮੇਂ 'ਤੇ ਸਵਾਲ ਚੁੱਕੇ ਸਨ, ਨੇ ਕਿਹਾ ਕਿ 3 ਅਗਸਤ ਨੂੰ NEET-PG 2025 ਕਰਵਾਉਣ ਦੇ ਕਾਰਨ ਸਹੀ ਜਾਪਦੇ ਹਨ।



ਹਾਲਾਂਕਿ ਸਿਖਰਲੀ ਅਦਾਲਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ NBE ਨੂੰ NEET-PG 2025 ਪ੍ਰੀਖਿਆ ਕਰਵਾਉਣ ਲਈ ਹੋਰ ਕੋਈ ਸਮਾਂ ਨਹੀਂ ਦਿੱਤਾ ਜਾਵੇਗਾ।

NBE ਨੇ ਦਲੀਲ ਦਿੱਤੀ ਕਿ ਸਿਖਰਲੀ ਅਦਾਲਤ ਦੇ 30 ਮਈ ਦੇ ਹੁਕਮਾਂ ਅਨੁਸਾਰ ਪ੍ਰੀਖਿਆ ਇੱਕ ਸ਼ਿਫਟ ਵਿੱਚ ਕਰਵਾਉਣੀ ਪੈਂਦੀ ਹੈ ਅਤੇ ਇਸ ਲਈ ਇੱਕ ਵਾਰ ਵਿੱਚ ਪ੍ਰੀਖਿਆ ਕਰਵਾਉਣ ਲਈ ਲਗਪਗ 1,000 ਪ੍ਰੀਖਿਆ ਕੇਂਦਰਾਂ ਦੀ ਲੋੜ ਸੀ। NBE ਦੀ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਹ 15 ਜੂਨ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 12.30 ਵਜੇ ਦਰਮਿਆਨ ਹੋਣ ਵਾਲੀ ਪ੍ਰੀਖਿਆ 3 ਅਗਸਤ ਨੂੰ ਕਰਵਾਏਗੀ, ਜੋ ਕਿ ਉਨ੍ਹਾਂ ਦੇ ਤਕਨਾਲੋਜੀ ਭਾਈਵਾਲ ਟਾਟਾ ਕੰਸਲਟੈਂਸੀ ਸਰਵਿਸਿਜ਼ ਲਿਮਟਿਡ (TCS) ਵੱਲੋਂ ਦਿੱਤੀ ਗਈ ਸਭ ਤੋਂ ਜਲਦੀ ਸੰਭਵ ਤਰੀਕ ਸੀ।

ਇਸ ਤੋਂ ਪਹਿਲਾਂ 30 ਮਈ ਨੂੰ ਸਿਖਰਲੀ ਅਦਾਲਤ ਨੇ NBE ਦੇ ਦੋ ਸ਼ਿਫਟਾਂ ਵਿੱਚ ਪ੍ਰੀਖਿਆ ਕਰਵਾਉਣ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ।

# ਚੋਣ ਕਮਿਸ਼ਨ ਵੱਲੋਂ ਦੇਸ਼ ਭਰ ਦੇ ਮੀਡੀਆ ਅਫਸਰਾਂ ਲਈ ਇੱਕ ਦਿਨਾਂ ਓਰੀਐਂਟਸ਼ਨ ਪ੍ਰੋਗਰਾਮ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੀਡੀਆ ਨੋਡਲ ਅਫ਼ਸਰਾਂ ਅਤੇ ਸੋਸ਼ਲ ਮੀਡੀਆ ਨੋਡਲ ਅਫ਼ਸਰਾਂ ਲਈ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ (ਆਈ.ਆਈ.ਆਈ.ਡੀ.ਈ.ਐਮ), ਨਵੀਂ ਦਿੱਲੀ, ਵਿਖੇ ਵੀਰਵਾਰ ਨੂੰ ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਇਸ ਟ੍ਰੇਨਿੰਗ ਪ੍ਰੋਗਰਾਮ ਦਾ ਉਦੇਸ਼ ਚੋਣ ਅਧਿਕਾਰੀਆਂ ਦੇ ਮੀਡੀਆ ਨਾਲ ਹੋਰ ਬੇਹਤਰ ਤਾਲਮੇਲ, ਸੋਸ਼ਲ ਮੀਡੀਆ ਦੀ ਯੋਗ ਵਰਤੋਂ ਅਤੇ ਚੋਣ ਕਮਿਸ਼ਨ ਦੀਆਂ ਪਹਿਲਕਦਮੀਆਂ ਨੂੰ ਹਰ ਵੋਟਰ ਤੱਕ ਪੁੱਜਦਾ ਕਰਨ ਲਈ ਸਾਰਥਕ ਰਣਨੀਤੀ ਬਾਰੇ ਜਾਣਕਾਰੀ ਦੇਣਾ ਸੀ।

ਇਸ ਪ੍ਰੋਗਰਾਮ ਵਿੱਚ ਪੂਰੇ ਦੇਸ਼ ਵਿੱਚੋਂ 28 ਰਾਜਾਂ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੀਡੀਆ ਅਧਿਕਾਰੀਆਂ ਨੇ ਹਾਜ਼ਰੀ ਭਰੀ। ਪੰਜਾਬ ਤੋਂ ਸੂਚਨਾ ਤੇ ਲੋਕ ਸੰਪਰਕ ਅਫਸਰ ਨਰਿੰਦਰ ਪਾਲ ਸਿੰਘ ਜਗਦਿਓ ਅਤੇ ਸਵੀਪ ਸਲਾਹਕਾਰ ਮਨਪ੍ਰੀਤ ਅਨੇਜਾ ਨੇ ਹਿੱਸਾ ਲਿਆ। ਇਸ ਮੌਕੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਸੰਬੋਧਨ ਕੀਤਾ ਅਤੇ ਮੀਡੀਆ ਅਫਸਰਾਂ ਨੂੰ ਹੋਰ ਸਰਗਰਮ ਅਤੇ ਅੱਪਡੇਟ ਰਹਿਣ ਲਈ ਪ੍ਰੇਰਿਤ ਕੀਤਾ।

ਪ੍ਰੋਗਰਾਮ ਦੌਰਾਨ ਵੋਟਰਾਂ ਤੱਕ ਸੂਚਨਾਵਾਂ ਪਹੁੰਚਾਉਣ ਲਈ ਪੰਜਾਬ ਵੱਲੋਂ ਕੀਤੀਆਂ ਨਿਵੇਕਲੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ ਗਈ। ਲੋਕ ਸਭਾ ਚੋਣਾਂ 2024 ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਕੀਤੇ ਫੇਸਬੁੱਕ ਲਾਈਵ, ਵੋਟਰਾਂ ਦੇ ਸਵਾਲਾਂ ਦੇ ਲਾਈਵ ਜਵਾਬ ਅਤੇ ਪੋਡਕਾਸਟ ਸੀਰੀਜ਼ ਬਾਰੇ ਦੱਸਿਆ ਗਿਆ।

# ਚੋਣ ਕਮਿਸ਼ਨ ਵੱਲੋਂ ਚੋਣਾਂ ਬਾਅਦ ਅੰਕੜਿਆਂ ਨੂੰ ਇੱਕਠਾ ਕਰਨ ਦੀ ਨਵੀਂ ਪ੍ਰਣਾਲੀ ਵਿਕਸਿਤ: ਸਿਬਿਨ ਸੀ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੀ ਅਗਵਾਈ ਹੇਠ ਭਾਰਤੀ ਚੋਣ ਕਮਿਸ਼ਨ ਵਲੋਂ ਚੋਣਾਂ ਤੋਂ ਬਾਅਦ ਇੰਡੈਕਸ ਕਾਰਡ ਅਤੇ ਵੱਖ-ਵੱਖ ਅੰਕੜਾ ਰਿਪੋਰਟਾਂ ਤਿਆਰ ਕਰਨ ਲਈ ਇਕ ਸੁਚੱਜੀ ਅਤੇ ਤਕਨੀਕੀ ਅਧਾਰਤ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਹ ਨਵੀਨਤਮ ਪ੍ਰਣਾਲੀ ਪੁਰਾਣੀਆਂ ਮੈਨੁਅਲ ਵਿਧੀਆਂ ਦੀ ਥਾਂ ਲਵੇਗੀ ਜੋ ਅਕਸਰ ਸਮਾਂ ਲੈਣ ਵਾਲੀਆਂ ਅਤੇ ਦੇਰੀ ਵਾਲੀਆਂ ਹੁੰਦੀਆਂ ਸਨ। ਆਟੋਮੇਸ਼ਨ ਅਤੇ ਡਾਟਾ ਇੰਟੀਗ੍ਰੇਸ਼ਨ ਦੀ ਮਦਦ ਨਾਲ ਇਹ ਨਵਾਂ ਤਰੀਕਾ ਤੇਜ਼ੀ ਨਾਲ ਰਿਪੋਰਟਿੰਗ ਨੂੰ ਯਕੀਨੀ ਬਣਾਵੇਗਾ।

ਜ਼ਿਕਰਯੋਗ ਹੈ ਕਿ ਇੰਡੈਕਸ ਕਾਰਡ ਚੋਣਾਂ ਤੋਂ ਬਾਅਦ ਦਾ ਅੰਕੜਾ ਰਿਪੋਰਟਿੰਗ ਫਾਰਮੈਟ ਹੈ ਜੋ ਭਾਰਤੀ ਚੋਣ ਕਮਿਸ਼ਨ ਵੱਲੋਂ ਖੋਜਕਰਤਾਵਾਂ, ਸਿੱਖਿਆ ਸ਼ਾਸਤਰੀਆਂ, ਨੀਤੀ ਨਿਰਮਾਤਾਵਾਂ, ਪੱਤਰਕਾਰਾਂ ਅਤੇ ਆਮ ਜਨਤਾ ਸਮੇਤ ਸਾਰੇ ਹਿੱਸੇਦਾਰਾਂ ਲਈ ਹਲਕਾ ਪੱਧਰ 'ਤੇ ਚੋਣਾਂ ਨਾਲ ਸਬੰਧਤ ਅੰਕੜਿਆਂ ਦੀ ਪਹੁੰਚ ਨੂੰ ਆਸਾਨ ਬਣਾਉਣ ਵਾਸਤੇ ਵਿਕਸਤ ਕੀਤਾ ਗਿਆ ਹੈ। ਇਹ ਇੰਡੈਕਸ ਕਾਰਡ ਉਮੀਦਵਾਰਾਂ, ਵੋਟਰਾਂ, ਪਈਆਂ ਹੋਈਆਂ ਵੋਟਾਂ, ਗਿਣੀਆਂ ਗਈਆਂ ਵੋਟਾਂ, ਪਾਰਟੀ ਅਨੁਸਾਰ ਅਤੇ ਉਮੀਦਵਾਰ ਅਨੁਸਾਰ ਵੋਟਾਂ ਦੀ ਹਿੱਸੇਦਾਰੀ, ਲਿੰਗ-ਅਧਾਰਤ ਵੋਟਿੰਗ ਰੁਝਾਨ, ਖੇਤਰੀ ਭਿੰਨਤਾਵਾਂ ਅਤੇ ਰਾਜਨੀਤਿਕ ਪਾਰਟੀਆਂ ਦੀ ਕਾਰਗੁਜ਼ਾਰੀ ਵਰਗੀਆਂ ਸ਼੍ਰੇਣੀਆਂ ਦੇ ਅੰਕੜਿਆਂ ਨੂੰ ਸਾਂਝਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਇੰਡੈਕਸ ਕਾਰਡ ਲੋਕ ਸਭਾ ਚੋਣਾਂ ਲਈ ਲਗਭਗ 35 ਅਤੇ ਵਿਧਾਨ ਸਭਾ ਚੋਣਾਂ ਲਈ 14 ਅੰਕੜਾ ਰਿਪੋਰਟਾਂ ਤਿਆਰ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਰਿਪੋਰਟਾਂ ਰਾਜ/ਸੰਸਦੀ ਹਲਕਾ/ਵਿਧਾਨ ਸਭਾ ਹਲਕਾ ਅਨੁਸਾਰ ਵੋਟਰ ਵੇਰਵੇ, ਪੋਲਿੰਗ ਸਟੇਸ਼ਨਾਂ ਦੀ ਗਿਣਤੀ, ਸੂਬਾ ਅਤੇ ਹਲਕੇ ਅਨੁਸਾਰ ਵੋਟ ਫ਼ੀਸਦ, ਮਹਿਲਾ ਵੋਟਰਾਂ ਦੀ ਭਾਗੀਦਾਰੀ, ਰਾਸ਼ਟਰੀ/ਰਾਜ ਪੱਧਰੀ ਪਾਰਟੀਆਂ ਅਤੇ ਰਜਿਸਟ੍ਰਡ ਗੈਰ-ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਦਰਸ਼ਨ, ਜੇਤੂ ਉਮੀਦਵਾਰਾਂ ਦਾ ਵਿਸ਼ਲੇਸ਼ਣ, ਹਲਕਾ-ਵਾਰ ਨਤੀਜੇ ਅਤੇ ਸੰਖੇਪ ਰਿਪੋਰਟਾਂ ਵਰਗੀਆਂ ਸ਼੍ਰੇਣੀਆਂ ਵਿੱਚ ਅੰਕੜਿਆਂ ਨੂੰ ਪੇਸ਼ ਕਰਦੀਆਂ ਹਨ। ਇਹ ਅੰਕੜੇ ਚੋਣਾਂ ਉੱਤੇ ਡੂੰਘੀ ਖੋਜ ਕਰਨ ਲਈ ਲਾਹੇਵੰਦ ਹੁੰਦੇ ਹਨ ਅਤੇ ਲੋਕਤੰਤਰਕ ਚਰਚਾ ਨੂੰ ਵੀ ਮਜਬੂਤੀ ਦਿੰਦੇ ਹੈ। ਹਾਲਾਂਕਿ ਇਹ ਅੰਕੜਾ ਰਿਪੋਰਟਾਂ ਸਿਰਫ਼ ਅਕਾਦਮਿਕ ਅਤੇ ਖੋਜ ਦੇ ਉਦੇਸ਼ ਲਈ ਹੀ ਹਨ ਅਤੇ ਇਹ ਇੰਡੈਕਸ ਕਾਰਡ ਤੋਂ ਮਿਲੇ ਦੂਜਿਆਂ ਡਾਟਿਆਂ 'ਤੇ ਆਧਾਰਤ ਹੁੰਦੀਆਂ ਹਨ, ਜਦਕਿ ਅਸਲ ਅਤੇ ਅੰਤਿਮ ਡਾਟਾ ਸੰਬੰਧਤ ਰਿਟਰਨਿੰਗ ਅਫਸਰਾਂ ਵਲੋਂ ਦਿੱਤੇ ਗਏ ਕਾਨੂੰਨੀ ਫਾਰਮਾਂ ਵਿੱਚ ਹੁੰਦਾ ਹੈ।

# ਪਿੰਜੌਰ ਦੇ ਅਮਰਾਵਤੀ ਮਾਲ ਨੇੜੇ ਗੋਲੀਬਾਰੀ ਵਿੱਚ ਇੱਕ ਦੀ ਮੌਤ, ਇੱਕ ਜ਼ਖਮੀ

**ਪਿੰਜੌਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਅਮਰਾਵਤੀ ਮਾਲ ਨੇੜੇ ਬੀਤੀ ਦੇਰ ਰਾਤ ਫਿਲਮ ਦੇਖ ਕੇ ਮੁੜ ਰਹੇ ਕੁੱਝ ਨੌਜਵਾਨਾਂ 'ਤੇ ਕੀਤੀ ਗੋਲੀਬਾਰੀ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਜਦੋਂ ਕਿ ਦੂਜਾ ਗੰਭੀਰ ਜ਼ਖ਼ਮੀ ਹੋ ਗਿਆ। ਜਾਣਕਾਰੀ ਅਨੁਸਾਰ ਅਣਪਛਾਤੇ ਹਮਲਾਵਰਾਂ ਨੇ ਨਿਸ਼ਾਨਾ ਬਣਾ ਕੇ ਦੋ ਵਿਅਕਤੀਆਂ 'ਤੇ ਗੋਲੀਆਂ ਚਲਾਈਆਂ। ਗੋਲੀਬਾਰੀ ਦੀ ਇਸ ਘਟਨਾ ਕਾਰਨ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹੈ। ਗੋਲੀਬਾਰੀ ਦੌਰਾਨ ਪੀੜਤਾਂ ਵਿੱਚੋਂ ਇੱਕ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਜ਼ਖਮੀ ਨੌਜਵਾਨ ਨੂੰ ਪੀਜੀਆਈ ਚੰਡੀਗੜ੍ਹ ਲਿਜਾਇਆ ਗਿਆ ਹੈ।

ਉਧਰ ਪੁਲੀਸ ਅਧਿਕਾਰੀਆਂ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਵੱਡੀ ਗਿਣਤੀ ਪੁਲੀਸ ਪਹੁੰਚਣ ਕਾਰਨ ਇਲਾਕੇ ਲੋਕਾਂ ਵਿਚ ਸਹਿਮ ਪੈਦਾ ਹੋ ਗਿਆ ਹੈ, ਕਿਉਂਕਿ ਪੁਲੀਸ ਪ੍ਰਸ਼ਾਸਨ ਵੱਲੋਂ ਆਸ-ਪਾਸ ਦੇ ਇਲਾਕੇ ਵਿੱਚ ਸੁਰੱਖਿਆ ਵਧਾਉਂਦਿਆਂ ਵਾਧੂ ਬਲ ਤਾਇਨਾਤ ਕੀਤੇ ਗਏ ਹਨ।

# ਘੱਲੂਘਾਰਾ ਦਿਵਸ: ਦਲ ਖਾਲਸਾ ਦੇ ਸੱਦੇ 'ਤੇ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਮੌਕੇ ਅੰਮ੍ਰਿਤਸਰ ਮੁਕੰਮਲ ਬੰਦ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ 41 ਵਰ੍ਹੇਗੰਢ ਮੌਕੇ ਰੋਸ ਵਜੋਂ ਅੱਜ ਦਲ ਖਾਲਸਾ ਜਥੇਬੰਦੀ ਵੱਲੋਂ ਅੰਮ੍ਰਿਤਸਰ ਬੰਦ ਦੇ ਦਿੱਤੇ ਗਏ ਸੱਦੇ ਤਹਿਤ ਸ਼ਹਿਰ ਵਿੱਚ ਮੁਕੰਮਲ ਬੰਦ ਰਿਹਾ।

ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੀਆਂ ਦੁਕਾਨਾਂ ਤੇ ਹੋਰ ਕਾਰੋਬਾਰ, ਸ਼ਹਿਰ ਵਿੱਚ ਵੱਖ-ਵੱਖ ਬਜ਼ਾਰਾਂ ਵਿੱਚ ਦੁਕਾਨਾਂ ਆਦਿ ਬੰਦ ਰਹੀਆਂ ਹਨ। ਇਸ ਦੌਰਾਨ ਸੜਕਾਂ 'ਤੇ ਆਵਾਜਾਈ ਨਿਰੰਤਰ ਚਲਦੀ ਰਹੀ ਹੈ, ਮੈਡੀਕਲ ਸਹੂਲਤਾਂ ਅਤੇ ਹੋਰ ਸਹੂਲਤਾਂ ਵਾਲੇ ਅਦਾਰੇ ਵੀ ਖੁੱਲ੍ਹੇ ਰਹੇ ਹਨ।




ਦਲ ਖਾਲਸਾ ਜਥੇਬੰਦੀ ਵੱਲੋਂ ਆਪਣੀਆਂ ਹੋਰ ਹਮਖ਼ਿਆਲੀ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਬੀਤੀ ਸ਼ਾਮ ਸ਼ਹਿਰ ਵਿੱਚ ਘੱਲੂਘਾਰਾ ਮਾਰਚ ਕੱਢਿਆ ਗਿਆ ਸੀ। ਇਸ ਦੌਰਾਨ ਅੱਜ ਵੀ ਜਥੇਬੰਦੀ ਦੇ ਮੈਂਬਰ ਸਵੇਰੇ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਠੇ ਹੋਏ ਸਨ ਤੇ ਘੱਲੂਘਾਰਾ ਦਿਵਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਬਾਅਦ ਵਿੱਚ ਉਹ ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਮੰਡ ਦੀ ਅਗਵਾਈ ਹੇਠ ਵੱਖ ਵੱਖ ਬਜ਼ਾਰਾਂ ਵਿੱਚੋਂ ਪੈਦਲ ਮਾਰਚ ਕਰਦੇ ਹੋਏ ਹਾਲ ਗੇਟ ਤੱਕ ਪੁੱਜੇ, ਜਿੱਥੇ ਉਹਨਾਂ ਨੇ ਮੀਡੀਆ ਨੂੰ ਸੰਬੋਧਨ ਵੀ ਕੀਤਾ।

ਇਸ ਦੌਰਾਨ ਬੱਸ ਅੱਡੇ ਤੋਂ ਬੱਸਾਂ ਦੀ ਆਵਾਜਾਈ ਵੀ ਨਿਰੰਤਰ ਅਤੇ ਨਿਰਵਿਘਨ ਜਾਰੀ ਰਹੀ।

# ਬਲਿਊ ਸਟਾਰ ਦੀ 41ਵੀਂ ਬਰਸੀ ਮੌਕੇ ਟਲਿਆ ਟਕਰਾਅ, ਲੱਖਾਂ ਦੀ ਗਿਣਤੀ 'ਚ ਸੰਗਤ ਪੁੱਜੀ

## ਜਥੇਦਾਰ ਗੜਗੱਜ ਨੇ ਅਕਾਲ ਤਖ਼ਤ ਦੀ ਫਸੀਲ ਤੋਂ ਕੌਮ ਦੇ ਨਾਂ ਨਹੀਂ ਦਿੱਤਾ ਸੰਦੇਸ਼; ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਸ਼ਹੀਦਾਂ ਦਾ ਸਨਮਾਨ

**ਅੰਮ੍ਰਿਤਸਰ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੌਮ ਦੇ ਨਾਂ ਸੰਦੇਸ਼ ਨਾ ਦਿੱਤੇ ਜਾਣ ਕਾਰਨ ਅਤੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੇ ਜਾਣ ਕਾਰਨ ਇਹ ਸਮਾਗਮ ਸ਼ਾਂਤੀ ਪੂਰਵਕ ਢੰਗ ਨਾਲ ਅਤੇ ਬਿਨਾਂ ਕਿਸੇ ਵਿਰੋਧ ਦੇ ਸੰਪੰਨ ਹੋ ਗਿਆ।

ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਮਗਰੋਂ ਗੁਰਬਾਣੀ ਦਾ ਕੀਰਤਨ ਹੋਇਆ ਅਤੇ ਅਰਦਾਸ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀ ਗਈ ਜਦੋਂ ਕਿ ਪਾਵਨ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸਰਵਣ ਕਰਵਾਇਆ ਹੈ। ਇਸ ਮੌਕੇ ਸਿੱਖ ਜਥੇਬੰਦੀਆਂ ਤੇ ਕਾਰਕੂਨਾਂ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ। ਉਨ੍ਹਾਂ ਸ਼ਹੀਦਾਂ ਅਤੇ ਅਕਾਲ ਤਖਤ ਦੀ ਇਮਾਰਤ ਦੀ ਢਹਿ ਢੇਰੀ ਹੋਈ ਦੀਆਂ ਤਸਵੀਰਾਂ ਹੱਥਾਂ ਵਿੱਚ ਚੁੱਕੀਆਂ ਹੋਈਆਂ ਸਨ।






ਇਸ ਮੌਕੇ ਸ੍ਰੀ ਅਕਾਲ ਤਖਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀਆਂ ਦੇ ਪ੍ਰਤੀਨਿਧ ਤੇ ਹੋਰ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਦੱਸਣ ਯੋਗ ਹੈ ਕਿ ਦਮਦਮੀ ਟਕਸਾਲ ਵੱਲੋਂ ਜਥੇਦਾਰ ਗੜਗੱਜ ਨੂੰ ਪ੍ਰਵਾਨਿਤ ਜਥੇਦਾਰ ਮੰਨਣ ਤੋਂ ਇਨਕਾਰ ਕਰਦਿਆਂ ਉਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਉਹ ਸ੍ਰੀ ਅਕਾਲ ਤਖਤ ਤੋਂ ਅੱਜ ਕੌਮ ਦੇ ਨਾਂ ਸੰਦੇਸ਼ ਦਿੰਦੇ ਹਨ ਅਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਦੇ ਹਨ ਤਾਂ ਟਕਸਾਲ ਉਸ ਦਾ ਵਿਰੋਧ ਕਰੇਗੀ।

**ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਵੱਲੋਂ ਧਾਮੀ ਦੀ ਸ਼ਲਾਘਾ**

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਘੱਲੂਘਾਰਾ ਦਿਵਸ ਸਬੰਧੀ ਸ੍ਰੀ ਅਕਾਲ ਤਖਤ ਵਿਖੇ ਹੋਇਆ ਸਮਾਗਮ ਸ਼ਾਂਤੀ ਪੂਰਵਕ ਨੇਪਰੇ ਚੜ੍ਹ ਗਿਆ ਹੈ। ਉਨ੍ਹਾਂ ਇਸ ਸਮਾਗਮ ਦੀ ਸਫਲਤਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਵੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਸਮਾਗਮ ਸਮੇਂ ਪਹਿਲੀ ਵਾਰ ਅਜਿਹਾ ਸੀ ਕਿ ਸਾਰੀਆਂ ਸਿੱਖ ਧਿਰਾਂ ਇੱਥੇ ਮੌਜੂਦ ਸਨ ਅਤੇ ਸਮਾਗਮ ਪੂਰਨ ਰੂਪ ਵਿੱਚ ਸ਼ਾਂਤੀ ਪੂਰਵਕ ਨਿਬੜਿਆ ਹੈ। ਉਨ੍ਹਾਂ ਕਿਹਾ ਕਿ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਦੀ ਬਰਸੀ ਦਾ ਮੁੱਖ ਸਮਾਗਮ ਸ੍ਰੀ ਅਕਾਲ ਤਖਤ ਵਿਖੇ ਹੁੰਦਾ ਹੈ ਅਤੇ ਇੱਕ ਸਮਾਗਮ ਚੌਂਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਹੈਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਹੁੰਦਾ ਹੈ।

ਸ੍ਰੀ ਅਕਾਲ ਤਖਤ ਵਿਖੇ ਸਮਾਗਮ ਦੀ ਸਮਾਪਤੀ ਉਪਰੰਤ ਉਹ ਚੌਂਕ ਮਹਿਤਾ ਲਈ ਰਵਾਨਾ ਹੋ ਗਏ ਸਨ ਜਿੱਥੇ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ।

ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਕੁਝ ਨੌਜਵਾਨਾਂ ਨੂੰ ਪੁਲੀਸ ਨੇ ਕਾਬੂ ਕੀਤਾ ਹੈ ਜਿਨ੍ਹਾਂ ਵੱਲੋਂ ਹੁੜਦੰਗ ਮਚਾਉਣ ਅਤੇ ਗਲਤ ਹਰਕਤਾਂ ਕੀਤੀਆਂ ਗਈਆਂ। ਪੁਲੀਸ ਵੱਲੋਂ ਹਿਰਾਸਤ ਵਿੱਚ ਲਏ ਗਏ ਨੌਜਵਾਨਾਂ ਕੋਲੋਂ 2 ਨਕਲੀ ਪਿਸਤੌਲਾਂ ਵੀ ਮਿਲੀਆਂ ਹਨ। ਇੱਕ ਨੌਜਵਾਨ, ਜੋ ਪੂਰੀ ਤਰ੍ਹਾਂ ਸੁਰਤ ਵਿੱਚ ਨਹੀਂ ਸੀ ,ਵੱਲੋਂ ਸ੍ਰੀ ਅਕਾਲ ਤਖਤ ਦੇ ਪਿਛਲੇ ਪਾਸੇ ਕਮਰੇ ਦਾ ਸ਼ੀਸ਼ੇ ਵਾਲਾ ਦਰਵਾਜ਼ਾ ਵੀ ਤੋੜ ਦਿੱਤਾ ਗਿਆ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ

**ਪਟਿਆਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਵੱਖ ਵੱਖ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਗਸਤ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹੇ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਅਤੇ ਲੋਕ ਹਿਤ ਵਿੱਚ ਸ਼ਾਂਤੀ ਬਰਕਰਾਰ ਰੱਖਣ ਲਈ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ ਜਨਤਕ ਥਾਵਾਂ 'ਤੇ ਅਗਨ ਸ਼ਸ਼ਤਰ, ਅਸਲਾ, ਵਿਸਫੋਟਕ, ਜਲਣਸ਼ੀਲ, ਚੀਜ਼ਾਂ, ਤੇਜ਼ਧਾਰ ਹਥਿਆਰ ਜਿਵੇਂ ਕਿ ਟਕੂਏ, ਬਰਛੇ, ਤ੍ਰਿਸ਼ੂਲ ਆਦਿ ਸ਼ਾਮਲ ਹਨ, ਨੂੰ ਚੁੱਕਣ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਦਿਵਿਆਂਗ/ਬਿਰਧ ਵਿਅਕਤੀ (ਜੋ ਬਿਨਾਂ ਡੰਡੇ ਲਾਠੀ ਦੇ ਸਹਾਰੇ ਤੋਂ ਚੱਲ ਨਹੀਂ ਸਕਦੇ) ਅਤੇ ਸੁਰੱਖਿਆ ਅਮਲੇ/ਡਿਊਟੀ 'ਤੇ ਤਾਇਨਾਤ ਪੁਲਿਸ ਅਮਲੇ 'ਤੇ ਲਾਗੂ ਨਹੀਂ ਹੋਵੇਗਾ। ਹੁਕਮ 5 ਅਗਸਤ ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ (ਪਿੰਡਾਂ ਅਤੇ ਸ਼ਹਿਰਾਂ) ਵਿੱਚ ਬਣੀਆਂ ਪਾਣੀ ਦੀਆਂ ਟੈਂਕੀਆਂ ਉਪਰ ਕਿਸੇ ਕਿਸਮ ਦੇ ਵਿਖਾਵੇ ਲਈ ਚੜ੍ਹਨ 'ਤੇ ਪਾਬੰਦੀ ਲਗਾਈ ਹੈ। ਹੁਕਮ 5 ਅਗਸਤ ਤੱਕ ਲਾਗੂ ਰਹਿਣਗੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਜ਼ਿਲ੍ਹਾ ਪਟਿਆਲਾ ਦੀਆਂ ਹੱਦਾਂ ਅੰਦਰ ਕਿਸੇ ਕਿਸਮ ਦੇ ਵਿਖਾਵੇ/ਰੋਸ ਧਰਨੇ ਤੇ ਰੈਲੀਆਂ ਕਰਨ, ਮੀਟਿੰਗਾਂ ਕਰਨ, ਨਾਅਰੇ ਲਗਾਉਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮ 5 ਅਗਸਤ ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਪਟਿਆਲਾ ਜ਼ਿਲ੍ਹੇ ਅੰਦਰ ਪੈਂਦੇ ਪਿੰਡਾਂ, ਰੇਲਵੇ ਟਰੈਕ, ਨਹਿਰਾਂ ਦੇ ਪੁਲ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ, ਰਜਬਾਹੇ, ਇੰਡੀਅਨ ਆਇਲ ਪਾਈਪ ਲਾਈਨ, ਅਹਿਮ ਪਲਾਂਟ, ਗੈਸ ਪਾਈਪ ਲਾਈਨ ਦੀ ਪ੍ਰਾਪਰਟੀ ਅਤੇ ਬਿਜਲੀ ਦੀਆਂ ਟਰਾਂਸਮਿਸ਼ਨ ਲਾਈਨਾਂ, ਅਨਾਜ ਦੇ ਭੰਡਾਰ, ਪੈਟਰੋਲ ਪੰਪ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪੈਂਦੇ ਬੈਂਕ, ਡਾਕਖਾਨਿਆਂ, ਸਰਕਾਰੀ/ਗੈਰ ਸਰਕਾਰੀ ਪ੍ਰਾਪਰਟੀ ਆਦਿ 'ਤੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀਆਂ ਨੂੰ ਠੀਕਰੀ ਪਹਿਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਆਦੇਸ਼ ਦਿੱਤੇ ਹਨ ਕਿ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਬਾਲਗ ਵਿਅਕਤੀ ਬਿਜਲੀ ਸਟੇਸ਼ਨ ਅਤੇ ਸਪਲਾਈ ਲਾਈਨਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਨੂੰ ਨੁਕਸਾਨ ਪਹੁੰਚਾਣ ਤੋਂ ਬਚਾਉਣ ਲਈ ਅਤੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਠੀਕਰੀ ਪਹਿਰੇ ਲਗਾ ਕੇ ਡਿਊਟੀ ਨਿਭਾਉਣਗੇ। ਹੁਕਮ 5 ਅਗਸਤ ਤੱਕ ਲਾਗੂ ਰਹਿਣਗੇ।

# ਮੁੱਖ ਸਕੱਤਰ ਦੀ ਅਗਵਾਈ ਹੇਠ ਹੋਈ ਸੜਕ ਸੁਰੱਖਿਆ ਕੋਸ਼ ਪ੍ਰਬੰਧਨ ਕਮੇਟੀ ਦੀ ਮੀਟਿੰਗ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਅੱਜ ਇੱਥੇ ਸੜਕ ਸੁਰੱਖਿਆ ਕੋਸ਼ ਪ੍ਰਬੰਧਨ ਕਮੇਟੀ ਦੀ 8ਵੀਂ ਮੀਟਿੰਗ ਵਿੱਚ ਸਾਲ 2025-26 ਦੇ ਲਈ 74.5 ਕਰੋੜ ਰੁਪਏ ਦੇ ਬਜਟ ਨੂੰ ਮੰਜੂਰੀ ਦਿੱਤੀ ਗਈ। ਇਸ ਅਲਾਟਮੈਂਟ ਦਾ ਉਦੇਸ਼ ਸੜਕ ਦੁਰਘਟਨਾਵਾਂ ਵਿੱਚ ਹੋਣ ਵਾਲੀ ਮੌਤਾ ਨੂੰ ਘੱਟ ਕਰਨਾ ਅਤੇ ਪੂਰੇ ਸੂਬੇ ਵਿੱਚ ਐਮਰਜੈਂਸੀ ਪ੍ਰਤੀਕ੍ਰਿਆ ਪ੍ਰਣਾਲੀਆਂ ਨੂੰ ਵਧਾਉਣਾ ਹੈ।

ਮੀਟਿੰਗ ਵਿੱਚ ਦਸਿਆ ਗਿਆ ਕਿ ਹਰਿਆਣਾ ਵਿੱਚ ਪਹਿਲੀ ਵਾਰ ਲੋਕ ਨਿਰਮਾਣ ਪੀਡਬਲਿਊਡੀ (ਭਵਨ ਅਤੇ ਸੜਕਾਂ) ਵਿਭਾਗ ਨੇ ਸੂਬੇ ਵਿੱਚ ਸਕੂਲ ਜੋਨ ਰੋਡ ਸੇਫਟੀ ਟ੍ਰੀਟਮੈਂਟ ਪਰਿਯੋਜਨਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਲਈ ਐਫਐਮਸੀ ਨੇ ਵਿਭਾਗ ਨੂੰ 25 ਕਰੋੜ ਰੁਪਏ ਅਲਾਟ ਕੀਤੇ ਹਨ। ਇਸ ਤੋਂ ਇਲਾਵਾ, ਲਗਭਗ 50 ਬੇਸਿਕ ਲਾਇਫ ਸਪੋਰਟ ਐਂਬੂਲੰਸ ਦੀ ਖਰੀਦ ਲਈ ਸਿਹਤ ਵਿਭਾਗ ਨੂੰ 17.50 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਸੂਬੇ ਦੇ 19 ਜਿਲ੍ਹਿਆਂ ਵਿੱਚ ਸੀਸੀਟੀਵੀ ਅਧਾਰਿਤ ਸਿਟੀ ਸਰਵੀਲੇਂਸ ਸਿਸਟਮ ਸਥਾਪਿਤ ਕਰਨ ਲਈ ਪੁਲਿਸ ਵਿਭਾਗ ਨੂੰ ਕੁੱਲ 19 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਇਸ ਤੋਂ ਇਲਾਵਾ, ਸਥਾਨਕ ਸੁਰੱਖਿਆ ਗਤੀਵਿਧੀਆਂ ਚਲਾਉਣ ਲਈ ਜਿਲ੍ਹਾ ਸੜਕ ਸੁਰੱਖਿਆ ਕਮੇਟੀਆਂ (ਡੀਆਰਐਸਸੀ) ਲਈ 10 ਕਰੋੜ, ਸੈਕੇਂਡਰੀ ਸਿਖਿਆ ਵਿਭਾਗ ਲਈ 1 ਕਰੋੜ ਰੁਪਏ ਅਤੇ ਸੂਬਾ ਸੜਕ ਸੁਰੱਖਿਆ ਪਰਿਸ਼ਦ ਸਕੱਤਰੇਤ ਲਈ 2 ਕਰੋੜ ਰੁਪਏ ਮੰਜੂਰ ਕੀਤੇ ਗਏ ਹਨ। ਇਹ ਅਲਾਟਮੈਂਟ ਵਿੱਤ ਸਾਲ 2024-25 ਦੌਰਾਨ ਕੰਪਾਉਂਡਿੰਗ ਫੀਸ ਵਜੋ ਇੱਕਠਾ ਕੀਤੇ ਗਏ 199.09 ਕਰੋੜ ਰੁਪਏ 'ਤੇ ਅਧਾਰਿਤ ਹੈ।

ਮੀਟਿੰਗ ਵਿੱਚ ਦਸਿਆ ਗਿਆ ਕਿ ਸਾਰੇ ਸੜਕ ਵਰਤੋਕਰਤਾਵਾਂ ਲਈ ਸੁਰੱਖਿਆ ਯਾਤਰਾ ਯਕੀਨੀ ਕਰਨ ਦੀ ਆਪਣੀ ਪ੍ਰਤੀਬੱਧਤਾ ਵਜੋ, ਰਾਜ ਸਰਕਾਰ ਵੱਲੋਂ ਹਰਿਆਣਾ ਸੜਕ ਸੁਰੱਖਿਆ ਨੀਤੀ, 2016 ਨੂੰ ਤੁਰੰਤ ਲਾਗੂ ਕੀਤਾ ਜਾ ਰਿਹਾ ਹੈ। ਇਹ ਨੀਤੀ ਚਾਰ ਈ-ਇਨਫੋਰਸਮੈਂਟ, ਇੰਜੀਨੀਅਰਿੰਗ (ਸੜਕ ਅਤੇ ਵਾਹਨ), ਐਜੂਕੇਸ਼ਨ ਅਤੇ ਐਮਰਜੈਂਸੀ ਕੇਅਰ ਦੇ ਪ੍ਰਭਾਵੀ ਨਿਸ਼ਪਾਦਨ 'ਤੇ ਕੇਂਦ੍ਰਿਤ ਹੈ। ਇੰਨ੍ਹਾਂ ਯਤਨਾਂ ਨਾਲ ਪੂਰੇ ਸੂਬੇ ਵਿੱਚ ਸੜਕ ਦੁਰਘਟਨਾਵਾਂ ਅਤੇ ਇਸ ਦੇ ਕਾਰਨ ਹੋਣ ਵਾਲੀ ਮੌਤਾਂ ਵਿੱਚ ਲਗਾਤਾਰ ਗਿਰਾਵਟ ਆਈ ਹੈ।

ਇਸ ਦੇ ਨਤੀਜੇ ਵਜੋ ਸੜਕ ਦੁਰਘਟਨਾਵਾਂ ਵਿੱਚ ਲਗਾਤਾਰ ਗਿਰਾਵਟ ਆਈ ਹੈ। ਸਾਲ 2022 ਵਿੱਚ, ਸੂਬੇ ਵਿੱਚ 11,105 ਦੁਰਘਟਨਾਵਾਂ ਅਤੇ 5,596 ਮੌਤਾਂ ਦਰਜ ਕੀਤੀਆਂ ਗਈਆਂ। ਸਾਲ 2023 ਵਿੱਚ 10,438 ਦੁਰਘਟਨਾਵਾਂ ਅਤੇ 5,195 ਮੌਤਾਂ ਹੋਈਆਂ। ਇਸ ਦੇ ਬਾਅਦ 2024 ਵਿੱਚ 9,759 ਦੁਰਘਟਨਾਵਾਂ ਅਤੇ 4,828 ਮੌਤਾਂ ਹੋਈਆਂ। ਇਸ ਸਾਲ 25 ਮਈ ਤੱਕ, ਦੁਰਘਟਨਾਵਾਂ ਦੀ ਗਿਣਤੀ ਘੱਟ ਕੇ 6,770 ਅਤੇ 1,942 ਮੌਤਾਂ ਦੀ ਗਿਣਤੀ ਰਹਿ ਗਈ ਹੈ। ਇਹ ਸਕਾਰਾਤਮਕ ਬਦਲਾਅ ਲਗਾਤਾਰ ਸੜਕ ਸੁਰੱਖਿਆ ਪਹਿਲਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਦਰਸ਼ਾਉਂਦਾ ਹੈ।

ਰਾਜ ਟ੍ਰਾਂਸਪੋਰਟ ਕਮਿਸ਼ਨਰ ਸ੍ਰੀ ਦੁਸ਼ਯੰਤਾ ਕੁਮਾਰ ਬੇਹਰਾ ਨੇ ਦਸਿਆ ਕਿ ਸੂਬਾ ਸਰਕਾਰ ਨੇ ਕੇਂਦਰੀ ਸੜਕ ਟ੍ਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ ਦੀ ਕੈਸ਼ਲੈਸ ਉਪਚਾਰ ਯੋਜਨਾ, 2025 ਨੂੰ ਵੀ ਅਪਣਾਇਆ ਹੈ। ਇਹ ਯੋਜਨਾ ਦੁਰੱਟਨਾ ਦੀ ਮਿੱਤੀ ਤੋਂ ਸੱਤ ਦਿਨਾਂ ਦੇ ਸਮੇਂ ਲਈ ਹਰੇਕ ਦੁਰਘਟਨਾ ਪੀੜਤ ਨੂੰ 1.5 ਲੱਖ ਰੁਪਏ ਦੀ ਮੁਫਤ ਉਪਚਾਰ ਪ੍ਰਦਾਨ ਕਰਦੀ ਹੈ।

ਮੀਟਿੰਗ ਦੌਰਾਨ ਇਹ ਵੀ ਦਸਿਆ ਗਿਆ ਕਿ ਹਰਿਆਣਾ ਨੇ ਵਿੱਤ ਸਾਲ 2024-25 ਦੌਰਾਨ ਕੁੱਲ 199.09 ਕਰੋੜ ਰੁਪਏ ਦਾ ਕੰਪਾਉਂਡਿੰਗ ਫੀਸ ਇੱਕਠਾ ਕੀਤੀ, ਜੋ ਟ੍ਰਾਂਸਪੋਰਟ ਅਤੇ ਪੁਲਿਸ ਵਿਭਾਗਾਂ ਵੱਲੋਂ ਆਵਾਜਾਈ ਨਿਯਮਾਂ ਦੇ ਪ੍ਰਭਾਵੀ ਬਦਲਾਅ ਨੂੰ ਦਰਸ਼ਾਉਂਦਾ ਹੈ। ਇਸ ਮਹਤੱਵਪੂਰਣ ਸੰਗ੍ਰਹਿ ਨਾਲ ਸਿੱਧੇ ਤੌਰ 'ਤੇ ਹਰਿਆਣਾ ਸੜਕ ਸੁਰੱਖਿਆ ਕੋਸ਼ ਮਜਬੂਤ ਹੋਵੇਗਾ।

ਇਸ ਦੀ ਵਰਤੋ ਦੁਰਘਟਨਾਵਾਂ ਨੂੰ ਘੱਟ ਕਰਨ ਅਤੇ ਐਮਰਜੈਂਸੀ ਪ੍ਰਤੀਕ੍ਰਿਆ ਬੁਨਿਆਦੀ ਢਾਂਚਾ ਵਿੱਚ ਸੁਧਾਰ ਦੇ ਉਦੇਸ਼ ਨਾਲ ਸੁਰੱਖਿਆ ਉਪਾਆਂ ਨੂੰ ਲਾਗੂ ਕਰਨ ਲਈ ਕੀਤਾ ਜਾਂਦਾ ਹੈ।

# ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿੱਚ ਇੱਕ ਗ੍ਰਿਫ਼ਤਾਰ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਪਰੇਸ਼ਨ ਸਿੰਧੂਰ ਦੌਰਾਨ ਫੌਜ ਦੀਆਂ ਗਤੀਵਿਧੀਆਂ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨੀ ਖੁਫੀਆ ਏਜੰਸੀਆਂ ਨਾਲ ਸਾਂਝੀ ਕਰਨ ਦੇ ਦੋਸ਼ਾਂ ਹੇਠ ਤਰਨਤਾਰਨ ਜ਼ਿਲ੍ਹੇ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਉਸ ਜਾਣਕਾਰੀ ਵਾਲਾ ਇੱਕ ਮੋਬਾਈਲ ਫ਼ੋਨ ਵੀ ਬਰਾਮਦ ਕੀਤਾ, ਜੋ ਪਾਕਿਸਤਾਨੀ ਖੁਫੀਆ ਏਜੰਸੀਆਂ (ਪੀਆਈਓ) ਨਾਲ ਸਾਂਝੀ ਕੀਤੀ ਗਈ ਸੀ।

ਅਧਿਕਾਰੀਆਂ ਨੇ ਕਿਹਾ ਕਿ ਦੋਸ਼ੀ ਕਥਿਤ ਤੌਰ 'ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐੱਸ.ਆਈ.) ਦੇ ਸੰਪਰਕ ਵਿੱਚ ਸੀ ਅਤੇ ਸੰਵੇਦਨਸ਼ੀਲ ਜਾਣਕਾਰੀ ਦੇਣ ਲਈ ਪੈਸੇ ਵੀ ਪ੍ਰਾਪਤ ਕਰਦਾ ਸੀ। ਇਸ ਸਬੰਧੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਦੋਸ਼ੀ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗਗਨ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਦੇ ਮੁਹੱਲਾ ਰੋੜੂਪੁਰ ਗਲੀ ਨਜ਼ਰ ਸਿੰਘ ਵਾਲੀ ਦਾ ਰਹਿਣ ਵਾਲਾ ਹੈ। ਉਸ ਨੂੰ ਤਰਨਤਾਰਨ ਪੁਲੀਸ ਅਤੇ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਸਾਂਝੇ ਆਪ੍ਰੇਸ਼ਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਡੀਜੀਪੀ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪਾਕਿਸਤਾਨ ਆਈਐੱਸਆਈ ਅਤੇ ਗੋਪਾਲ ਸਿੰਘ ਚਾਵਲਾ(ਪਾਕਿਸਤਾਨ ਸਥਿਤ ਖਾਲਿਸਤਾਨੀ ਸਮਰਥਕ) ਦੇ ਸੰਪਰਕ ਵਿੱਚ ਸਨ, ਜੋ ਆਪ੍ਰੇਸ਼ਨ ਸਿੰਧੂਰ ਦੌਰਾਨ ਫੌਜ ਦੀਆਂ ਗਤੀਵਿਧੀਆਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਰਹੇ ਸਨ।"

ਯਾਦਵ ਨੇ ਕਿਹਾ ਕਿ ਗਗਨਦੀਪ ਪਿਛਲੇ ਪੰਜ ਸਾਲਾਂ ਤੋਂ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਦੇ ਸੰਪਰਕ ਵਿੱਚ ਸੀ, ਜਿਸ ਰਾਹੀਂ ਉਸ ਨੂੰ ਪੀਆਈਓਜ਼ ਨਾਲ ਜਾਣੂ ਕਰਵਾਇਆ ਗਿਆ। ਉਨ੍ਹਾਂ ਅੱਗੇ ਕਿਹਾ, "ਉਸ ਨੂੰ ਭਾਰਤੀ ਲਿੰਕ ਰਾਹੀਂ #PIOs ਤੋਂ ਭੁਗਤਾਨ ਵੀ ਕੀਤਾ ਗਿਆ ਅਤੇ ਉਸ ਪਾਸੋ ਬਰਾਮਦ ਕੀਤੇ ਗਏ ਮੋਬਾਈਲ ਫੋਨ ਵਿੱਚ ਖੁਫੀਆ ਜਾਣਕਾਰੀ ਸੀ, ਜੋ ਉਸਨੇ PIOs ਨਾਲ ਸਾਂਝੀ ਕੀਤੀ ਸੀ।" ਡੀਜੀਪੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# 'ਯੁੱਧ ਨਸ਼ਿਆਂ ਵਿਰੁਧ' ਦਾ 93ਵਾਂ ਦਿਨ: 1.5 ਕਿਲੋ ਹੈਰੋਇਨ ਸਮੇਤ 98 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਨਸ਼ਿਆਂ ਵਿਰੁੱਧ ਮੁਹਿੰਮ ਯੁੱਧ ਨਸ਼ਿਆਂ ਵਿਰੁਧ ਦੇ 93ਵੇਂ ਦਿਨ , ਪੰਜਾਬ ਪੁਲਿਸ ਨੇ ਸੋਮਵਾਰ ਨੂੰ 98 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.5 ਕਿਲੋ ਹੈਰੋਇਨ, 2508 ਨਸ਼ੀਲੀਆਂ ਗੋਲੀਆਂ ਅਤੇ 3900 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ, ਮਹਿਜ਼ 93 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 15,117 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ-ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 93 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 510 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੌਰਾਨ ਸੂਬੇ ਭਰ ਵਿੱਚ 77 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 523 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 60 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

ਚੇਅਰਮੈਨ ਰਮਨ ਬਹਿਲ ਨੇ ਨਵ-ਨਿਯੁਕਤ 14 ਹਾਊਸ ਸਰਜਨਾਂ ਨੂੰ ਨਿਯੁਕਤੀ ਪੱਤਰ ਦਿੱਤੇ

# ਤ.ਗਮਾ ਜੇਤੂ ਵਿਦਿਆਰਥਣਾਂ ਦਾ ਸਨਮਾਨ



**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਰੁਕਮਣੀ ਰਾਏ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਦੋ ਵਿਦਿਆਰਥਣਾਂ ਨੇ ਹਰਿਆਣਾ ਸਟੇਟ ਤਾਇਕ ਕਮਾਂਡੋ ਐਸੋਸੀਏਸ਼ਨ ਦੇ ਤਹਿਤ ਸੋਨ ਤੇ ਚਾਂਦੀ ਦੇ ਤ.ਗਮੇ ਹਾਸਲ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਡਾ. ਦਿਵਿਆ ਕੌਸ਼ਿਕ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰਤੀਯੋਗਤਾ ਵਿਚ 11ਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਛਵੀ ਪੁੱਤਰੀ ਨਵੀਨ ਕੁਮਾਰ ਨੇ 46 ਕਿਲੋ ਭਾਰ ਵਰਗ ਵਿੱਚ ਸੋਨ ਤ.ਗਮਾ ਤੇ ਨੌਵੀਂ ਜਮਾਤ ਦੀ ਵਿਦਿਆਰਥਣ ਜੋਯਾ ਖਾਨ ਪੁੱਤਰੀ ਫਿਰੋਜ ਖਾਨ ਨੇ 50 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤ.ਗਮਾ ਜਿੱਤਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਗੁਪਤਾ, ਮੈਨੇਜਰ ਰਾਮ ਲਾਲ ਬਾਂਸਲ, ਮੀਤ ਪ੍ਰਧਾਨ ਰਮਨ ਕਾਂਤਾ ਸ਼ਰਮਾ ਖਜ਼ਾਨਚੀ ਵਿਸ਼ਣੂ ਭਗਵਾਨ ਗੁਪਤਾ ਤੇ ਕਮੇਟੀ ਮੈਂਬਰਾ , ਸਕੂਲ ਦੀ ਸੰਯੋਜਿਕਾ ਪ੍ਰੋਮਿਲਾ ਸ਼ਰਮਾ ਨੇ ਦੋਵਾਂ ਵਿਦਿਆਰਥਣਾਂ ਨੂੰ ਵਧਾਈ ਦਿੱਤੀ।

# ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ



**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਟੀ ਰੋਡ ਸਥਿਤ ਆਦੇਸ਼ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਨੌਜਵਾਨਾਂ ਨੂੰ ਤੰਬਾਕੂ ਮੁਕਤ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਸੀ ਕਿ ਤੰਬਾਕੂ ਤੇ ਨਿਕੋਟੀਨ ਉਤਪਾਦਾਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨਾ ਤੇ ਉਨਾਂ ਨੂੰ ਤੰਬਾਕੂ ਮੁਕਤ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕਰਨਾ ਸੀ।ਪ੍ਰੋਗਰਾਮ ਦੌਰਾਨ ਇਹ ਸੰਦੇਸ਼ ਦਿੱਤਾ ਗਿਆ ਕਿ ਤੰਬਾਕੂ ਤੇ ਨਿਕੋਟੀਨ ਉਤਪਾਦਾਂ ਦੀ ਖਿੱਚ ਦਾ ਪ੍ਰਚਾਰ ਨੌਜਵਾਨਾਂ ਨੂੰ ਭਰਮਾਉਂਦਾ ਹੈ ,ਜਦਕਿ ਇਨ੍ਹਾਂ ਦਾ ਅਸਲ ਵਿਚ ਪ੍ਰਭਾਵ ਸਿਹਤ ਲਈ ਬੇਹੱਦ ਘਾਤਕ ਹੁੰਦਾ ਹੈ। ਪ੍ਰੋਗਰਾਮ ਦਾ ਸਫਲ ਸੰਚਾਲਨ ਸਮੁਦਾਇਕ ਸਿਹਤ ਵਿਭਾਗ ਤੇ ਮਨੋਰੋਗ ਵਿਭਾਗ ਦੇ ਸਾਂਝੇ ਉਦਮ ਨਾਲ ਕੀਤਾ ਗਿਆ।

ਕਾਲਜ ਦੇ ਪ੍ਰਿੰਸੀਪਲ ਡਾ. ਐੱਨਐੱਸ ਲਾਂਬਾ ਨੇ ਤੰਬਾਕੂ ਨਾਲ ਸਬੰਧਤ ਬੀਮਾਰੀਆਂ , ਵਿਸ਼ੇਸ਼ ਤੌਰ ਤੇ ਕੈਂਸਰ ਨਾਲ ਵੱਧ ਰਹੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਤੰਬਾਕੂ ਇਕ ਮਿੱਠਾ ਜਹਿਰ ਹੈ ,ਜਿਸ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਮਾਜ ਨੂੰ ਮਿਸ਼ਨ ਮੋਡ ਵਿਚ ਕੰਮ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਤੰਬਾਕੂ ਪਦਾਰਥਾਂ ਦੀ ਵਰਤੋਂ ਕਰਨ ਨਾਲ ਮਨੁੱਖੀ ਸਰੀਰ 'ਤੇ ਮਾੜਾ ਪ੍ਰਭਾਵ ਪੈਂਦਾ ਹੈ, ਇਸ ਨਾਲ ਮੂੰਹ ਫੇਫੜਿਆਂ ਤੇ ਭੋਜਨ ਦੀ ਨਾਲੀ ਦਾ ਕੈਂਸਰ ਆਦਿ ਬੀਮਾਰੀਆਂ ਦਾ ਜ਼ਿਆਦਾ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸਾਡੀ ਨੌਜਵਾਨ ਪੀੜ੍ਹੀ ਖਾਸ ਕਰਕੇ ਬੱਚਿਆਂ ਵਿੱਚ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣਾ ਹੈ ਤਾਂ ਜੋ ਸਮਾਜ ਵਿਚੋਂ ਤੰਬਾਕੂ ਵਰਗੀ ਮਾੜੀ ਆਦਤ ਨੂੰ ਖਤਮ ਕਰ ਸਕੀਏ। ਇਸ ਮੌਕੇ ਡਾ. ਨੇਹਾ ਗੌਰ, ਡਾ. ਰਮਨ ਨਰਵਾਲ, ਡਾ. ਵਿਕਰਾਂਤ ਪ੍ਰਭਾਕਰ, ਡਾ. ਤਨੂੰ ਕੁੰਡਲ, ਡਾ. ਸੁਸ਼ੀਲ ਦਲਾਲ ਨੇ ਵੀ ਵਿਚਾਰ ਰੱਖੇ ਤੇ ਤੰਬਾਕੂ ਤੋਂ ਹੋਣ ਵਾਲੇ ਮਾਨਸਿਕ ਤੇ ਸਰੀਰਕ ਨੁਕਸਾਨ ਦੇ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਡਾ. ਗੁਰਸਤਿੰਦਰ ਸਿੰਘ, ਡਾ. ਨਰੇਸ਼ ਜੋਤੀ, ਸੰਸਥਾ ਦੇ ਵਿਦਿਆਰਥੀ ,ਫੈਕਲਟੀ ਮੈਂਬਰ ਤੇ ਹੋਰ ਸਟਾਫ ਮੌਜੂਦ ਸੀ। ਸਭ ਨੇ ਇਕ ਸੁਰ ਵਿੱਚ ਤੰਬਾਕੂ ਦੀ ਰੋਕਥਾਮ ਵਿੱਚ ਬਣਦਾ ਆਪਣਾ ਯੋਗਦਾਨ ਪਾਉਣ ਅਤੇ ਤੰਬਾਕੂ ਦੀ ਵਰਤੋਂ ਦੇ ਮਾੜੇ ਪ੍ਰਭਾਵਾਂ ਸੰਬੰਧੀ ਸਮਾਜ ਵਿਚ ਜਾਗਰੂਕਤਾ ਫੈਲਾਉਣਾ ਤੇ ਇਸ ਮਾੜੀ ਆਦਤ ਨੂੰ ਛੁਡਾਉਣ ਲਈ ਲੋਕਾਂ ਦੀ ਮਦਦ ਕਰਨ ਦੀ ਸਹੁੰ ਵੀ ਚੁੱਕੀ। ਇਸ ਖਿਲਾਫ ਜਨ ਜਾਗਰੂਕਤਾ ਅਭਿਆਨ ਨੂੰ ਹੋਰ ਅੱਗੇ ਵਧਾਉਣ ਦਾ ਪ੍ਰਣ ਲਿਆ।

# ਐੱਸਡੀਐੱਮ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ



**ਰਤੀਆ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ-ਮੰਡਲ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪਿੰਡ ਚਿੰਮੋ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਜਿਵੇਂ ਕਿ ਚਿੰਮੋ ਸਾਈਫਨ, ਘਾਸਵਾ ਹੈੱਡ ਆਦਿ ਦਾ ਨਿਰੀਖਣ ਕੀਤਾ ਅਤੇ ਹੜ੍ਹ ਰੋਕਥਾਮ ਲਈ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਐਸਡੀਐਮ ਨੇ ਕਿਹਾ ਕਿ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਨਾਲਿਆਂ, ਨਾਲਿਆਂ ਵਿੱਚੋਂ ਘਾਹ ਕੱਢਣ, ਨਹਿਰਾਂ ਦੀ ਸਫਾਈ ਕਰਨ ਅਤੇ ਮੁਰੰਮਤ ਦਾ ਕੰਮ ਪੂਰਾ ਕਰਨ।

# ਅੰਬਾਲਾ ਵਿਚ ਦੋ ਵਿਅਕਤੀ ਕਰੋਨਾ ਪਾਜ਼ਿਟਿਵ ਮਿਲੇ

**ਅੰਬਾਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਵਿਚ ਦੋ ਵਿਅਕਤੀ ਕਰੋਨਾ ਪਾਜ਼ਿਟਿਵ ਮਿਲੇ ਹਨ। ਇਨ੍ਹਾਂ ਵਿਚੋਂ ਇਕ ਦੀ ਜਾਂਚ ਬੀਤੀ ਸ਼ਾਮ ਨੂੰ ਅਤੇ ਦੂਜੇ ਦੀ ਅੱਜ ਸਵੇਰੇ ਹੋਈ ਹੈ।

ਜਾਣਕਾਰੀ ਅਨੁਸਾਰ ਕੱਲ੍ਹ ਸ਼ਾਮ ਨੂੰ ਜ਼ਿਲ੍ਹਾ ਹਸਪਤਾਲ ਅੰਬਾਲਾ ਸ਼ਹਿਰ ਵਿਚ ਜਾਂਚ ਦੌਰਾਨ ਇਕ ਨੌਜਵਾਨ ਕਰੋਨਾ ਪਾਜ਼ਿਟਿਵ ਮਿਲਿਆ ਹੈ। ਨੌਜਵਾਨ ਅੰਬਾਲਾ ਦਾ ਰਹਿਣ ਵਾਲਾ ਹੈ ਅਤੇ ਨੋਇਡਾ ਦੀ ਇਕ ਕੰਪਨੀ ਵਿਚ ਕੰਮ ਕਰਦਾ ਹੈ।

ਅੱਜ ਸਵੇਰੇ ਰਾਮ ਨਾਮੀ ਇਕ ਹੋਰ ਵਿਅਕਤੀ ਜਾਂਚ ਦੌਰਾਨ ਕਰੋਨਾ ਪਾਜ਼ਿਟਿਵ ਮਿਲਿਆ ਹੈ। ਇਹ ਵਿਅਕਤੀ ਅਲੀਗੜ੍ਹ (ਯੂਪੀ) ਦਾ ਰਹਿਣ ਵਾਲਾ ਹੈ ਅਤੇ ਅੰਬਾਲਾ ਦੀ ਇਕ ਨਿੱਜੀ ਕੰਪਨੀ ਵਿਚ ਕੰਮ ਕਰਦਾ ਹੈ।

ਹਸਪਤਾਲ ਵਾਲਿਆਂ ਨੇ ਦੋਹਾਂ ਨੂੰ ਘਰ ਵਿਚ ਹੀ ਆਈਸੋਲੇਸ਼ਨ ਵਿਚ ਰਹਿਣ ਲਈ ਕਿਹਾ ਹੈ ਅਤੇ ਕਰੋਨਾ ਤੋਂ ਬਚਣ ਲਈ ਦਵਾਈਆਂ ਦੇ ਸੈੱਟ (ਕਿੱਟਾਂ) ਦੇ ਦਿੱਤੇ ਹਨ।

# ਰੀਲ ਬਣਾਉਣ ਦੇ ਚੱਕਰ ਵਿਚ ਨੌਜਵਾਨ ਨਹਿਰ 'ਚ ਡੁੱਬਿਆ

**ਅੰਬਾਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਸਵੀਂ ਜਮਾਤ ਦੇ 18 ਸਾਲਾ ਵਿਦਿਆਰਥੀ ਅਕੀਲ ਨੇ ਨਹਿਰ ਵਿਚ ਛਾਲ ਮਾਰਦੇ ਸਮੇਂ ਦੀ ਰੀਲ ਬਣਾਉਣ ਦੇ ਚੱਕਰ ਵਿਚ ਆਪਣੀ ਜਾਨ ਗਵਾ ਲਈ।

ਅਕੀਲ ਦੇ ਦੋਸਤ ਉਸ ਦੀ ਨਹਿਰ ਵਿਚ ਛਾਲ ਮਾਰਦੇ ਦੀ ਰੀਲ ਬਣਾ ਰਹੇ ਸਨ।

ਨਹਿਰ ਵਿਚ ਛਾਲ ਮਾਰਨ ਤੋਂ ਬਾਅਦ ਜਦੋਂ ਅਕੀਲ ਕੁਝ ਦੇਰ ਬਾਹਰ ਨਾ ਨਿਕਲਿਆ ਤਾਂ ਉਸ ਦੇ ਦੋਸਤ ਡਰ ਗਏ ਅਤੇ ਅਕੀਲ ਦੇ ਪਰਿਵਾਰ ਨੂੰ ਸੂਚਿਤ ਕੀਤਾ। ਇਸ ਗੱਲ ਦਾ ਖ਼ੁਲਾਸਾ ਨਹਿਰ 'ਤੇ ਨਾਲ ਨਹਾਉਣ ਗਏ ਅਕੀਲ ਦੇ ਵੱਡੇ ਭਰਾ ਅਤੇ ਦੋਸਤਾਂ ਨੇ ਕੀਤਾ ਹੈ।

ਨਨਿਓਲਾ ਪੁਲੀਸ ਚੌਕੀ ਦੇ ਇੰਚਾਰਜ ਏਐਸਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਕੀਲ ਅੰਬਾਲਾ ਕੈਂਟ ਦਾ ਰਹਿਣ ਵਾਲਾ ਸੀ।

ਬੀਤੇ ਦਨ ਐਤਵਾਰ ਨੂੰ ਉਹ ਦੁਪਹਿਰੇ ਆਪਣੇ ਦੋਸਤਾਂ ਨਾਲ ਮਲੌਰ ਹੈੱਡ 'ਤੇ ਐਸਵਾਈਐਲ ਵਿਚ ਨਹਾਉਣ ਆਇਆ ਰੀਲ ਬਣਾਉਣ ਦੇ ਚੱਕਰ ਵਿਚ ਡੁੱਬ ਗਿਆ।

ਹਰਜਿੰਦਰ ਸਿੰਘ ਨੇ ਦੱਸਿਆ ਕਿ ਅਕੀਲ ਦੀ ਲਾਸ਼ ਨਹਿਰ ਵਿਚੋਂ ਕੱਢਣ ਲਈ ਉਨ੍ਹਾਂ ਨੇ ਗੋਤਾਖੋਰਾਂ ਦੇ ਨਾਲ ਹੀ ਡਿਜ਼ਾਸਟਰ ਰੋਕੂ ਟੀਮ ਵੀ ਬੁਲਾਈ ਸੀ ਅਤੇ ਬੀਤੀ ਰਾਤ 8 ਵਜੇ ਦੇ ਕਰੀਬ ਅਕੀਲ ਦੀ ਲਾਸ਼ ਨਹਿਰ ਵਿਚੋਂ ਬਾਹਰ ਕੱਢੀ ਗਈ। ਉਸ ਸਮੇਂ ਮ੍ਰਿਤਕ ਦੇ ਪਰਿਵਾਰ ਵਾਲੇ ਵੀ ਮੌਜੂਦ ਸਨ।

ਨਨਿਓਲਾ ਪੁਲੀਸ ਨੇ ਮ੍ਰਿਤਕ ਦੇ ਮਾਪਿਆਂ ਦੇ ਬਿਆਨਾਂ 'ਤੇ ਇਤਫਾਕੀਆ ਮੌਤ ਦਾ ਮਾਮਲਾ ਦਰਜ ਕਰ ਕੇ ਲਾਸ਼ ਪੋਸਟ ਮਾਰਟਮ ਤੋਂ ਬਾਅਦ ਅੱਜ ਮਾਪਿਆਂ ਨੂੰ ਸੌਂਪ ਦਿੱਤੀ ਹੈ।

# ਜੇਸੀਬੀ ਰੋਕ ਕੇ ਕੁੱਟਮਾਰ ਕਰਨ ਮਗਰੋਂ 20 ਹਜ਼ਾਰ ਰੁਪਏ ਖੋਹੇ

**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਬਾਬੈਨ ਦੇ ਅਧੀਨ ਆਉਂਦੇ ਪਿੰਡ ਅੰਟੇੜੀ ਤੇ ਖੈਰੀ ਵਿਚਕਾਰ ਸੜਕ ਤੇ ਅਣਪਛਾਤੇ ਲੋਕਾਂ ਨੇ ਜੇਸੀਬੀ ਰੋਕ ਕੇ ਮਸ਼ੀਨ ਦੇ ਸਹਾਇਕ ਬਿਹਾਰੀ ਨੌਜਵਾਨ ਸੋਨੂੰ ਤੋਂ 20 ਹਜ਼ਾਰ ਰੁਪਏ ਖੋਹ ਲਏ

। ਸੋਨੂੰ ਨੇ ਬਾਬੈਨ ਪੁਲੀਸ ਨੂੰ ਸ਼ਿਕਾਇਤ ਦਿੰਦਿਆਂ ਦੱਸਿਆ ਕਿ ਉਸ ਨੂੰ ਆਪਣੀ ਮਹੀਨਾਵਾਰ ਤਨਖਾਹ ਮਿਲੀ ਸੀ ਤੇ ਉਹ 20 ਹਜ਼ਾਰ ਰੁਪਏ ਤਨਖਾਹ ਲੈ ਕੇ ਆਪਣੇ ਕੰਮ 'ਤੇ ਜਾ ਰਿਹਾ ਸੀ।

ਜਦ ਉਹ ਅੰਟੇੜੀ ਤੇ ਖੈਰੀ ਪਿੰਡਾਂ ਵਿਚਕਾਰ ਪਹੁੰਚਿਆ ਤਾਂ ਦੋ ਵਿਅਕਤੀਆਂ ਨੇ ਉਸ ਨੂੰ ਰੋਕਿਆ ਤੇ ਡੰਡਿਆਂ ਨਾਲ ਉਸ ਦੀ ਕੁੱਟਮਾਰ ਕੀਤੀ ਤੇ ਉਸ ਕੋਲੋਂ 20 ਹਜ਼ਾਰ ਰੁਪਏ ਖੋਹ ਲਏ ਤੇ ਫ਼ਰਾਰ ਹੋ ਗਏ।

ਸੋਨੂੰ ਨੇ ਆਪਣਾ ਮੈਡੀਕਲ ਕਮਿਊਨਿਟੀ ਸਿਹਤ ਕੇਂਦਰ ਬਾਬੈਨ ਤੋਂ ਕਰਵਾਇਆ। ਜੇਸੀਬੀ ਦੇ ਮਾਲਕ ਪ੍ਰਵੀਨ ਮਥਾਨਾ ਨੇ ਦੱਸਿਆ ਕਿ ਸੋਨੂੰ ਬਿਹਾਰ ਦਾ ਰਹਿਣ ਵਾਲਾ ਹੈ ਤੇ ਉਸ ਦੀ ਜੇਸੀਬੀ 'ਤੇ ਬਤੌਰ ਸਹਾਇਕ ਵਜੋਂ ਕੰਮ ਕਰਦਾ ਹੈ।

ਉਸ ਨੂੰ ਇਸ ਮਹੀਨੇ ਦੀ ਤਨਖਾਹ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਅੰਟੇੜੀ ਤੇ ਖੈਰੀ ਪਿੰਡ ਮੁੱਖ ਮੰਤਰੀ ਦੇ ਹਲਕੇ ਵਿਚ ਆਉਂਦੇ ਹਨ। ਉਨ੍ਹਾਂ ਪੁਲੀਸ ਤੋਂ ਮੰਗ ਕੀਤੀ ਹੈ ਕਿ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਥਾਣਾ ਇੰਚਾਰਜ ਬਲਬੀਰ ਦੱਤ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਮਾਮਲਾ ਲੁੱਟ ਦਾ ਨਹੀਂ ਜਾਪਦਾ। ਇਸ ਕਾਰਨ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਲਦੀ ਹੀ ਇਸ ਮਾਮਲੇ ਦੇ ਤੱਥ ਸਾਹਮਣੇ ਆਉਣਗੇ ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਜਾਂਚ ਪੂਰੀ ਹੋਣ ਮਗਰੋਂ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸੀਆਈਏ ਸਟਾਫ ਵੱਲੋਂ ਤਿੰਨ ਕਿਲੋ ਭੁੱਕੀ ਬਰਾਮਦ



**ਰਤੀਆ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿੱਚ ਚਲਾਈ ਜਾ ਰਹੀ ਨਸ਼ਾ ਛੁਡਾਊ ਮੁਹਿੰਮ ਤਹਿਤ ਪੁਲੀਸ ਸੁਪਰਡੈਂਟ ਸਿਧਾਂਤ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਆਈਏ ਫਤਿਹਾਬਾਦ ਟੀਮ ਨੇ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਦਿਆਂ ਰਤੀਆ ਖੇਤਰ ਤੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਤਿੰਨ ਕਿਲੋ 26 ਗ੍ਰਾਮ ਭੁੱਕੀ ਬਰਾਮਦ ਕੀਤੀ ਗਈ ਹੈ। ਮੁਲਜ਼ਮ ਦੀ ਪਛਾਣ ਮੋਨੂੰ ਉਰਫ਼ ਮੋਟਾ ਵਾਸੀ ਮਿਓਂਦ ਕਲਾਂ ਵਜੋਂ ਹੋਈ ਹੈ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਲਿਆ ਜਾਵੇਗਾ।

ਸੀਆਈਏ ਇੰਚਾਰਜ ਇੰਸਪੈਕਟਰ ਯਾਦਵਿੰਦਰ ਨੇ ਦੱਸਿਆ ਕਿ ਨਸ਼ਾ ਵਿਰੋਧੀ ਮੁਹਿੰਮ ਤਹਿਤ ਏਐਸਆਈ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਪੁਲੀਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਰਤੀਆ ਜਾਖਨ ਦਾਦੀ ਇਲਾਕੇ ਵਿੱਚ ਨਾਕਾਬੰਦੀ ਅਤੇ ਜਾਂਚ ਮੁਹਿੰਮ ਚਲਾਈ ਸੀ। ਇਸ ਦੌਰਾਨ ਇੱਕ ਨੌਜਵਾਨ ਨੂੰ ਮੋਟਰਸਾਈਕਲ 'ਤੇ ਆਉਂਦਾ ਦੇਖਿਆ ਗਿਆ। ਪੁਲੀਸ ਟੀਮ ਨੂੰ ਦੇਖ ਕੇ ਉਹ ਪਿੱਛੇ ਮੁੜਿਆ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਸਦਾ ਮੋਟਰਸਾਈਕਲ ਅਚਾਨਕ ਰੁਕ ਗਿਆ। ਪੁਲੀਸ ਟੀਮ ਨੇ ਮੁਸਤੈਦੀ ਦਿਖਾਈ ਅਤੇ ਮੌਕੇ 'ਤੇ ਉਸ ਨੂੰ ਕਾਬੂ ਕਰ ਲਿਆ। ਨਿਯਮਾਂ ਅਨੁਸਾਰ ਤਲਾਸ਼ੀ ਲੈਣ 'ਤੇ ਉਸਦੇ ਕਬਜ਼ੇ ਵਿੱਚੋਂ ਤਿੰਨ ਕਿਲੋ 26 ਗ੍ਰਾਮ ਭੁੱਕੀ ਬਰਾਮਦ ਹੋਈ। ਮੁਲਜ਼ਮ ਵਿਰੁੱਧ ਰਤੀਆ ਸਿਟੀ ਪੁਲੀਸ ਸਟੇਸ਼ਨ ਵਿੱਚ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਸ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਨਸ਼ਾ ਤਸਕਰੀ ਵਿੱਚ ਸ਼ਾਮਲ ਹੋਰ ਲੋਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ।

# ਅਪਰੇਸ਼ਨ ਸ਼ੀਲਡ: ਹਵਾਈ ਹਮਲਿਆਂ ਤੋਂ ਬਚਾਉਣ ਲਈ ਮੌਕ ਡਰਿੱਲ

**ਸ਼ਾਹਬਾਦ ਮਾਰਕੰਡਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸਡੀਐੱਮ ਪੰਕਜ ਸੇਤੀਆ ਨੇ ਕਿਹਾ ਕਿ ਅਪਰੇਸ਼ਨ ਸ਼ੀਲਡ ਤਹਿਤ ਮੌਕ ਡਰਿੱਲ ਦੌਰਾਨ ਦਰਜਨਾਂ ਲੋਕਾਂ ਨੂੰ ਹਮਲੇ ਤੇ ਅੱਗ ਤੋਂ ਬਚਾਇਆ ਗਿਆ। ਇਨਾਂ ਸਾਰੇ ਲੋਕਾਂ ਨੂੰ ਫੌਰੀ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ।

ਕੁਰੂਕਸ਼ੇਤਰ ਦੇ ਬ੍ਰਹਮ ਸਰੋਵਰ, ਪਿਹੋਵਾ ਵਿਚ ਸੈਨਸਨ ਪੇਪਰ ਮਿੱਲ ਸ਼ਾਹਬਾਦ ਵਿਚ ਸ਼ੂਗਰ ਮਿੱਲ ਵਿਚ ਅਪਰੇਸ਼ਨ ਸ਼ੀਲਡ ਸਫਲਤਾ ਪੂਰਵਕ ਕੀਤੇ ਗਏ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹੇ ਅੰਦਰ ਸ਼ਾਂਤੀ ਬਣਾਏ ਰੱਖਣ ਲਈ ਅਜਿਹੇ ਪ੍ਰਯੋਗਾਂ ਦੌਰਾਨ ਪ੍ਰਸ਼ਾਸਨ ਦਾ ਸਹਿਯੋਗ ਕਰਨ। ਅਪਰੇਸ਼ਨ ਸ਼ੀਲਡ ਦੇ ਪਹਿਲੇ ਪੜਾਅ ਵਿਚ ਬ੍ਰਹਮ ਸਰੋਵਰ ਵਿਖੇ ਰਾਹਤ ਟੀਮਾਂ ਮੌਕੇ ਤੇ ਪਹੁੰਚਿਆਂ ਤੇ ਉਥੋਂ ਲੋਕਾਂ ਨੂੰ ਚਲੇ ਜਾਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇਹਾ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਤਿੰਨ ਥਾਵਾਂ ਕੁਰੂਕਸ਼ੇਤਰ, ਪਿਹੋਵਾ ਤੇ ਸ਼ਾਹਬਾਦ ਵਿਚ ਮੌਕ ਡਰਿੱਲ ਕੀਤੀ ਗਈ। ਇਸ ਅਪਰੇਸ਼ਨ ਸ਼ੀਲਡ ਦੌਰਾਨ ਲੋਕਾਂ ਨੂੰ ਹਵਾਈ ਹਮਲੇ, ਅੱਗ ਕਾਰਨ ਜ਼ਖ਼ਮੀ ਹੋਏ ਲੋਕਾਂ ਨੂੰ ਰਾਹਤ ਟੀਮਾਂ ਵਲੋਂ ਤੁਰੰਤ ਹਸਪਤਾਲ ਲਿਜਾਇਆ ਗਿਆ ਤੇ ਹਸਪਤਾਲ ਵਿਚ ਲੋੜੀਦੀਂ ਮਾਤਰਾ ਵਿਚ ਦਵਾਈਆਂ ਆਦਿ ਉਪਲੱਬਧ ਸਨ। ਇਸ ਅਪਰੇਸ਼ਨ ਸ਼ੀਲਡ ਦੌਰਾਨ ਫਾਇਰ ਬ੍ਰਿਗੇਡ ਟੀਮਾਂ ਨੇ ਅੱਗ 'ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਅਪਰੇਸ਼ਨ ਸ਼ੀਲਡ ਤੋਂ ਬਾਅਦ ਪ੍ਰਸ਼ਾਸਨ ਮੁਲਾਂਕਣ ਕਰੇਗਾ।

ਜ਼ਿਲ੍ਹਾ ਮਾਲ ਅਫ਼ਸਰ ਰਾਜਕੁਮਾਰ ਦੀ ਅਗਵਾਈ ਹੇਠ, ਕਿਸੇ ਵੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਸਫੀਦੋਂ ਮਿੰਨੀ ਸਕੱਤਰੇਤ ਵਿਖੇ ਇੱਕ ਮੌਕ ਡਰਿੱਲ ਕਰਵਾਈ ਗਈ। ਉਨ੍ਹਾਂ ਕਿਹਾ ਕਿ ਇਸ ਮੌਕ ਡਰਿੱਲ ਦਾ ਉਦੇਸ਼ ਆਮ ਲੋਕਾਂ ਨੂੰ ਐਮਰਜੈਂਸੀ ਦੀ ਸਥਿਤੀ ਵਿੱਚ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਸੁਰੱਖਿਆ ਬਾਰੇ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਮੌਕ ਡਰਿੱਲ ਦੌਰਾਨ ਇਹ ਮੰਨਿਆ ਜਾਂਦਾ ਹੈ ਕਿ ਕਿਤੇ ਕੋਈ ਹਾਦਸਾ ਵਾਪਰ ਗਿਆ ਹੈ, ਉਸ ਸਮੇਂ ਸਭ ਤੋਂ ਪਹਿਲਾਂ ਜ਼ਖ਼ਮੀ ਵਿਅਕਤੀ ਨੂੰ ਮੁੱਢਲੀ ਸਹਾਇਤਾ, ਸੀ.ਪੀ.ਆਰ., ਸਟਰੈਚਰ ਦਾ ਪ੍ਰਬੰਧ ਅਤੇ ਹੋਰ ਸੁਰੱਖਿਆ ਪ੍ਰਬੰਧ ਕੀਤੇ ਜਾਂਦੇ ਹਨ ਅਤੇ ਗੰਭੀਰ ਜ਼ਖਮੀਆਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਐਨ.ਸੀ.ਸੀ. ਦੇ ਵਿਦਿਆਰਥੀਆਂ, ਹੋਮ ਗਾਰਡਾਂ, ਪੁਲਿਸ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਦਦ ਨਾਲ, ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੂਜੇ ਸਿਵਲ ਡਿਫੈਂਸ ਐਕਸਰਸਾਈਜ਼ ਆਪ੍ਰੇਸ਼ਨ ਸ਼ੀਲਡ ਤਹਿਤ ਮੌਕ ਡਰਿੱਲ ਵਿੱਚ ਸਾਰੇ ਸੁਰੱਖਿਆ ਪ੍ਰਬੰਧ ਅਮਲੀ ਤੌਰ 'ਤੇ ਕੀਤੇ ਗਏ।ਇਸ ਮੌਕੇ ਨਾਇਬ ਤਹਿਸੀਲਦਾਰ ਵਿਕਾਸ ਕੁਮਾਰ, ਡੀਐਸਪੀ ਗੌਰਵ ਸ਼ਰਮਾ, ਐਸਈਪੀਓ ਨਰੇਸ਼ ਕੁਮਾਰ, ਐਨਸੀਸੀ ਟੁਕੜੀ, ਹੋਮ ਗਾਰਡ ਅਤੇ ਸਾਰੇ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

ਨਾਇਬ ਤਹਿਸੀਲਦਾਰ ਵਿਕਾਸ ਕੁਮਾਰ ਨੇ ਕਿਹਾ ਕਿ ਸਵੈ-ਰੱਖਿਆ ਹਰ ਵਿਅਕਤੀ ਦੀ ਸਭ ਤੋਂ ਵੱਡੀ ਲੋੜ ਹੈ। ਸਵੈ-ਰੱਖਿਆ ਦਾ ਗਿਆਨ ਸਾਨੂੰ ਯੁੱਧ ਦੌਰਾਨ ਆਪਣੀ ਰੱਖਿਆ ਕਰਨ ਵਿੱਚ ਮਦਦ ਕਰੇਗਾ।

ਸਿਰਫ਼ ਜੰਗ ਵਿੱਚ ਹੀ ਨਹੀਂ, ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਸਵੈ-ਰੱਖਿਆ ਦਾ ਗਿਆਨ ਸਾਨੂੰ ਆਪਣੇ ਪਰਿਵਾਰ ਦੀ ਰੱਖਿਆ ਕਰਨ ਅਤੇ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਨੂੰ ਸਾਡੇ ਲਈ ਅਨੁਕੂਲ ਬਣਾਉਣ ਵਿੱਚ ਵੀ ਮਦਦ ਕਰਦਾ ਹੈ। ਇਸ ਤੋਂ ਇਲਾਵਾ ਹੋਰ ਕਈ ਸੁਰੱਖਿਆ ਅਤੇ ਸਵੈ-ਰੱਖਿਆ ਉਪਾਵਾਂ ਬਾਰੇ ਜਾਣਕਾਰੀ ਦਿੱਤੀ ਗਈ।

# ਲੁਧਿਆਣਾ ਵਿਖੇ ਹੋਏ ਇਜਲਾਸ ਵਿੱਚ ਹੈੱਡਮਾਸਟਰ ਕਾਡਰ ਦੀਆਂ ਮੰਗਾਂ ਪੂਰੀਆਂ ਨਾ ਹੋਣ 'ਤੇ ਸੰਘਰਸ਼ ਦਾ ਰਾਹ ਫੜਨ ਦਾ ਐਲਾਨ

## ਮਾਲੇਰਕੋਟਲਾ ਤੋਂ ਵੱਡੀ ਗਿਣਤੀ ਵਿੱਚ ਹੈੱਡਮਾਸਟਰ ਕਾਡਰ ਦੇ ਅਧਿਕਾਰੀਆਂ ਨੇ ਲਿਆ ਭਾਗ




**ਮਲੇਰਕੋਟਲਾ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀਂ ਹੈੱਡਮਾਸਟਰ ਐਸੋਸੀਏਸ਼ਨ, ਪੰਜਾਬ ਦੇ ਸੱਦੇ 'ਤੇ ਲੁਧਿਆਣਾ ਵਿਖੇ ਰੱਖੇ ਗਏ ਜਨਰਲ ਇਜਲਾਸ ਵਿੱਚ ਮਾਲੇਰਕੋਟਲਾ ਤੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਸ਼੍ਰੀ ਸੱਜਾਦ ਅਲੀ ਗੌਰੀਆ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਹੈੱਡਮਾਸਟਰ ਐਸੋਸੀਏਸ਼ਨ ਦੀ ਮਾਲੇਰਕੋਟਲਾ ਇਕਾਈ ਦੇ ਹੈੱਡਮਾਸਟਰਾਂ ਨੇ ਭਾਗ ਲਿਆ। ਇਸ ਮੌਕੇ ਬੋਲਦਿਆਂ ਸਟੇਟ ਕਮੇਟੀ ਮੈਂਬਰ ਸ਼੍ਰੀ ਮੁਹੰਮਦ ਇਮਰਾਨ ਅਤੇ ਸ਼੍ਰੀਮਤੀ ਗੋਪਿਕਾ ਨੇ ਕਿਹਾ ਕਿ ਸਰਕਾਰ ਦੁਆਰਾ ਪਿਛਲੇ ਲੰਮੇ ਸਮੇਂ ਤੋਂ ਅਣਗੌਲੇ ਕੀਤੇ ਹੈੱਡਮਾਸਟਰ ਕਾਡਰ ਵਿੱਚ ਉਹਨਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਨਾ ਮੰਨੇ ਜਾਣ ਦੇ ਵਿਰੁੱਧ ਭਾਰੀ ਰੋਸ ਹੈ। ਇਸ ਲਈ ਲੁਧਿਆਣਾ ਦੇ ਇਜਲਾਸ ਵਿੱਚ ਵੱਡੀ ਗਿਣਤੀ ਵਿੱਚ ਹੈੱਡਮਾਸਟਰ ਕਾਡਰ ਨੇ ਭਾਗ ਲਿਆ ਅਤੇ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਕੀਤੀ ਜਾ ਰਹੀ ਅਣਦੇਖੀ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਲਾਮਬੰਦੀ ਲਈ ਯੋਜਨਾ ਬਣਾਈ ਗਈ। ਇਸ ਮੌਕੇ ਉਹਨਾਂ ਨੇ ਕਿਹਾ ਕਿ ਪ੍ਰਿੰਸੀਪਲ ਪ੍ਰਮੋਸ਼ਨ ਲਈ ਹੈੱਡਮਾਸਟਰ ਕਾਡਰ ਦਾ ਬਣਦਾ ਬੈਕਲਾਗ ਦਿੱਤਾ ਜਾਵੇ ਅਤੇ ਜਲਦ ਪ੍ਰਮੋਸ਼ਨਾਂ ਕੀਤੀਆਂ ਜਾਣ। ਐਸੋਸੀਏਸ਼ਨ ਦੀ ਜਨਰਲ ਸਕੱਤਰ ਰਾਜਵੀਰ ਕੌਰ ਨੇ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਕਿਹਾ ਕਿ 2019 ਵਿੱਚ ਨਿਕਲੀ ਭਰਤੀ ਦੌਰਾਨ ਪਹਿਲਾਂ ਹੀ ਸਾਲਾਂ ਬੱਧੀ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੇ ਪੀ. ਪੀ. ਐੱਸ. ਸੀ. ਦਾ ਇਮਤਿਹਾਨ ਪਾਸ ਕਰਕੇ ਜਨਵਰੀ 2020 ਵਿੱਚ ਹੈੱਡਮਾਸਟਰਾਂ ਵਜੋਂ ਜੁਆਇੰਨ ਕੀਤਾ ਅਤੇ ਦਿਨਾਂ ਵਿੱਚ ਹੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ, ਜਿਸ ਦੇ ਬਦਲੇ ਵਿੱਚ ਸਮੇਂ ਦੀਆਂ ਸਰਕਾਰਾਂ ਨੇ ਉਹਨਾਂ ਨੂੰ ਹਾਇਰ ਰਿਸਪਾਂਸੀਬਿਲਟੀ ਇੰਕਰੀਮੈਂਟ ਦੇਣ ਤੋਂ ਵੀ ਬਿਨਾਂ ਕਿਸੇ ਕਾਰਨ ਦੇ ਹੱਥ ਪਿੱਛੇ ਖਿੱਚ ਲਿਆ, ਹੁਣ ਹੈੱਡਮਾਸਟਰ ਕਾਡਰ ਚੁੱਪ ਨਹੀਂ ਬੈਠੇਗਾ ਅਤੇ ਜਿੱਥੇ ਹਰ ਮੁਹਾਜ਼ 'ਤੇ ਸੰਘਰਸ਼ ਲਈ ਲਾਮਬੰਦੀ ਸ਼ੁਰੂ ਕੀਤੀ ਜਾਵੇਗੀ ਉੱਥੇ ਹੀ ਕਾਨੂੰਨ ਦਾ ਸਹਾਰਾ ਵੀ ਲਿਆ ਜਾਵੇਗਾ।

ਇਸ ਮੌਕੇ ਸੂਬਾ ਪ੍ਰਧਾਨ ਕੁਲਵਿੰਦਰ ਕਟਾਰੀਆ ਨੇ ਹੈੱਡਮਾਸਟਰ ਕਾਡਰ ਦੇ ਗਰੇਡ ਪੇ ਵਿੱਚ ਵਾਧਾ ਕਰਨ, ਹਾਇਰ ਰਿਸਪਾਂਸੀਬਿਲਟੀ ਇਨਕਰਮੈਂਟ ਦੇਣ, ਹੁਣ ਤੱਕ ਬਣਦੇ ਬੈਕਲਾਗ ਕੋਟੇ ਦੀਆਂ ਪ੍ਰੋਮੋਸ਼ਨਾਂ ਅਤੇ ਪ੍ਰਮੋਸ਼ਨ ਕੋਟੇ ਵਿੱਚ ਵਾਧੇ ਦੀਆਂ ਬਿਲਕੁਲ ਜਾਇਜ਼, ਹੱਕੀ ਤੇ ਤਰਕਸੰਗਤ ਮੰਗਾਂ ਪ੍ਰਤੀ ਸਰਕਾਰ ਦਾ ਧਿਆਨ ਦਿਵਾਉਣ ਅਤੇ ਪਹਿਲ ਦੇ ਅਧਾਰ 'ਤੇ ਇਹ ਮੰਗਾ ਪੂਰੀਆਂ ਕਰਕੇ ਕਾਡਰ ਨਾਲ਼ ਇਨਸਾਫ਼ ਕਰਨ ਦੀ ਗੁਹਾਰ ਲਗਾਈ। ਉਹਨਾਂ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਆਏ ਹੋਏ ਹੈੱਡਮਾਸਟਰ ਕਾਡਰ ਨੂੰ ਹਰ ਪੱਖ ਤੋਂ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ ਕਿ ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਵੱਡਾ ਐਕਸ਼ਨ ਪਲਾਨ ਕੀਤਾ ਜਾਵੇਗਾ।

ਇਸ ਮੌਕੇ ਲੁਧਿਆਣਾ ਇਜਲਾਸ ਵਿੱਚ ਹਾਜ਼ਰੀ ਭਰਨ ਵਾਲੇ ਹੈੱਡਮਾਸਟਰ ਸ਼ਕੀਲ ਰਤਨ, ਹੈੱਡਮਾਸਟਰ ਅਸ਼ੋਕ ਗਰਗ , ਹੈੱਡਮਿਸਟ੍ਰੈਸ ਸ਼ਮਸ਼ਾਦ, ਹੈੱਡਮਿਸਟ੍ਰੈਸ ਨੀਲਮ ਕੁਮਾਰੀ,ਹੈੱਡਮਿਸਟ੍ਰੈਸ ਰਜਨੀ ਸ਼ਰਮਾ ਆਦਿ ਨੇ ਸਟੇਟ ਕਮੇਟੀ ਵੱਲੋਂ ਲਏ ਗਏ ਫੈਸਲੇ ਦਾ ਸਵਾਗਤ ਕੀਤਾ।

# ਰਾਈਮ ਅਤੇ ਰਿਦਮ ਗਰੁੱਪ ਵੱਲੋਂ ਸੰਗੀਤਮਈ ਸ਼ਾਮ



**ਫਰੀਦਾਬਾਦ, 7 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਈਮ ਅਤੇ ਰਿਦਮ ਗਰੁੱਪ ਵੱਲੋਂ ਸੰਗੀਤਮਈ ਸ਼ਾਮ ਸੂਰਜਕੁੰਡ ਵਿੱਚ ਕਰਵਾਈ ਗਈ। ਇਸ ਵਿੱਚ ਵੱਖ-ਵੱਖ ਗਾਇਕਾਂ ਅਤੇ ਕਵੀ ਕਵਿਤਰੀਆਂ ਨੇ ਸ਼ਿਰਕਤ ਕੀਤੀ। ਡਾ. ਸੰਗਿਆ ਗੁਪਤਾ ਦੀ ਅਗਵਾਈ ਹੇਠ ਇਸ ਸੁਰਮਈ ਸ਼ਾਮ ਦੌਰਾਨ ਪ੍ਰਦੀਪ ਖੁਰਾਣਾ ਨੇ ਗੀਤ ਪੇਸ਼ ਕੀਤੇ। ਡਾ. ਮਿਨੀ ਖੇਤਰਪਾਲ ਨੇ ਹਿੰਦੀ ਗੀਤ ਗਾਏ। ਡਾ. ਰਿਤੂ ਨੇ ਸਾਹਿਤਕ ਕਲਾਮ ਗਾਇਆ। ਰਿੱਤੂ ਕੁਮਾਰੀ ਨੇ ਸੰਗੀਤਕ ਰਚਨਾ ਪੇਸ਼ ਕੀਤੀ। ਡਾ. ਪ੍ਰਮੋਦ ਗੁਪਤਾ ਨੇ ਮਨੁੱਖੀ ਜੀਵਨ ਵਿੱਚ ਆਨੰਦ ਅਤੇ ਖੁਸ਼ੀ ਦੀ ਅਹਿਮੀਅਤ ਬਾਰੇ ਸੰਖੇਪ ਭਾਸ਼ਣ ਦਿੱਤਾ।

ਡਾ. ਖੇਮੂ ਕੋਹਲੀ ਨੇ ਆਪਣੀ ਰਚਨਾ ਸੁਣਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਵਿਜੈ ਮੋਹਨ ਕੋਹਲੀ, ਦੀਪਕ ਨਾਗ, ਨਵਨੀਤ ਸ਼ਰਮਾ, ਡਾ ਸੁਨੀਤਾ ਨੇ ਵੀ ਹਾਜ਼ਰੀ ਭਰੀ। ਡਾ. ਸੰਗਿਆ ਗੁਪਤਾ ਨੇ ਦੱਸਿਆ ਕਿ ਹਰ ਮਹੀਨੇ ਇਹ ਸ਼ਾਮ ਮਨਾਈ ਜਾਂਦੀ ਹੈ।



ਯੋਧਾ ਸਿੰਘ

# ਜੀਐੱਮ ਜੀਵ: ਜ਼ਹਿਰ ਜਾਂ ਵਰਦਾਨ ?

19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ।

ਪਿਛਲੇ ਲੰਮੇ ਸਮੇਂ ਤੋਂ ਅਨੁਵੰਸ਼ਕੀ ਪੱਧਰ ਤੋਂ ਸੋਧੇ ਹੋਏ ਜੀਵ (Genetically Modified Organism) ਲਗਾਤਾਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਹ ਜੀਐੱਮ ਜੀਵ (GMO) ਹੁੰਦੇ ਕੀ ਹਨ?

19ਵੀਂ ਸਦੀ ਦੇ ਅੱਧ ਵਿਚ ਕੋਈ ਗੁਮਨਾਮ ਪਾਦਰੀ ਆਪਣੇ ਚਰਚ ਦੀਆਂ ਕਿਆਰੀਆਂ ਵਿਚ ਮਟਰਾਂ ਦੀ ਖੇਤੀ ਕਰਦਾ ਹੋਇਆ ਕੁਝ ਵਿਲੱਖਣ ਗੱਲਾਂ ਮਹਿਸੂਸ ਕਰਦਾ ਹੈ ਕਿ ਹਰ ਪੀੜ੍ਹੀ ਬਾਅਦ ਮਟਰਾਂ ਦੇ 7 ਗੁਣ, ਖਾਸ ਤਰੀਕੇ ਨਾਲ ਆਪਣੇ ਆਪ ਨੂੰ ਦੁਹਰਾਉਂਦੇ ਹਨ ਜਿਵੇਂ ਪੌਦੇ ਦਾ ਕੱਦ (ਮਧਰਾ/ਲੰਮਾ), ਫੁੱਲ ਦਾ ਰੰਗ (ਪਰਪਲ/ਚਿੱਟਾ) ਆਦਿ। ਉਸ ਨੇ ਆਪਣਾ ਨਿਰੀਖਣ ਛਪਣ ਲਈ ਭੇਜਿਆ ਪਰ ਵਿਗਿਆਨੀ ਇਸ ਨੂੰ ਬਿਨਾ ਸਿਰ ਪੈਰ ਦੀ ਗੱਲ ਕਹਿ ਕੇ ਰੱਦ ਦਿੰਦੇ ਹਨ ਪਰ 20ਵੀਂ ਸਦੀ ਦੇ ਤਿੰਨ ਵਿਗਿਆਨੀ ਉਸ ਪਾਦਰੀ ਦੇ ਨਤੀਜਿਆ ਉੱਤੇ ਪਹੁੰਚਦੇ ਹਨ ਅਤੇ ਦੇਖਦੇ ਹਨ ਕਿ ਉਹ ਤਾਂ ਯੁੱਗ ਦੀ ਮਹਾਨ ਖੋਜ ਸੀ। ਇਹ ਮਹਾਨ ਖੋਜ ਸੀ ਅਨੁਵੰਸ਼ਕੀ ਦੇ ਸਿਧਾਂਤ ਅਤੇ ਇਹਨਾਂ ਨੂੰ ਖੋਜਣ ਵਾਲਾ ਪਾਦਰੀ ਗਰੇਗਰ ਜੋਹਨ ਮੈਂਡਲ ਸੀ ਜਿਸ ਨੂੰ ਬਾਅਦ ਵਿਚ ਬਣਦਾ ਸਨਮਾਨ ਦਿੱਤਾ ਗਿਆ, ਉਸ ਨੂੰ ਅਨੁਵੰਸ਼ਕੀ ਦੇ ਪਿਤਾਮਾ ਦੇ ਖਿਤਾਬ ਨਾਲ ਨਿਵਾਜਿਆ ਗਿਆ। ਅਨੁਵੰਸ਼ਕੀ ਵਿਗਿਆਨ ਦੀ ਉਹ ਸ਼ਾਖਾ ਹੈ ਜਿਸ ਨੂੰ ਹੇਰੇਡਿਟਰੀ ਵੀ ਕਿਹਾ ਜਾਂਦਾ ਹੈ ਜਿਸ ਵਿਚ ਮਾਪਿਆ ਤੋਂ ਔਲਾਦ ਵਿਚ ਜਾਣ ਵਾਲੇ ਗੁਣਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅਨੁਵੰਸ਼ਕੀ ਵਿਗਿਆਨ ਨੇ ਇਹ ਖੋਜਿਆ ਕਿ ਸੈੱਲ ਅੰਦਰ ਕੁਝ ਹੈ ਜੋ ਮਾਪਿਆ ਤੋਂ ਬੱਚਿਆ ਤੱਕ ਜਾਂਦਾ ਹੈ ਅਤੇ ਇਸ ਵਿਚ ਜੀਵ ਦੀ ਸਾਰੀ ਜਾਣਕਾਰੀ ਹੁੰਦੀ ਹੈ ਜੋ ਜੀਵਨ ਭਰ ਉਸ ਜੀਵ ਦਾ ਸੰਚਾਲਨ ਕਰਦੀ ਹੈ।

1955 ਵਿਚ ਵਾਟਸਨ ਅਤੇ ਕਰਿਕ ਨਾਮ ਦੇ ਵਿਗਿਆਨੀ ਅਨੁਵੰਸ਼ਕੀ ਤੱਤ ਲੱਭ ਕੇ ਇਸ ਦਾ ਪਹਿਲੀ ਵਾਰ ਮਾਡਲ ਤਿਆਰ ਕਰਦੇ ਹਨ ਅਤੇ ਇਹਨੂੰ ਡੀਐੱਨਏ (ਡਿਓਕਸੀ-ਰਾਈਬੋਜ਼-ਨਿਊਕਲਿਕ ਐਸਿਡ) ਦਾ ਨਾਮ ਦਿੱਤਾ ਜਾਂਦਾ ਹੈ। ਡੀਐੱਨਏ ਹਰ ਸੈੱਲ ਅੰਦਰ ਮੌਜੂਦ ਹੁੰਦਾ ਹੈ ਜਿਸ ਦੀ ਪੈਕਿੰਗ ਨੂੰ ਕਰੋਮੋਸੋਮ ਕਿਹਾ ਜਾਂਦਾ ਹੈ। ਹਰ ਜੀਵ ਵਿਚ ਕਰੋਮੋਸੋਮਾਂ ਦੀਆਂ ਦੋ ਕਾਪੀਆਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਇੱਕ ਮਾਂ ਅਤੇ ਇੱਕ ਪਿਓ ਤੋਂ ਬੱਚੇ ਨੂੰ ਮਿਲਦੀ ਹੈ। ਫਿਰ ਖੋਜਾਂ ਰਾਹੀਂ ਇਹ ਪਤਾ ਲੱਗਿਆ ਕਿ ਜੀਵਾਂ ਦੇ ਗੁਣ ਉਹਨਾਂ ਦਾ ਡੀਐੱਨਏ ਤੈਅ ਕਰਦਾ ਹੈ; ਮਤਲਬ, ਅਮਰੂਦ ਦੇ ਬੀਜ 'ਚ ਮੌਜੂਦ ਡੀਐੱਨਏ ਤੋਂ ਜਦੋਂ ਅਗਲੇਰੇ ਬੂਟੇ ਤਿਆਰ ਹੋਣਗੇ ਤਾਂ ਉਹਨਾਂ ਅੰਦਰ ਅਮਰੂਦ ਦੇ ਹੀ ਗੁਣ ਹੋਣਗੇ। ਇਸ ਚਰਚਾ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਮਨੁੱਖ ਨੇ ਮੈਂਡਲ ਦੇ ਕੰਮ-ਕਾਰ ਤੋਂ ਅੱਗੇ ਵਧਦੇ ਹੋਏ ਉਸ ਤੱਤ ਦੀ ਖੋਜ ਕਰ ਲਈ ਜਿਸ ਨਾਲ ਜੀਵਾਂ ਦੇ ਗੁਣ ਤੈਅ ਹੁੰਦੇ ਹਨ ਅਤੇ ਸੈੱਲ ਵਿਚੋਂ ਡੀਐੱਨਏ ਨੂੰ ਬਾਹਰ ਕੱਢ ਕੇ ਅਧਿਐਨ ਵੀ ਕਰਨਾ ਸ਼ੁਰੂ ਕਰ ਦਿੱਤਾ ਗਿਆ।

ਫਿਰ 1960 ਵਿਚ ਵਾਰਨਰ ਅਰਬੇਰ ਨੇ ਕੁਝ ਅਨੋਖਾ ਲੱਭਿਆ। ਉਸ ਨੇ ਦੇਖਿਆ ਕਿ ਵਾਇਰਸ ਜਦੋਂ ਬੈਕਟੀਰੀਆ ਉੱਤੇ ਹਮਲਾ ਕਰਦੇ ਹਨ ਤਾਂ ਬੈਕਟੀਰੀਆ ਦਾ ਬਚਾਅ ਪ੍ਰਬੰਧ ਕੁਝ ਅਜਿਹਾ ਕਰਦਾ ਹੈ ਜਿਸ ਨਾਲ ਵਾਇਰਸ ਦਾ ਡੀਐੱਨਏ ਟੋਟੇ ਟੋਟੇ ਹੋ ਜਾਂਦਾ ਹੈ। ਮਤਲਬ, ਬੈਕਟੀਰੀਆਂ ਕੋਲ ਕੋਈ ਇਸ ਤਰ੍ਹਾਂ ਦਾ ਚਾਕੂ ਹੈ ਜੋ ਵਾਇਰਸ ਦੇ ਡੀਐੱਨਏ ਨੂੰ ਕੱਟ ਕੇ ਟੋਟੇ ਟੋਟੇ ਕਰ ਦਿੰਦਾ ਹੈ। ਫਿਰ ਇਹ ਚਾਕੂ ਵੀ ਲੱਭ ਲਿਆ ਗਿਆ; ਇਹ ਸੀ ਵਿਲੱਖਣ ਪ੍ਰੋਟੀਨ ਐਨਜ਼ਾਈਮ ਜਿਸ ਨੂੰ ਰਿਸਟ੍ਰਿਕਸ਼ਨ ਐਨਜ਼ਾਈਮ ਦਾ ਨਾਮ ਦਿੱਤਾ ਗਿਆ। ਇਸ ਦਾ ਮਤਲਬ ਸੀ ਡੀਐੱਨਏ ਨੂੰ ਖਾਸ ਥਾਂ 'ਤੇ ਕੱਟਣ ਵਾਲਾ ਐਨਜ਼ਾਈਮ।

ਚਲੋ ਫਿਰ ਪ੍ਰਯੋਗਸ਼ਾਲਾ ਵਾਪਸ ਪਰਤਦੇ ਹਾਂ। ਹੁਣ ਸਾਡੇ ਕੋਲ ਟੈਸਟ ਟਿਊਬ ਵਿਚ ਦੋ ਚੀਜ਼ਾਂ ਆ ਚੁੱਕੀਆਂ ਸਨ; ਪਹਿਲੀ, ਜੀਵ ਦਾ ਕੱਢਿਆ ਹੋਇਆ ਡੀਐੱਨਏ; ਦੂਜਾ, ਇਸ ਡੀਐੱਨਏ ਨੂੰ ਕੱਟਣ ਵਾਲਾ ਐਨਜ਼ਾਈਮ ਪ੍ਰੋਟੀਨ (ਰਿਸਟ੍ਰਿਕਸ਼ਨ ਐਨਜ਼ਾਈਮ)। ਪ੍ਰਯੋਗਸ਼ਾਲਾ ਵਿਚ ਤਜਰਬੇ ਕਰ ਕੇ ਦੇਖੇ ਗਏ ਅਤੇ ਇਹ ਐਨਜ਼ਾਈਮ ਡੀਐੱਨਏ ਨੂੰ ਕੱਟ ਰਿਹਾ ਸੀ। ਫਿਰ ਇੱਕ ਹੋਰ ਪ੍ਰੋਟੀਨ (ਐਨਜ਼ਾਈਮ) ਵਰਤਿਆ ਗਿਆ ਜਿਸ ਦਾ ਨਾਮ ਡੀਐੱਨਏ ਲਾਇਗੇਸ ਸੀ ਜੋ ਡੀਐੱਨਏ ਨੂੰ ਫਿਰ ਤੋਂ ਜੋੜ ਸਕਦਾ ਸੀ। ਹੁਣ ਪ੍ਰਯੋਗ ਵਿਚ ਥੋੜ੍ਹਾ ਬਦਲਾਉ ਕੀਤਾ ਗਿਆ। ਟੈਸਟ ਟਿਊਬ ਵਿਚ ਦੋ ਜੀਵਾਂ ਦਾ ਡੀਐੱਨਏ ਲਿਆ ਗਿਆ ਅਤੇ ਉਹਨਾਂ ਨੂੰ ਰਿਸਟ੍ਰਿਕਸ਼ਨ ਐਨਜ਼ਾਈਮ ਨਾਲ ਕੱਟ ਲਗਾ ਕੇ ਜੁੜਨ ਦਿੱਤਾ ਗਿਆ। ਹੁਣ ਇਸ ਨਾਲ ਕੀ ਹੋਇਆ ਹੋਵੇਗਾ? ਪਹਿਲਾਂ ਦੋ ਜੀਵਾਂ ਦਾ ਡੀਐੱਨਏ ਅਲੱਗ ਅਲੱਗ ਪਿਆ ਸੀ, ਉਹਨਾਂ ਨੂੰ ਕੱਟਣ ਵਾਲੇ ਪ੍ਰੋਟੀਨ ਨੇ ਕੱਟ ਲਗਾ ਦਿੱਤੇ ਅਤੇ ਜਦੋਂ ਜੁੜਨ ਦੀ ਵਾਰੀ ਆਈ ਤਾਂ ਇਹ ਦੋ ਅਲੱਗ ਅਲੱਗ ਡੀਐੱਨਏ ਇੱਕ ਦੂਜੇ ਨਾਲ ਵੱਖ ਵੱਖ ਥਾਵਾਂ 'ਤੇ ਜੁੜ ਗਏ। ਜੀਵਨ ਦੇ ਰਹੱਸ ਮਨੁੱਖ ਦੀ ਅੱਖ ਤੋਂ ਓਹਲੇ ਸਨ ਪਰ ਮਨੁੱਖ ਨੇ ਆਪਣੇ ਗਿਆਨ ਦੇ ਇਸ ਸਿਖਰ 'ਤੇ ਪਹੁੰਚਦੇ ਹੋਏ ਸੈੱਲ ਅੰਦਰਲੇ ਰਹੱਸ ਨੂੰ ਸਿਰਫ ਲੱਭਿਆ ਹੀ ਨਹੀਂ ਸਗੋਂ ਉਸ ਨੂੰ ਆਗਿਆ ਅਧੀਨ ਕਰਨ ਦੀ ਤਿਆਰੀ ਵੀ ਕਰ ਲਈ। ਹੁਣ ਮਨੁੱਖ ਆਪਣੇ ਅਨੁਸਾਰ ਪੱਤੇ ਬਦਲਣ ਲਈ ਤਿਆਰ ਸੀ। ਫਿਰ ਵਿਗਿਆਨੀਆਂ ਨੇ ਡੀਐੱਨਏ ਦੇ ਉਹ ਹਿੱਸੇ ਲੱਭੇ ਜਿਸ ਵਿਚ ਗੁਣ ਹੁੰਦੇ ਹਨ। ਇਹਨਾਂ ਨੂੰ ਹੀ ਜੀਨ ਕਿਹਾ ਜਾਂਦਾ ਹੈ; ਜਿਵੇਂ ਚੌਲਾਂ ਵਿਚ ਵਿਟਾਮਿਨ ਏ ਨਹੀਂ ਬਣਦਾ ਕਿਉਂਕਿ ਉਹਨਾਂ ਵਿਚ ਉਹ ਜੀਨ ਨਹੀਂ ਹੈ ਜਿਸ ਨੇ ਬੀਟਾ-ਕੇਰੋਟੀਨ ਪੈਦਾ ਕਰਨਾ ਹੈ ਜੋ ਅੱਗੇ ਚੱਲ ਕੇ ਵਿਟਮਿਨ ਏ ਬਣੇਗੀ। ਫਿਰ ਇੱਕ ਬੈਕਟੀਰੀਆ ਲਿਆ ਗਿਆ ਜਿਸ ਵਿਚ ਜੀਨ ਮੌਜੂਦ ਸੀ ਜਿਸ ਨਾਲ ਵਿਟਾਮਿਨ ਏ ਬਣਾਉਣ ਵਾਲੇ ਰਸਾਇਣਕ ਤੱਤ ਮਿਲਦੇ ਹਨ। ਇਹ ਡੀਐੱਨਏ ਕੱਢ ਕੇ ਉਹ ਖਾਸ ਜੀਨ ਕੱਟ ਲਿਆ ਅਤੇ ਇਸ ਨੂੰ ਚੌਲਾਂ ਦੇ ਡੀਐੱਨਏ ਵਿਚ ਜੋੜ ਦਿੱਤਾ ਤੇ ਫਿਰ ਇਸ ਡੀਐੱਨਏ ਨੂੰ ਸੈੱਲ ਅੰਦਰ ਪਾ ਕੇ ਨਵੀਂ ਫਸਲ ਤਿਆਰ ਕੀਤੀ ਗਈ। ਹੈਰਾਨੀਜਨਕ ਨਤੀਜੇ ਸਾਹਮਣੇ ਆਏ ਚੌਲਾਂ ਵਿਚ ਵਿਟਾਮਿਨ ਏ ਬਣ ਰਿਹਾ ਸੀ। ਇਹ ਸਾਡੀ ਕੁਦਰਤ ਬਾਰੇ ਅਤੇ ਜੀਵ ਵਿਗਿਆਨ ਦੇ ਖੇਤਰ ਵਿਚ ਸੈੱਲ ਬਾਰੇ ਸਮਝ ਦੀ ਗਹਿਰਾਈ ਸੀ ਕਿ ਅਸੀਂ ਜੀਵਾਂ ਨੂੰ ਆਪਣੇ ਹਿਸਾਬ ਨਾਲ ਬਦਲ ਸਕਦੇ ਹਾਂ। ਇਹਨਾਂ ਹੀ ਪੌਦਿਆਂ ਅਤੇ ਜਾਨਵਰਾਂ ਨੂੰ ਅਨੁਵੰਸ਼ਕੀ ਸੋਧਿਆ ਜੀਵ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਇਸ ਖੇਤਰ ਨੂੰ ਖੋਜ ਕਾਰਜਾਂ ਲਈ ਬੇਹਿਸਾਬ ਪੈਸਾ ਮਿਲਦਾ ਹੈ। ਬਹੁਤ ਸਾਰੀਆਂ ਫਸਲਾਂ ਜਿਵੇਂ ਕਪਾਹ, ਬੈਂਗਣ, ਚੌਲ ਆਦਿ ਨੂੰ ਜੈਨੇਟਿਕ ਪੱਧਰ ਤੋਂ ਸੋਧਿਆ ਜਾਂਦਾ ਹੈ। ਹੁਣ ਤੱਕ ਜੋ ਚਰਚਾ ਕੀਤੀ ਹੈ, ਉਹ ਮਨੁੱਖ ਦੀ ਮਹਾਨ ਲੱਭਤ ਦਾ ਇਤਿਹਾਸ ਸੀ ਪਰ ਭਵਿੱਖ ਵਿਚ ਇਸ ਲੱਭਤ ਨੇ ਬਹੁਤ ਸਾਰੇ ਵਿਵਾਦਾਂ ਨੂੰ ਜਨਮ ਦਿੱਤਾ।

ਹੁਣ ਸਵਾਲ ਹੈ ਕਿ ਜੀਐੱਮਓ ਜ਼ਹਿਰ ਹੈ ਜਾਂ ਵਰਦਾਨ?

ਮਨੁੱਖ ਸਦੀਆਂ ਤੋਂ ਵਿਗਿਆਨ ਦੀ ਵਰਤੋਂ ਰਾਹੀਂ ਆਪਣਾ ਜੀਵਨ ਪੱਧਰ ਸੁਧਾਰਦਾ ਰਿਹਾ ਹੈ ਜਿਸ ਦੇ ਮਨੁੱਖ ਤੇ ਕੁਦਰਤ ਨੂੰ ਫਾਇਦੇ ਅਤੇ ਨੁਕਸਾਨ ਵੀ ਹੁੰਦੇ ਰਹੇ ਹਨ। ਅਧੁਨਿਕ ਸਮੇਂ ਦੀ ਸ਼ੁਰੂਆਤ ਜਿਸ ਵਿਚ ਮਨੁੱਖ ਸਨਅਤੀ ਪੈਦਾਵਾਰ ਵੱਲ ਵਧਦਾ ਹੈ ਤਾਂ ਆਵਾਜਾਈ, ਦੂਰ-ਸੰਚਾਰ,



# ਐਵੇਂ ਨਾ ਸਹਾਰੇ ਲੱਭਦੇ ਰਿਹਾ ਕਰੋ

ਕੈਲਾਸ਼ ਚੰਦਰ ਸ਼ਰਮਾ

'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ।

ਖੁਸ਼ੀਆਂ ਤੇ ਗ਼ਮ ਸਾਡੀ ਜ਼ਿੰਦਗੀ ਵਿੱਚ ਵਾਰੋ-ਵਾਰੀ ਗੇੜੇ ਮਾਰਦੇ ਰਹਿੰਦੇ ਹਨ। ਜਿਸ ਨਾਲ ਵਿਅਕਤੀ ਦੀ ਜ਼ਿੰਦਗੀ ਵਿੱਚ ਹਾਲਾਤ ਮੌਸਮਾਂ ਵਾਂਗ ਬਦਲਦੇ ਰਹਿੰਦੇ ਹਨ। ਕਈ ਵਾਰ ਇਹ ਹਾਲਾਤ ਵਿਅਕਤੀ ਨੂੰ ਇੰਨਾ ਕਮਜ਼ੋਰ ਬਣਾ ਦਿੰਦੇ ਹਨ ਕਿ ਉਸ ਨੂੰ ਇਸ ਵਿੱਚੋਂ ਨਿਕਲਣ ਦਾ ਕੋਈ ਤਰੀਕਾ ਨਹੀਂ ਸੁੱਝਦਾ। ਇਸ ਲਈ ਉਹ ਨਾ ਚਾਹੁੰਦੇ ਹੋਏ ਵੀ ਆਪਣੇ ਨਜ਼ਦੀਕ ਦੇ ਸਬੰਧਾਂ ਵਿੱਚੋਂ ਸਹਾਰਾ ਲੈਣ ਲਈ ਮਜਬੂਰ ਹੋ ਜਾਂਦਾ ਹੈ। ਜਦੋਂ ਸਹਾਰਾ ਆਸਾਨੀ ਨਾਲ ਮਿਲ ਜਾਵੇ ਤਾਂ ਹੌਲੀ ਹੌਲੀ ਦੂਸਰਿਆਂ ਕੋਲੋਂ ਸਹਾਰਾ ਲੱਭਣਾ ਵਿਅਕਤੀ ਦੀ ਆਦਤ ਬਣ ਜਾਂਦੀ ਹੈ ਜੋ ਬਾਅਦ ਦੇ ਜੀਵਨ ਵਿੱਚ ਬਹੁਤੀ ਵਾਰ ਨਮੋਸ਼ੀ ਦਾ ਕਾਰਨ ਵੀ ਬਣਦੀ ਹੈ।

ਸਿਆਣੇ ਕਹਿੰਦੇ ਹਨ ਕਿ ਸਦਾ ਬੇਗਾਨੇ ਖੰਭਾਂ ਦਾ ਸਹਾਰਾ ਲੱਭਣ ਵਾਲੇ ਲੋਕ ਸਾਰੀ ਉਮਰ ਹਨੇਰਾ ਹੀ ਢੋਂਦੇ ਰਹਿੰਦੇ ਹਨ ਤੇ ਕਦੇ ਵੀ ਸਫਲਤਾ ਦੀਆਂ ਉਚਾਈਆਂ ਹਾਸਲ ਨਹੀਂ ਕਰ ਸਕਦੇ। ਵਿਅਕਤੀ ਨੂੰ ਖੁਸ਼ਹਾਲੀ ਦੀਆਂ ਮੰਜ਼ਿਲਾਂ ਪ੍ਰਾਪਤ ਕਰਨ ਤੇ ਆਪਣੀ ਪਰਛਾਈ ਲਈ ਖ਼ੁਦ ਧੁੱਪ ਵਿੱਚ ਖੜ੍ਹੇ ਰਹਿਣਾ ਚਾਹੀਦਾ ਹੈ। ਦੂਜਿਆਂ ਦੀ ਛਾਂ ਵਿੱਚ ਖੜ੍ਹੇ ਰਹਿ ਕੇ ਅਸੀਂ ਆਪਣੀ ਪਰਛਾਈ ਖੋ ਦਿੰਦੇ ਹਾਂ ਜਿਸ ਕਾਰਨ ਜ਼ਿੰਦਗੀ ਵਿੱਚ ਬਹੁਤ ਤਕਲੀਫ਼ ਮਿਲਦੀ ਹੈ। ਤੈਰਨਾ ਸਿੱਖਣਾ ਹੈ ਤਾਂ ਪਾਣੀ ਵਿੱਚ ਉਤਰਨਾ ਹੀ ਪਵੇਗਾ, ਕਿਨਾਰੇ ਬੈਠ ਕੇ ਕੋਈ ਗੋਤਾਖੋਰ ਨਹੀਂ ਬਣ ਸਕਦਾ। ਆਪਣੇ ਸੁਪਨਿਆਂ ਦੀ ਮੰਜ਼ਿਲ ਪ੍ਰਾਪਤੀ ਮਾੜੇ ਹਾਲਾਤ ਵਿੱਚੋਂ ਨਿਕਲਣ ਦੀ ਪਹਿਲੀ ਪੁਲਾਂਘ ਖ਼ੁਦ ਦੇ ਹੌਸਲੇ ਨਾਲ ਹੀ ਪੁੱਟਣੀ ਪੈਂਦੀ ਹੈ। ਪਰਮਾਤਮਾ ਨੇ ਹਰ ਵਿਅਕਤੀ ਨੂੰ ਅਨੋਖੀਆਂ ਸ਼ਕਤੀਆਂ ਦਿੱਤੀਆਂ ਹਨ, ਪਰ ਜੋ ਵਿਅਕਤੀ ਹਾਲਾਤ ਦੇ ਅੱਗੇ ਹਾਰ ਜਾਂਦੇ ਹਨ, ਰੀੜ੍ਹ ਦੀ ਹੱਡੀ ਹੋਣ ਦੇ ਬਾਵਜੂਦ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਹੀਆ ਨਹੀਂ ਕਰਦੇ, ਉਹ ਸਮੇਂ ਦੀ ਧੂੜ ਵਿੱਚ ਹੀ ਗੁਆਚ ਜਾਂਦੇ ਹਨ ਤੇ ਮੰਗਤਿਆਂ ਵਾਂਗ ਦੂਸਰਿਆਂ ਦੇ ਸਾਹਮਣੇ ਤਰਸ ਦੇ ਪਾਤਰ ਬਣੇ ਰਹਿੰਦੇ ਹਨ। ਇਸ ਲਈ ਮਨੁੱਖ ਨੂੰ ਹਰ ਗੱਲ 'ਤੇ ਆਸਰੇ ਲੈਣ ਵਾਲਾ ਨਹੀਂ ਬਣਨਾ ਚਾਹੀਦਾ।

ਜ਼ਰੂਰਤ ਤੋਂ ਜ਼ਿਆਦਾ ਦੂਜਿਆਂ 'ਤੇ ਨਿਰਭਰਤਾ, ਇਨਸਾਨ ਨੂੰ ਅਪਾਹਜ ਬਣਾ ਦਿੰਦੀ ਹੈ ਤੇ ਅਜਿਹੇ ਲੋਕ ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਦੇਖਣ ਦੀ ਜੁਰੱਅਤ ਨਹੀਂ ਕਰ ਸਕਦੇ। ਜ਼ਿੰਦਗੀ ਵਿੱਚ ਖ਼ੁਦ ਹਿੰਮਤ ਕਰੋਗੇ ਤਾਂ ਸਾਰਾ ਕੁਝ ਬਦਲ ਸਕਦੇ ਹਾਂ। ਕਈ ਵਾਰ ਬਾਰ-ਬਾਰ ਸਹਾਰਾ ਪ੍ਰਾਪਤ ਕਰਨ ਦੀ ਆਦਤ ਕਾਰਨ ਸਹਾਰਾ ਦੇਣ ਵਾਲੇ ਹੀ ਮੰਜ਼ਿਲਾਂ ਤੋਂ ਗੁੰਮਰਾਹ ਵੀ ਕਰ ਦਿੰਦੇ ਹਨ। ਦੂਜਿਆਂ ਤੋਂ ਮਿਲਣ ਵਾਲੇ ਸਹਾਰੇ 'ਤੇ ਰਹਿਣ ਨਾਲ ਜੀਵਨ ਹੀ ਬੰਦ ਹੋ ਜਾਂਦਾ ਹੈ। ਜਿਹੜਾ ਵਿਅਕਤੀ ਅਪਾਹਜ ਹੋਣ ਦੇ ਬਾਵਜੂਦ ਚੱਲਦਾ ਰਹਿੰਦਾ ਹੈ, ਉਸ ਨੂੰ ਅੱਗੇ ਕਿਸਮਤ ਉਡੀਕ ਰਹੀ ਹੁੰਦੀ ਹੈ।

'ਇੱਕ ਬਜ਼ੁਰਗ ਜੋੜਾ ਹਵਾਈ ਜਹਾਜ਼ ਵਿੱਚ ਸਫ਼ਰ ਕਰ ਰਿਹਾ ਸੀ। ਆਦਮੀ ਦੀ ਉਮਰ ਲਗਭਗ ਅੱਸੀ ਸਾਲ ਦੇ ਕਰੀਬ ਹੋਵੇਗੀ ਤੇ ਔਰਤ ਕੁਝ ਸਾਲ ਘੱਟ। ਜਦੋਂ ਉਹ ਬਜ਼ੁਰਗ ਇੱਕ ਬੋਤਲ ਖੋਲ੍ਹਣ ਲੱਗਾ ਤਾਂ ਉਨ੍ਹਾਂ ਕੋਲੋਂ ਖੁੱਲ੍ਹ ਨਹੀਂ ਸੀ ਰਹੀ। ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਕੋਲੋਂ ਬੋਤਲ ਖੋਲ੍ਹਣ ਲਈ ਮੰਗੀ ਤਾਂ ਉਨ੍ਹਾਂ ਨੇ ਨਹੀਂ ਦਿੱਤੀ, ਪਰ ਆਪਣੀ ਕੋਸ਼ਿਸ਼ ਜਾਰੀ ਰੱਖੀ। ਬੋਤਲ ਨਾ ਖੁੱਲ੍ਹਦੀ ਦੇਖ ਕੇ ਮੈਂ ਵੀ ਉਨ੍ਹਾਂ ਦੀ ਮਦਦ ਕਰਨ ਲਈ ਹੱਥ ਵਧਾਇਆ, ਪਰ ਸਭ ਕੁਝ ਬੇਕਾਰ। ਆਖਰ ਇੱਕ ਦੋ-ਵਾਰ ਹੋਰ ਕੋਸ਼ਿਸ਼ ਕਰਨ 'ਤੇ ਉਨ੍ਹਾਂ ਨੇ ਬੋਤਲ ਖੋਲ੍ਹ ਲਈ। ਮੇਰੇ ਵੱਲ ਦੇਖ ਕੇ ਕਹਿਣ ਲੱਗੇ: ਦੂਜਿਆਂ ਦੇ ਸਹਾਰੇ ਤੋਂ ਵੱਡਾ ਇਸ ਦੁਨੀਆ ਵਿੱਚ ਕੋਈ ਵਾਇਰਸ ਨਹੀਂ ਤੇ ਖ਼ੁਦ ਦੀ ਹਿੰਮਤ ਤੋਂ ਵੱਡੀ ਕੋਈ ਵੈਕਸੀਨ ਨਹੀਂ ਹੁੰਦੀ।

ਇਸ ਸੰਸਾਰ ਵਿੱਚ ਸਭ ਤੋਂ ਵੱਡਾ ਗ਼ਰੀਬ ਉਹੀ ਹੈ ਜਿਸ ਦੀਆਂ ਖ਼ੁਸ਼ੀਆਂ ਦੂਜਿਆਂ 'ਤੇ ਨਿਰਭਰ ਕਰਦੀਆਂ ਹਨ। ਕੱਪੜਿਆਂ ਦੀ ਮੈਚਿੰਗ ਬਿਠਾਉਣ ਨਾਲ ਸਿਰਫ਼ ਸਰੀਰ ਸੁੰਦਰ ਦਿਸਦਾ ਹੈ, ਪਰ ਜੇਕਰ ਹਿੰਮਤ ਤੇ ਸੋਚ ਨਾਲ ਮੈਚਿੰਗ ਬਿਠਾ ਲਈਏ ਤਾਂ ਜੀਵਨ ਸੁੰਦਰ ਬਣ ਜਾਵੇਗਾ। ਬਦਕਿਸਮਤੀ ਇਹ ਹੈ ਕਿ ਅਸੀਂ ਛੋਟੀ ਜਿਹੀ ਮੁਸ਼ਕਿਲ ਆ ਜਾਣ 'ਤੇ

# ਕਿਤਾਬਾਂ ਦਾ ਲਾਜਵਾਬ ਤੇ ਲਾਸਾਨੀ ਨਿੱਧ



ਪ੍ਰੋ. ਕੁਲਵੰਤ ਸਿੰਘ ਔਜਲਾ
84377-88856

ਪੜ੍ਹਨ ਦਾ ਨਸ਼ਾ ਦੁਨੀਆਂ ਦੇ ਤਮਾਮ ਨਸ਼ਿਆਂ ਤੋਂ ਉੱਤਮ ਤੇ ਊਰਜਾਵਾਨ ਹੈ। ਇਹ ਨਸ਼ਾ ਸਿਹਤਮੰਦ ਤੇ ਸੁਰਵੰਤ ਇਨਸਾਨਾਂ ਦੀ ਸੰਗਤ ਤੇ ਸੋਹਬਤ ਵਿਚ ਲੱਗਦਾ ਹੈ। ਇਹ ਤਾਉਮਰ ਦਾ ਨਸ਼ਾ ਹੈ। ਮੈਂ ਆਪਣੇ ਗੁਰੂ ਹਰਭਜਨ ਸਿੰਘ ਹੁੰਦਲ ਨੂੰ ਮਿਲਣ ਗਿਆ। ਵਡੇਰੀ ਉਮਰ ਕਾਰਨ ਕਮਜ਼ੋਰ ਸਨ ਪਰ ਅਜੇ ਵੀ ਉਹ ਅੰਗਰੇਜ਼ੀ ਦੀ ਵਿਸ਼ਵ ਪ੍ਰਸਿੱਧ ਕਿਤਾਬ ਪੜ੍ਹਨ ਵਿਚ ਲੀਨ ਸਨ। ਉਨ੍ਹਾਂ ਆਖਿਆ ਕਿ ਮੈਨੂੰ ਚੰਗੀਆਂ ਕਿਤਾਬਾਂ ਦੀ ਦੱਸ ਗੁਰਦਿਆਲ ਬੱਲ ਪਾਉਂਦਾ ਹੈ। ਫਿਰ ਉਹ ਕਿਤਾਬ ਮੈਂ ਹਰ ਹੀਲੇ ਮੰਗਵਾਉਂਦਾ ਅਤੇ ਪੜ੍ਹਦਾ ਹਾਂ। ਪੜ੍ਹਨ ਦੀ ਜਾਗ ਮੈਨੂੰ ਮਿਡਲ ਸਕੂਲ ਵਿਚ ਹਰਭਜਨ ਸਿੰਘ ਹੁੰਦਲ ਦੀ ਪ੍ਰੇਰਨਾ ਨਾਲ ਲੱਗੀ। ਚੰਗੇ ਅਧਿਆਪਕ ਪੜ੍ਹਨ ਲਈ ਮੁਤਾਸਿਰ ਕਰਦੇ ਹਨ। ਪੜ੍ਹਨ ਦੀ ਲਗਨ ਲੱਗ ਜਾਵੇ ਤਾਂ ਟੁੱਟਦੀ ਨਹੀਂ। ਪੜ੍ਹਨ ਵਿਚ ਲਿਵ ਲੱਗ ਜਾਵੇ ਤਾਂ ਰੋਟੀ ਭੁੱਲ ਜਾਂਦੀ ਹੈ। ਪੜ੍ਹਨ ਨਾਲ ਅੰਦਰੂਨੀ ਤੰਦਰੁਸਤੀਆਂ ਦੀ ਲਹਿਰ ਊਰਜਿਤ ਹੁੰਦੀ ਹੈ। ਪੜ੍ਹਨ ਨਾਲ ਮਨ-ਮਸਤਕ ਵਿਚ ਨਵੀਂ ਦੁਨੀਆਂ ਜਾਗਦੀ ਹੈ। ਜਦੋਂ ਯੂਨੀਵਰਸਿਟੀ ਪੜ੍ਹਨ ਗਿਆ ਤਾਂ ਉੱਥੇ ਲਾਲੀ ਬਾਬੇ ਜਿਹੇ ਅਨੇਕਾਂ 'ਭੂਤ' (ਦਲੀਪ ਕੌਰ ਟਿਵਾਣਾ ਵੱਲੋਂ ਆਪਣੇ ਕੁਝ ਵਿਦਿਆਰਥੀਆਂ ਨੂੰ ਪਿਆਰ ਨਾਲ ਦਿੱਤਾ ਗਿਆ 'ਨਾਂ') ਸਨ। ਇਨ੍ਹਾਂ ਬਾਬਿਆਂ ਦੀਆਂ ਬਾਤਾਂ ਸੁਣ-ਸੁਣ ਕੇ ਅਸਚਰਜ ਹੋਈ ਜਾਣਾ। ਆਮ ਜਿਹੇ ਬੰਦਿਆਂ ਵਰਗੇ ਇਹ ਲੋਕ ਮੌਲਿਕ ਤੇ ਵਿਸ਼ੇਸ਼ ਲੱਗਣ ਲੱਗੇ। ਅਜਿਹੇ ਜ਼ਰਖ਼ੇਜ਼ ਮਾਹੌਲ ਵਿਚ ਪੜ੍ਹਨ ਵਾਲਿਆਂ ਨੂੰ ਸ਼ਕਤੀ, ਸਿਦਕ ਤੇ ਸੰਵੇਦਨਾ ਮਿਲਦੀ ਹੈ। ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਇਹ ਬਾਬੇ ਪੜ੍ਹਨ ਦੀਆਂ ਭੱਠੀਆਂ ਮਘਾਈ ਰੱਖਦੇ। ਹਰ ਕਿਸੇ ਦੇ ਹੱਥ ਵਿਚ ਕਿਤਾਬਾਂ ਹੁੰਦੀਆਂ। ਹਰ ਕਿਸੇ ਦਾ ਅੰਦਾਜ਼ ਟੁੰਬਦਾ। ਲਾਇਬਰੇਰੀ ਉਦੋਂ ਪੜ੍ਹਨ ਵਾਲਿਆਂ ਦਾ ਮੱਕਾ ਤੇ ਮਦੀਨਾ ਹੁੰਦੀ ਸੀ। ਯੂਨੀਵਰਸਿਟੀ ਦੀ ਹਵਾ ਵਿਚ ਇਹ ਦੰਦਕਥਾ ਪ੍ਰਚਲਤ ਸੀ ਕਿ ਕਿਤਾਬਾਂ ਪੜ੍ਹੋ ਭਾਵੇਂ ਚੋਰੀ ਕਰ ਕੇ ਪੜ੍ਹੋ। ਲਾਲੀ ਬਾਬੇ ਦੀਆਂ ਮਹੀਨ ਤੇ ਮੁੱਲਵਾਨ ਗੱਲਾਂ ਠਹਿਰੀ ਰਾਤ ਤੀਕ ਚੱਲਦੀਆਂ। ਗੱਲਾਂ ਇਲਮ ਤੇ ਅਨੁਭਵ ਦੇ ਮਿਸ਼ਰਣ ਵਿਚੋਂ ਜੰਮਦੀਆਂ ਹਨ। ਗੱਲਾਂ ਲਈ ਪੜ੍ਹੇ ਤੇ ਗੁੜ੍ਹੇ ਹੋਣਾ ਲਾਜ਼ਮੀ ਹੈ। ਗੱਲਾਂ ਵਿਚ ਜਾਦੂ, ਜੋਸ਼ ਤੇ ਜਜ਼ਬਾ ਹੁੰਦਾ ਹੈ। ਪੜ੍ਹਨ ਨਾਲ ਗੱਲਾਂ ਨੂੰ ਆਤਿਸ਼ ਤੇ ਆਂਤਰਿਕਤਾ ਮਿਲਦੀ ਹੈ। ਪੜ੍ਹਨ ਨਾਲ ਬੰਦਾ ਗਹਿਰਾ ਤੇ ਗੂੜ੍ਹਾ ਹੁੰਦਾ ਹੈ। ਪੜ੍ਹਨ ਬਿਨਾਂ ਲੋਕ ਫੋਕੇ ਰਹਿ ਜਾਂਦੇ ਹਨ। ਮੇਰਾ 35 ਸਾਲ ਪੁਰਾਣਾ ਨੌਕਰ ਸਵੇਰੇ ਜਦੋਂ ਆਉਂਦਾ ਹੈ ਤਾਂ ਮੇਰੀਆਂ ਅਖ਼ਬਾਰਾਂ ਨੂੰ ਫੜ-ਫੜ ਕੇ ਮੂਰਤਾਂ ਦੇਖਦਾ ਹੈ ਤੇ ਪੁੱਛਦਾ ਹੈ ਕਿ ਇਹ ਕੀ ਹੈ? ਇਹ ਕੀ ਲਿਖਿਆ ਹੈ? ਕਦੇ-ਕਦੇ ਕਹਿੰਦਾ ਹੈ ਕਿ ਪੜ੍ਹ ਜਾਂਦੇ ਤਾਂ ਚੰਗਾ ਸੀ ਪਰ ਮਾਂ-ਬਾਪ ਦੀ ਜਲਦੀ ਮੌਤ ਨਾਲ ਬਾਰਾਂ ਸਾਲ ਦੀ ਉਮਰ ਵਿਚ ਭਰਾਵਾਂ ਨੇ ਜੱਟਾਂ ਨਾਲ ਹਲ ਵਾਹੁਣ ਲਾ ਦਿੱਤਾ। ਨਾ ਪੜ੍ਹ ਸਕਣ ਦਾ ਹੇਰਵਾ ਤੜਫ਼ਾਉਂਦਾ ਹੈ। ਪੜ੍ਹਨ ਦਾ ਸਬੱਬ ਵਕਤ ਦੀ ਰਹਿਮਤ ਹੈ। ਅਸਾਵੇਂ ਹਾਲਾਤ ਵਿਚ ਵੀ ਪੜ੍ਹਨ ਵਾਲੇ ਪੜ੍ਹ ਗਏ। ਅੱਜਕੱਲ੍ਹ ਪੜ੍ਹਨਾ ਅਕਾਦਮਿਕ ਜਿਹਾ ਹੋ ਗਿਆ ਹੈ। ਰਸਮੀ ਤੇ ਰੂਹਹੀਣ ਰਿਵਾਜਪ੍ਰਸਤੀ ਜਿਹਾ। ਪਹਿਲਾਂ ਲੋਕਾਂ ਨੂੰ ਪੜ੍ਹਨ ਦੀ ਭੁੱਖ ਲੱਗਦੀ ਸੀ। ਅੰਦਰੋਂ ਖੋਹ ਪੈਂਦੀ ਸੀ। ਖੋਹ ਪੈਣਾ ਰਚਨਾਤਮਿਕਤਾ ਹੈ। ਖੋਹ ਨਾ ਪੈਣਾ ਧੜਕਣਾਂ ਦੇ ਖੰਡਰਾਤ ਹੋ ਜਾਣ ਦਾ ਪ੍ਰਤੀਕ ਹੈ। ਪੁਸਤਕਾਂ ਸਦੀਵੀ, ਸੁਰੀਲੀਆਂ, ਸੁਪਨਸਾਜ਼ ਤੇ ਸੱਚੀਆਂ ਧੜਕਣਾਂ ਦੀ ਜਾਗਦੀ ਬੋਲਦੀ ਜ਼ੁਬਾਨ ਹਨ। ਪੁਸਤਕਾਂ ਪੜ੍ਹਨ ਨਾਲ ਮਨੁੱਖ ਦੇ ਅੰਦਰੋਂ ਬਾਬੀਹਾ ਬੋਲਦਾ ਹੈ।

ਨਿੱਕੇ ਹੁੰਦੇ ਜਦੋਂ ਬਾਪ ਨਾਲ ਤੜਕੇ ਤੜਕੇ ਕੰਮ ਕਰਨ ਲਈ ਜਾਂਦੇ ਤਾਂ ਕੰਮ ਦੀ ਤਪਸ਼ ਤੇ ਤਾਜ਼ਗੀ ਨਾਲ ਡਾਹਢੀ ਭੁੱਖ ਲੱਗਦੀ। ਵਾਰ ਵਾਰ ਪਿੰਡ ਵੱਲ ਨੂੰ ਦੇਖਦੇ, ਸ਼ਾਇਦ ਮਾਂ ਰੋਟੀਆਂ ਲੈ ਕੇ ਆਉਂਦੀ ਹੋਵੇ। ਅਜਿਹੀ ਭੁੱਖ ਹੁਣ ਕਦੇ ਨਹੀਂ ਲੱਗਦੀ। ਖਾਣ ਪ੍ਰਤੀ ਅਜਿਹੀ ਅੰਦਰੂਨੀ ਕਸ਼ਿਸ਼ ਤੇ ਕਾਵਿਕਤਾ ਮੁੜ ਕਦੇ ਨਹੀਂ ਪੰਘਰੀ। ਏਨੀ ਮਿੱਠੀ ਤੇ ਮਮਤਾਮਈ ਉਡੀਕ ਮੁੜ ਅੱਖਾਂ ਵਿਚ ਕਦੇ ਨਹੀਂ ਉਤਰੀ। ਮਾਂ-ਬਾਪ ਨਾਲ ਕੰਮ ਕਰਦਿਆਂ ਊਰਜਿਤ ਹੋਈ ਇਸ ਰਚਨਾਤਮਿਕ ਭੁੱਖ, ਅੰਦਰੂਨੀ ਸਵਾਦ ਤੇ ਇਲਾਹੀ ਉਡੀਕ ਨੇ ਪੜ੍ਹਨ ਦੇ ਰਾਜ਼ ਤੇ ਰੂਹਦਾਰੀਆਂ ਦਾ ਰਾਹ ਸਮਝਾਇਆ। ਪੜ੍ਹਨਾ ਰੂਹ ਦੀ ਖ਼ੁਰਾਕ ਤੇ ਖ਼ਾਬਗੋਈ ਹੈ। ਨਾ ਹੁਣ ਪੜ੍ਹਾਉਣ ਵਾਲੇ ਪਹਿਲਾਂ ਵਰਗੇ ਰਹੇ। ਨਾ ਪੜ੍ਹਨ ਵਾਲੇ ਪਹਿਲਾਂ ਵਰਗੇ। ਭੂਤਾਂ ਤੇ ਬਾਬਿਆਂ ਨੂੰ ਯਾਦ ਕਰਦਿਆਂ ਕਦੇ ਲਿਖਿਆ ਸੀ:

ਗੱਲਾਂ ਵਿਚ ਫਲਸਫ਼ੇ ਫ਼ਕੀਰੀਆਂ ਦੇ ਫੰਦੇ
ਕਿੱਥੇ ਗਏ ਭਾਵੁਕ ਤੇ ਭੁਲੱਕੜ ਜਿਹੇ
ਬੰਦੇ

ਰਾਤ ਨੂੰ ਅਸੀਂ ਪੜ੍ਹਨਾ ਤੇ ਮਾਂ ਨੇ ਕੁਝ ਨਾ ਕੁਝ ਕਰੀ ਜਾਣਾ ਤਾਂ ਕਿ ਬੱਚੇ ਸੌਂ ਨਾ ਜਾਣ। ਆਪ ਜਾਗ ਕੇ ਦੂਸਰਿਆਂ ਨੂੰ ਜਗਾਉਣ ਦੀ ਥਾਂ ਲੋਕ ਹੁਣ ਡਿਜੀਟਲ ਡਰਾਮੇਬਾਜ਼ੀਆਂ ਦਾ ਸ਼ਿਕਾਰ ਹੋ ਗਏ ਹਨ। ਤੜਕੇ ਉੱਠ ਕੇ ਮਾਂ ਨੇ ਚੁੱਲ੍ਹਾ ਬਾਲਣਾ ਤੇ ਨਾਲ ਹੀ ਸਾਨੂੰ ਪੜ੍ਹਨ ਲਈ ਜਗਾ ਦੇਣਾ। ਅਜਿਹੀ ਤਪੱਸਿਆ ਤੇ ਤਸੱਵੁਰ ਹੁਣ ਨਹੀਂ ਮਿਲਦਾ। ਜਦੋਂ ਮੇਰੀ ਕਿਤਾਬ 'ਮਾਂ ਵਰਗੀ ਕਵਿਤਾ' ਆਈ ਤਾਂ ਕਈ ਸ਼ਹਿਰੀ ਜਿਹੇ ਲੋਕਾਂ ਨੇ ਮੈਨੂੰ ਕਿਹਾ ਕਿ ਤੂੰ ਮਾਂ-ਬਾਪ ਬਾਰੇ ਬਹੁਤ ਜਜ਼ਬਾਤੀ ਜਾਪਦਾ ਹੈਂ। ਮੈਂ ਕਿਹਾ, "ਮੇਰੇ ਜਜ਼ਬੇ ਮੈਨੂੰ ਮਾਨਵੀ ਮੁਸ਼ੱਕਤ ਤੇ ਮੋਹ ਦੀ ਕਾੜ੍ਹਨੀ ਵਿਚੋਂ ਮਿਲੇ ਹਨ। ਤੁਹਾਡੀ ਮਸ਼ੀਨੀ ਵਿਆਕਰਨ ਤੁਹਾਨੂੰ ਮੁਬਾਰਕ।" ਮਾਂ ਚਰਖਾ ਕੱਤਦੀ ਤੇ ਮੈਂ ਪੜ੍ਹਨ ਦਾ ਸੂਤ ਕੱਤਦਾ। ਅਜਿਹਾ ਸਾਹਵਰਧਕ ਤੇ ਸੁਰੀਲਾ ਕੱਤਣ ਮੁੜ ਨਹੀਂ ਜੁੜਿਆ। ਇਸ ਬਾਰੇ ਲਿਖਿਆ ਗਹੁ ਨਾਲ ਪੜ੍ਹਨਾ:

ਪੀੜ੍ਹੀ ਉੱਤੇ ਬੈਠੀ ਹੋਈ ਬਿਲਕੁਲ ਮਾਂ ਵਾਂਗੂ
ਸੂਤ ਸਮਝ ਅੱਖਰਾਂ ਨੂੰ ਰਹਿੰਦਾ ਹਾਂ ਅਟੇਰਦਾ
ਜੀਭ ਦੇ ਸੁਆਦਾਂ ਵਾਲੇ ਲੋਕ ਨਹੀਂ ਜਾਣਦੇ
ਕੈਸਾ ਸੀ ਸੁਆਦ ਟੁੱਕੇ ਭੀਲਣੀ ਦੇ ਬੇਰ ਦਾ

ਪੜ੍ਹਨ ਵਾਲੇ ਲੋਕਾਂ ਦੀ ਵੱਖਰੀ ਰੂਹ ਤੇ ਵੱਖਰਾ ਰੱਬ ਹੁੰਦਾ ਹੈ। ਮੇਰੇ ਗੁਰੂ ਨਰਿੰਦਰ ਸਿੰਘ ਕਪੂਰ ਸੇਵਾਮੁਕਤ ਹੋ ਕੇ ਵੀ ਲਿਖਣੋਂ ਨਹੀਂ ਹਟੇ। ਅਜਿਹੇ ਗੁਰੂ ਲੋਕ ਅਨੁਭਵ ਤੇ ਅਦਬ ਦੇ ਰਚਨਾਤਮਿਕ ਗ੍ਰੰਥ ਹਨ। ਇਨ੍ਹਾਂ ਲੋਕਾਂ ਨੂੰ ਸਿਮਰਣ ਵਾਂਗ ਪੜ੍ਹਿਆ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਦਾ ਤਪੱਸਵੀ ਕੰਮ ਧੜਕਦਾ ਹੈ। ਡਾ. ਰਵੀ ਦੇ ਬੋਲ ਅੱਜ ਵੀ ਹਵਾ ਵਿਚ ਗੂੰਜਦੇ ਹਨ। ਸਿਮਰਤੀਆਂ, ਸੰਗਰਾਮਾਂ ਤੇ ਸਦਾਚਾਰਾਂ ਵਰਗੇ ਇਹ ਲੋਕ ਪੜ੍ਹਨ ਵਾਲੇ ਉਤਸ਼ਾਹਵਰਧਕ ਮਿਸਾਲਾਂ ਸਿਰਜ ਗਏ। ਜਸਵਿੰਦਰ, ਮੱਖਣ ਤੇ ਮੈਂ ਆਨਰਜ਼ ਸਕੂਲ ਵਿਚ ਪੜ੍ਹਦੇ ਸਾਂ। ਰੋਟੀ ਖਾ ਕੇ ਦੁਪਹਿਰ ਨੂੰ ਜਦੋਂ ਬਹੁਤੇ ਲੋਕ ਸੌਣ ਨੂੰ ਫਿਰਦੇ ਹੁੰਦੇ, ਅਸੀਂ ਤਿੰਨੇ ਲਾਇਬਰੇਰੀ ਦੀ ਉਪਰਲੀ ਮੰਜ਼ਿਲ 'ਤੇ ਪੜ੍ਹਨ ਚਲੇ ਜਾਂਦੇ। ਫਿਰ ਸਤੀਸ਼, ਪਵਨ ਤੇ ਹੋਰ ਲੋਕ ਆ ਗਏ। ਪੜ੍ਹਨ ਦਾ ਮਾਨਵੀ ਮੁਕਾਬਲਾ ਹੁੰਦਾ ਸੀ ਸਾਡੇ ਵਿਚਕਾਰ। ਕੁਝ ਬਣਨ ਦੀ ਰੀਝ ਸੀ। ਕੁਝ ਹੋਣ ਦਾ ਸੁਪਨਾ ਸੀ। ਸੁਪਨੇ ਉਗਾਉਣ ਲਈ ਜ਼ਮੀਨ ਮਿਲ ਜਾਵੇ ਤਾਂ ਪੜ੍ਹਨ ਦੀ ਰਵਾਇਤ ਤੇ ਰੂਹ ਸਹੂਲਤਾਂ ਤੇ ਸਜਾਵਟਾਂ ਵਿਚੋਂ ਨਹੀਂ ਸਗੋਂ ਧੜਕਣਾਂ ਦੇ ਰਾਗਾਤਮਿਕ ਜਨੂੰਨ ਵਿਚੋਂ ਜੰਮਦੀ ਹੈ। ਰਵਾਇਤਾਂ ਤੇ ਰੂਹਾਂ ਉੱਜੜ ਜਾਣ ਤਾਂ ਅਦਾਰੇ ਖੰਡਰਾਤ ਹੋ ਜਾਂਦੇ ਹਨ। ਪੜ੍ਹਨ ਵਾਲਿਆਂ ਦੀ ਪੌਦ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ। ਜਿਵੇਂ ਦਾਬਾਂ ਲਾਈਦੀਆਂ ਹਨ। ਜਿਵੇਂ ਕਣਕ ਨੂੰ ਸਿੰਜੀਦਾ ਹੈ। ਫ਼ਰੀਦਕੋਟ ਕਾਲਜ ਮਿਲਿਆ ਨੌਕਰੀ ਲਈ। ਉੱਥੇ ਵੀ ਪੜ੍ਹਨ ਪੜ੍ਹਾਉਣ ਦੀ ਮਿਸਾਲੀ ਸੰਵੇਦਨਾ ਤੇ ਸ਼ਿੱਦਤ ਦੇਖਣ ਨੂੰ ਮਿਲੀ। ਚਾਹ ਪੀਣ ਵੇਲੇ ਵੀ ਬਹੁਤੀਆਂ ਗੱਲਾਂ ਪੜ੍ਹਨ ਬਾਰੇ ਹੁੰਦੀਆਂ। ਨਵੀਆਂ ਕਿਤਾਬਾਂ ਤੇ ਰਸਾਲਿਆਂ ਦੀ ਚਰਚਾ ਹੁੰਦੀ। ਇਸ ਚਰਚਾ ਵਿਚੋਂ ਹੀ ਮੈਨੂੰ 'ਥੈਂਕ ਯੂ ਮਿਸਟਰ ਗਲਾਡ' ਵਰਗੀ ਸੂਰਬੀਰ ਰਚਨਾ ਪੜ੍ਹਨ ਦੀ ਕਨਸੋਅ ਮਿਲੀ। ਸੁਪਨਸਾਜ਼ ਤੇ ਸੰਵਾਦਮੁਖੀ ਆਲਾ-ਦੁਆਲਾ ਪੜ੍ਹਨ ਲਈ ਆਕਰਸ਼ਿਤ ਕਰਦਾ ਹੈ। ਪੜ੍ਹਨ ਦੀ ਜਾਗ ਅੰਦਰੋਂ ਲੱਗਦੀ ਹੈ। ਪੜ੍ਹਨ ਦੀ ਜਾਗ ਲਗਾਉਣੀ ਬਹੁਤ ਔਖੀ ਹੈ। ਇਹ ਸਿੱਖੀ ਤੇ ਸਿਖਾਈ ਨਹੀਂ ਜਾ ਸਕਦੀ। ਅਜੋਕੇ ਫਾਰਮੂਲਿਆਂ ਤੇ ਫਹਿਰਿਸਤਾਂ ਦੇ ਯੁੱਗ ਵਿਚ ਅੰਦਰੂਨੀ ਜਾਗ ਦੀ ਸਿਨਫ਼ ਤੇ ਸਚਿਆਰਤਾ ਲਗਪਗ ਮੁੱਕਣ ਕਿਨਾਰੇ ਹੈ। ਪੜ੍ਹਨ ਦੇ ਗੁਰਮੰਤਰ ਤੇ ਗੁਰਿਆਈਆਂ ਬਾਜ਼ਾਰੂ ਹੋ ਗਈਆਂ ਹਨ। ਘਰਾਂ ਵਿਚ ਕਾਰਾਂ ਹਨ, ਟਰੈਕਟਰ ਹਨ, ਪੈਸਾ ਹੈ ਪਰ ਪੜ੍ਹਨ ਦੀ ਲਗਨ, ਲਿਆਕਤ ਤੇ ਲੋਅ ਕਿਸੇ ਨੁੱਕਰ ਵਿਚ ਵੀ ਨਹੀਂ ਮਿਲਦੀ। ਮਸੀਂ ਅਖ਼ਬਾਰ ਪੜ੍ਹਨ ਜੋਗੀ ਪੜ੍ਹਾਈ ਹੈ ਜਾਂ ਫਿਰ ਆਈਲੈਟਸ ਦੀ ਨਾਮੁਰਾਦ ਬਿਮਾਰੀ ਦਾ ਰੌਲਾ ਹੈ। ਪੜ੍ਹਨ ਲਈ ਸਵਾਰਥ ਨਹੀਂ, ਸੁਪਨੇ ਤੇ ਸਾਧਨਾਂ ਦੀ ਲੋੜ ਹੈ। ਸਾਡੇ ਘਰ ਆਈਲੈਟਸ ਕਰਨ ਲਈ ਆਈ ਰਿਸ਼ਤੇਦਾਰ ਲੜਕੀ ਕੁਝ ਮਹੀਨੇ ਠਹਿਰੀ। ਕੌਨਵੈਂਟ ਸਕੂਲ ਤੋਂ ਬਾਰਾਂ ਜਮਾਤਾਂ ਪੜ੍ਹੀ ਹੋਈ। ਕੈਨੇਡਾ ਜਾਣ ਦੀ ਲਾਲਸਾ ਜਾਗ ਪਈ। ਖ਼ੂਬ ਘੋਟੇ ਲਾਵੇ। ਪੜ੍ਹਨਾ ਹੱਡਾਂ ਵਿਚ ਨਹੀਂ ਸੀ। ਸੋਚੇ ਕਿਹੜੀ ਘੜੀ ਕੈਨੇਡਾ ਪਹੁੰਚ ਜਾਵਾਂ। ਅੱਜਕੱਲ੍ਹ ਮਾਪਿਆਂ ਨੂੰ ਵੀ ਕੈਨੇਡਾ ਦੇ ਸਵਰਗਮਈ ਸੁਪਨੇ ਆਉਂਦੇ ਹਨ। ਕੈਨੇਡਾ ਦੇ ਸੁਪਨਿਆਂ ਨੇ ਪੜ੍ਹਨ ਦੇ ਸੁਪਨੇ ਖੋਹ ਲਏ। ਗੁਰੂਆਂ ਦੀ ਧਰਤੀ ਵੀਰਾਨ ਹੋਣ ਨੂੰ ਫਿਰਦੀ ਹੈ। ਦੁਕਾਨਦਾਰੀਆਂ ਨੇ ਪੁੰਗਾਰ ਨੂੰ ਪੱਤਝੜ ਵਿਚ ਤਬਦੀਲ ਕਰ ਦਿੱਤਾ ਹੈ। ਹੁਣ ਹਰ ਖੇਤ, ਹਰ ਘਰ, ਹਰ ਸਕੂਲ ਤੇ ਹਰ ਅਦਾਰੇ ਵਿਚੋਂ ਕੈਨੇਡਾ ਦੀ ਫ਼ਸਲ ਉੱਗ ਰਹੀ ਹੈ। ਕੈਨੇਡਾ ਜੋਗਾ ਪੜ੍ਹਨ ਦੀ ਤੇਜ਼ ਦੌੜ ਨੇ ਪੜ੍ਹਨ ਦੀ ਉਡਾਣ ਤੇ ਊਰਜਾ ਦੇ ਖੰਭ ਕੁਤਰ ਦਿੱਤੇ ਹਨ। ਪੜ੍ਹਨਾ ਵਿਅਰਥ ਲੱਗਣ ਲੱਗ ਪਿਆ ਹੈ। ਪੜ੍ਹਨਾ ਭੋਰੇ ਵਿਚੋਂ ਕੀਤੀ ਲੰਬੀ ਤਪੱਸਿਆ ਵਾਂਗ ਹੈ। ਪੜ੍ਹਨ ਦੇ ਬੂਟੇ ਨੂੰ ਡਾਲਰ ਨਹੀਂ ਲੱਗਦੇ। ਸਾਡੇ ਮਾਂ-ਬਾਪ ਅਨਪੜ੍ਹ ਸਨ ਪਰ ਜ਼ਿੰਦਗੀ ਦੀ ਪੜ੍ਹਾਈ ਵਿਚ ਪਰਪੱਕ ਤੇ ਪੂਰੇ। ਅੱਜ ਦੇ ਪੜ੍ਹਾਕੂ ਹਰ ਪੱਖੋਂ ਕੋਰੇ ਤੇ ਕਾਗਜ਼ੀ ਨੇ। ਡਾਲਰਾਂ ਦੇ ਦੇਸ਼ ਜਾ ਕੇ ਅੰਗਰੇਜ਼ੀ ਬੋਲਣੀ ਸਿੱਖ ਲੈਣੀ ਹੀ ਕਾਫ਼ੀ ਨਹੀਂ। ਪੜ੍ਹਨ ਨਾਲ ਜ਼ਿੰਦਗੀ ਨੂੰ ਪੜ੍ਹਨਾ ਆਉਂਦਾ ਹੈ। ਪੜ੍ਹਨ ਨਾਲ ਸਰੀਰ ਤੰਦਰੁਸਤ ਤੇ ਤਾਜ਼ਗੀ ਭਰਪੂਰ ਰਹਿੰਦਾ ਹੈ। ਪੜ੍ਹਨਾ ਜੀਅ ਲਾਉਂਦਾ ਹੈ। ਪੜ੍ਹਨ ਨਾਲ ਖ਼ੁਦ ਨੂੰ ਪੜ੍ਹਨ ਦੀ ਸੋਝੀ ਆਉਂਦੀ ਹੈ। ਕਰੋਨਾ ਦੇ ਖ਼ੌਫ਼ਨਾਕ ਸਮੇਂ ਵਿਚ ਪੜ੍ਹਨ ਦੀ ਆਦਤ ਬੜੀ ਕੰਮ ਆਈ। ਲਗਾਤਾਰ ਪੜ੍ਹੀ ਜਾਣ ਦੀ ਰੀਤ ਨੇ ਆਸ ਬੁਝਣ ਨਾ ਦਿੱਤੀ। ਖ਼ੌਫ਼ ਤੋਂ ਬਚਣ ਦਾ ਸਭ ਤੋਂ ਕਾਰਗਰ ਤੇ ਕਰਮਸ਼ੀਲ ਸਹਾਰਾ ਪੁਸਤਕਾਂ ਬਣੀਆਂ।

ਖ਼ੌਫ਼ ਆਉਂਦਾ ਰਿਹਾ ਬਣ ਬਣ ਕੇ ਧਾੜਵੀ ਛੱਲਾਂ
ਅਸੀਂ ਪਰ ਕਰਦੇ ਰਹੇ ਪੁਸਤਕਾਂ ਦੇ ਨਾਲ ਗੱਲਾਂ

ਪੁਸਤਕਾਂ ਨਾਲ ਗੱਲਾਂ ਕਰਨਾ ਲੇਕਿਨ ਸੌਖਾ ਤੇ ਸਰਲ ਕਾਰਜ ਨਹੀਂ। ਅੰਦਰੂਨੀ ਸਹਿਜ ਤੇ ਸੰਵੇਦਨਾ ਦੇ ਨਿਰੰਤਰ ਅਭਿਆਸ ਨਾਲ ਪੁਸਤਕਾਂ ਨਾਲ ਦੋਸਤੀ ਹੁੰਦੀ ਹੈ ਜਿਸ ਸਦਕਾ ਦੁਨਿਆਵੀ ਦੋਸਤੀਆਂ ਦੀ ਲੋੜ ਤੇ ਸਮਝ ਜਾਗਰਿਤ ਹੁੰਦੀ ਹੈ। ਉਦਰੇਵੇਂ ਉਦਾਸੀਆਂ ਭੱਜਦੇ ਹਨ। ਤਨ ਮਨ ਨਿਰੋਗ ਰਹਿੰਦਾ ਹੈ। ਤਰੰਨੁਮ ਪੰਘਰਦਾ ਹੈ।

## ਐਕਸਾਈਜ਼ ਟੀਮਾਂ ਵੱਲੋਂ ਰਣਜੀਤ ਐਵੇਨਿਊ 'ਚ ਰੈਸਟੋਰੈਂਟਾਂ ਤੇ ਬਾਰਾਂ 'ਚ ਛਾਪੇਮਾਰੀ

ਅੰਮ੍ਰਿਤਸਰ 7 ਜੂਨ। ਆਬਕਾਰੀ ਵਿਭਾਗ ਵੱਲੋਂ ਸ਼ਰਾਬ ਦੀ ਵਿਕਰੀ 'ਤੇ ਟੈਕਸ ਚੋਰੀ ਨੂੰ ਰੋਕਣ ਲਈ ਇਕ ਨਵੀਂ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਉਨ੍ਹਾਂ ਨੇ ਨਗਰ ਭਰ ਦੇ ਉਨ੍ਹਾਂ ਸਾਰੇ ਬਾਜ਼ਾਰਾਂ 'ਚ ਛਾਪੇਮਾਰੀ ਸ਼ੁਰੂ ਕੀਤੀ, ਜਿੱਥੇ ਰਜਿਸਟਰਡ ਵਾਈਨ ਐਂਡ ਬੀਅਰ ਬਾਰ ਹਨ। ਇਸ ਤਰ੍ਹਾਂ ਆਬਕਾਰੀ ਟੀਮਾਂ ਦਾ ਮਕਸਦ ਇਹ ਵੀ ਹੈ ਕਿ ਕਿਸੇ ਵੀ ਤਰ੍ਹਾਂ ਨਾਲ ਕੋਈ ਵਿਅਕਤੀ ਬਾਹਰ ਤੋਂ ਲੈ ਕੇ ਗਲਤ ਸ਼ਰਾਬ ਦੀ ਵਰਤੋਂ ਨਾ ਕਰ ਸਕੇ। ਇਸ ਦੇ ਨਾਲ ਹੀ ਜ਼ਿਆਦਾ ਸ਼ਰਾਬ ਪੀਣ ਵਾਲਿਆਂ 'ਤੇ ਅਲਕੋਹਲ ਮੀਟਰ ਨਾਲ ਜਾਂਚ ਕਰਨ ਲਈ ਵੀ ਬਾਰ ਮਾਲਕਾਂ ਨੂੰ ਕਿਹਾ ਗਿਆ ਹੈ ਤੇ ਰੈਸਟੋਰੈਂਟਾਂ ਤੇ ਬਾਰਾਂ ਦੇ ਲਾਇਸੈਂਸ ਵੀ ਚੈੱਕ ਕੀਤੇ ਗਏ। ਆਬਕਾਰੀ ਵਿਭਾਗ ਨੂੰ ਮਿਲੀ ਗੁਪਤ ਸੂਚਨਾ ਮੁਤਾਬਕ ਸ਼ਹਿਰ ਭਰ 'ਚ ਕਈ ਅਜਿਹੇ ਪਾਸ਼ ਇਲਾਕੇ ਹਨ, ਜਿੱਥੇ ਬਣੇ ਹੋਏ ਕਈ ਬਾਰਾਂ ਕੋਲ ਲਾਈਸੈਂਸ ਨਹੀਂ ਹਨ ਅਤੇ ਕਈਆਂ ਦੇ ਲਾਈਸੈਂਸ 'ਟਾਈਮ-ਬਾਰਡ' ਹੋ ਚੁੱਕੇ ਅਤੇ ਹਾਲੇ ਰੀਨਿਊ ਨਹੀਂ ਹੋਏ ਹਨ। ਇਨ੍ਹਾਂ 'ਚ ਜ਼ਿਆਦਾਤਰ ਰਜਿਸਟਰਡ ਬਾਰ ਉਨ੍ਹਾਂ ਲੋਕਾਂ ਕੋਲ ਹਨ, ਜਿਨ੍ਹਾਂ ਦੇ ਰੈਸਟੋਰੈਂਟ ਵੀ ਨਾਲ ਚੱਲਦੇ ਹਨ। ਇਸ ਤਹਿਤ ਆਬਕਾਰੀ ਵਿਭਾਗ ਦੀ ਟੀਮ ਦੀ ਅਗਵਾਈ ਇੰਸਪੈਕਟਰ ਧਰਮਿੰਦਰ ਸ਼ਰਮਾ ਅਤੇ ਰਮਨ ਕੁਮਾਰ ਸ਼ਰਮਾ ਅਤੇ ਇੰਸਪੈਕਟਰ ਜਗਦੀਪ ਕੌਰ ਨੇ ਕੀਤਾ। ਉਥੇ ਕਮਿਸ਼ਨਰੇਟ ਪੁਲਸ-ਪ੍ਰਸ਼ਾਸਨ ਵੱਲੋਂ ਇੰਸਪੈਕਟਰ ਰੋਬਿਨ ਹੰਸ ਵੀ ਗਰੁੱਪ-ਫੋਰਸ ਦੇ ਨਾਲ ਕਾਰਵਾਈ 'ਚ ਸ਼ਾਮਲ ਸਨ। ਇਸ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਆਬਕਾਰੀ ਅਧਿਕਾਰੀ ਲਲਿਤ ਕੁਮਾਰ ਨੇ ਦੱਸਿਆ ਕਿ ਇਹ ਕਾਰਵਾਈ ਜਲੰਧਰ/ਅੰਮ੍ਰਿਤਸਰ ਰੇਂਜ ਦੇ ਡਿਪਟੀ ਕਮਿਸ਼ਨਰ (ਡੀ. ਈ. ਟੀ. ਸੀ.) ਸੁਰੇਂਦਰ ਗਰਗ ਅਤੇ ਸਹਾਇਕ ਕਮਿਸ਼ਨਰ ਮਹੇਸ਼ ਗੁਪਤਾ ਦੇ ਨਿਰਦੇਸ਼ 'ਤੇ ਕੀਤੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਖੇਤਰ 'ਚ ਜਿੱਥੇ ਨਗਰ ਭਰ 'ਚ ਸਭ ਤੋਂ ਜ਼ਿਆਦਾ ਬਾਰਾਂ ਅਤੇ ਰੈਸਟੋਰੈਂਟ ਹਨ, ਦੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਰ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਉਹ ਸ਼ਰਾਬ ਪੀਣ ਵਾਲੇ ਗਾਹਕਾਂ ਨੂੰ ਸਹੀ ਸ਼ਰਾਬ ਵੇਚਣ ਅਤੇ ਇਸ ਦੇ ਨਾਲ-ਨਾਲ ਇਸ ਗੱਲ ਦੀ ਵੀ ਜਾਣਕਾਰੀ ਅਤੇ ਖਿਆਲ ਰੱਖਣ ਕਿ ਕੋਈ ਚੋਰੀ ਨਾਲ ਬਾਹਰੋਂ ਖੁੱਲ੍ਹੀ ਸ਼ਰਾਬ ਨਾ ਲੈ ਕੇ ਆਇਆ ਹੋਵੇ। ਚੈਕਿੰਗ ਕਰਨ ਗਈਆਂ ਟੀਮਾਂ ਵੱਲੋਂ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਰੈਸਟੋਰੈਂਟਾਂ ਅਤੇ ਬਾਰ ਮਾਲਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਸ਼ਰਾਬ ਪੀਣ ਤੋਂ ਬਾਅਦ ਗਾਹਕਾਂ ਵੱਲੋਂ ਖਾਲੀ ਕੀਤੀਆਂ ਸ਼ਰਾਬ ਦੀਆਂ ਬੋਤਲਾਂ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਜੋ ਉਸ ਦੀ ਰੀਫਿਲਿੰਗ ਅਤੇ ਦੁਆਰਾ ਵਰਤੋਂ ਨਾ ਹੋ ਸਕੇ। ਇਸੇ ਦੌਰਾਨ ਜੇਕਰ ਪੂਰੀ ਕੱਚ ਦੀ ਬੋਤਲ ਨੂੰ ਤੋੜਨਾ ਸੰਭਵ ਨਹੀਂ ਹੈ ਤਾਂ, ਸਿਰਫ ਖਾਲੀ ਕੀਤੀਆਂ ਬੋਤਲਾਂ ਦੇ ਉੱਪਰ ਵਾਲਾ 'ਮੂੰਹ ਦਾ ਹਿੱਸਾ' ਡੈਮੇਜ ਕਰ ਦਿਓ। ਆਬਕਾਰੀ ਅਧਿਕਾਰੀ ਲਲਿਤ ਨੇ ਦੱਸਿਆ ਕਿ ਇੰਸਪੈਕਸ਼ਨ ਕਰਨ ਵਾਲੀ ਟੀਮ ਨੇ ਸਾਰੇ ਬਾਰ ਮਾਲਕਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਕੋਲ ਅਲਕੋਹਲ ਮੀਟਰ ਜ਼ਰੂਰ ਰੱਖਣ। ਅਲਕੋਹਲ ਮੀਟਰ ਉਹ ਯੰਤਰ ਹੈ, ਜੋ ਸ਼ਰਾਬ ਪੀਣ ਵਾਲੇ ਦੇ ਜੇਕਰ ਮੂੰਹ ਕੋਲ ਰੱਖਿਆ ਜਾਂਦਾ ਹੈ ਤਾਂ ਇਸ ਨਾਲ ਪਤਾ ਚੱਲ ਜਾਂਦਾ ਹੈ ਕਿ ਸਾਹਮਣੇ ਵਾਲੇ ਨੇ ਸ਼ਰਾਬ ਪੀਤੀ ਹੈ ਜਾਂ ਨਹੀਂ। ਉਥੇ ਦੂਜੇ ਪਾਸੇ ਸ਼ਰਾਬ ਬਾਰਾਂ ਅਤੇ ਰੈਸਟੋਰੈਂਟਾਂ ਨੂੰ ਇਸ ਯੰਤਰ ਦੀ ਇਸ ਲਈ ਵੀ ਲੋੜ ਹੁੰਦੀ ਹੈ ਕਿਉਂਕਿ ਇਨ੍ਹਾਂ ਕੋਲ ਪੀਣ ਵਾਲੇ ਗਾਹਕ ਜ਼ਿਆਦਾ ਮਾਤਰਾ 'ਚ ਆਉਂਦੇ ਹਨ। ਅਲਕੋਹਲਮੀਟਰ ਨਾਲ ਚੈਕਿੰਗ ਕਰਨ ਤੋਂ ਪਤਾ ਚਲ ਜਾਂਦਾ ਹੈ ਕਿ ਉਕਤ ਖਪਤਕਾਰ ਨੇ ਕਿੰਨੀ ਮਾਤਰਾ ਨਾਲ ਸ਼ਰਾਬ ਪੀਤੀ ਹੈ।

## ਅਕਾਲੀ ਦਲ ਵੱਲੋਂ ਜ਼ਮੀਨ ਐਕਵਾਇਰ ਦੇ ਇਤਰਾਜ਼ ਫਾਰਮ ਭਰਨ ਸਬੰਧੀ ਹੈਲਪਲਾਈਨ ਨੰਬਰ ਜਾਰੀ

ਲੁਧਿਆਣਾ 7 ਜੂਨ। ਸ਼੍ਰੋਮਣੀ ਅਕਾਲੀ ਦਲ ਹਲਕਾ ਦਾਖਾ ਤੋਂ ਸੀਨੀਅਰ ਆਗੂ ਜਸਕਰਨ ਸਿੰਘ ਦਿਓਲ ਨੇ ਆਖਿਆ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜ਼ਮੀਨ ਐਕਵਾਇਰ ਦੇ ਖ਼ਿਲਾਫ ਜੰਗ ਨੂੰ ਅੱਗੇ ਤੋਰਦਿਆਂ ਹੈਲਪਲਾਈਨ ਨੰਬਰ 98140-00004 ਜਾਰੀ ਕੀਤਾ ਹੈ ਤਾਂ ਜੋ ਹਲਕਾ ਦਾਖਾ ਦੇ ਪ੍ਰਭਾਵਿਤ ਪਿੰਡਾਂ ਵਿਚ ਇਤਰਾਜ਼ ਦੇ ਰੂਪ ਵਿਚ ਹਲਫੀਆ ਬਿਆਨ ਭਰੇ ਜਾਣ। ਉਨ੍ਹਾਂ ਕਿਹਾ ਕਿ ਹਲਕਾ ਦਾਖਾ ਦੇ ਈਸੇਵਾਲ ਜ਼ੋਨ ਦੇ ਪਿੰਡਾਂ ਵਿਚ ਫਾਰਮ ਭੇਜੇ ਜਾ ਰਹੇ ਹਨ ਅਤੇ ਨਾਲ ਹੀ ਕ੍ਰਮਵਾਰ ਬੱਦੋਵਾਲ ਜ਼ੋਨ, ਮੁੱਲਾਂਪੁਰ ਜ਼ੋਨ, ਜੋਧਾਂ ਜ਼ੋਨ, ਲਤਾਲਾ ਜ਼ੋਨ ਦੇ ਪਿੰਡਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿੰਡਾਂ ਵਿਚ ਇਹ ਫਾਰਮ ਭੇਜੇ ਜਾ ਰਹੇ ਹਨ। ਇਸ ਮੌਕੇ ਦਿਓਲ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਲਾਕੇ ਦੇ ਨਾਮਵਰ ਖੇਤੀਬਾੜੀ ਮਾਹਰ ਸੁਖਪਾਲ ਸਿੰਘ ਸੇਖੋਂ ਸਾਬਕਾ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਦੀਆਂ ਖੇਤੀ ਸਬੰਧੀ ਤਕਨੀਕੀ ਪਹਿਲੂ ਅਤੇ ਸ਼੍ਰੋਮਣੀ ਅਕਾਲੀ ਦਲ ਲੀਗਲ ਸੈੱਲ ਦੀਆਂ ਕਾਨੂੰਨੀ ਸੇਵਾਵਾਂ ਲਈਆਂ ਜਾ ਰਹੀਆਂ ਹਨ ਤਾਂ ਜੋ ਸਰਕਾਰ ਵੱਲੋਂ ਲੈਂਡ ਪੂਲਿੰਗ ਤੋਂ ਹੋਣ ਵਾਲੇ ਉਜਾੜੇ ਅਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੀ ਸੀਨੀਅਰ ਲੀਡਰਸ਼ਿਪ ਵੀ ਆਉਣ ਵਾਲੇ ਦਿਨਾਂ ਵਿਚ ਵੱਖ-ਵੱਖ ਪਿੰਡਾਂ ਵਿਚ ਪਹੁੰਚ ਕੇ ਲੋਕਾਂ ਦੀ ਸਮੱਸਿਆਵਾਂ ਸੁਣੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਕ ਇਹ ਫੀਡਬੈਕ ਪਹੁੰਚਾਏਗੀ। ਇਸ ਮੌਕੇ ਸਾਬਕਾ ਚੇਅਰਮੈਨ ਗੁਰਦੀਪ ਸਿੰਘ ਫੱਲੇਵਾਲ , ਸਰਪੰਚ ਸਵਰਨ ਸਿੰਘ ਛੱਜਾਵਾਲ, ਅਮਨਦੀਪ ਸਿੰਘ ਤੂਰ, ਚੇਅਰਮੈਨ ਗੁਰਮੁੱਖ ਸਿੰਘ ਲਤਾਲਾ, ਗੁਰਿੰਦਰ ਸਿੰਘ ਰੂਮੀ , ਦਲਬੀਰ ਸਿੰਘ ਲਤਾਲਾ ਚਮਕੌਰ ਸਿੰਘ ਉੱਭੀ, ਚਮਕੌਰ ਸਿੰਘ ਭਰੋਵਾਲ ਮੌਜੂਦ ਸਨ।

# ਗੋਲਡੀ ਬਰਾੜ 'ਤੇ ਗੁਰੂਗ੍ਰਾਮ ਧਮਾਕਿਆਂ ਦਾ ਦੋਸ਼ ਪੱਤਰ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨੈਸ਼ਨਲ ਡੈਸਕ 7 ਜੂਨ। ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਸ਼ਨੀਵਾਰ ਨੂੰ ਕਿਹਾ ਕਿ ਉਸਨੇ ਹਰਿਆਣਾ ਦੇ ਗੁਰੂਗ੍ਰਾਮ ਦੇ ਦੋ ਮਸ਼ਹੂਰ ਕਲੱਬਾਂ 'ਤੇ 2024 ਵਿੱਚ ਹੋਏ ਦੋਹਰੇ ਬੰਬ ਹਮਲਿਆਂ ਵਿੱਚ ਕਥਿਤ ਸ਼ਮੂਲੀਅਤ ਲਈ ਨਾਮਜ਼ਦ ਵਿਅਕਤੀਗਤ ਅੱਤਵਾਦੀ ਗੋਲਡੀ ਬਰਾੜ ਸਮੇਤ ਪੰਜ ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਐਨਆਈਏ ਨੇ ਕੈਨੇਡਾ ਸਥਿਤ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਤਲੀਆਂ, ਅੰਕਿਤ, ਭਾਵਿਸ਼ ਅਤੇ ਅਮਰੀਕਾ ਸਥਿਤ ਰਣਦੀਪ ਸਿੰਘ ਉਰਫ ਰਣਦੀਪ ਮਲਿਕ ਦੇ ਨਾਲ ਦੋਸ਼ ਲਗਾਏ ਹਨ। ਉਨ੍ਹਾਂ 'ਤੇ ਭਾਰਤੀ ਨਿਆਏ ਸੰਹਿਤਾ (BNS), ਅਸਲਾ ਐਕਟ, ਵਿਸਫੋਟਕ ਪਦਾਰਥ ਐਕਟ, ਅਤੇ UA(P) ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਗੋਲਡੀ ਬਰਾੜ ਅਤੇ ਰਣਦੀਪ ਮਲਿਕ ਨੂੰ ਛੱਡ ਕੇ, ਬਾਕੀ ਸਾਰਿਆਂ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਐਨਆਈਏ ਨੇ ਮੁਲਜ਼ਮਾਂ ਨੂੰ ਬੱਬਰ ਖਾਲਿਸਤਾਨੀ ਇੰਟਰਨੈਸ਼ਨਲ (ਬੀਕੇਆਈ) ਦੀ ਵੱਡੀ ਸਾਜ਼ਿਸ਼ ਦੇ ਹਿੱਸੇ ਵਜੋਂ, ਹਰਿਆਣਾ ਰਾਜ ਅਤੇ ਗੁਆਂਢੀ ਖੇਤਰਾਂ ਵਿੱਚ ਹਿੰਸਾ ਫੈਲਾ ਕੇ ਫਿਰਕੂ ਸਦਭਾਵਨਾ ਫੈਲਾਉਣ ਅਤੇ ਸ਼ਾਂਤੀ ਭੰਗ ਕਰਨ ਦੀ ਵੱਡੀ ਸਾਜ਼ਿਸ਼ ਦੇ ਹਿੱਸੇ ਵਜੋਂ, ਗੁਰੂਗ੍ਰਾਮ ਦੇ ਸੈਕਟਰ-




29 ਵਿੱਚ ਵੇਅਰਹਾਊਸ ਕਲੱਬ ਅਤੇ ਹਿਊਮਨ ਕਲੱਬ ਨੂੰ ਬੰਬਾਂ ਨਾਲ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਪਾਇਆ ਸੀ। ਇਹ ਹਮਲਾ, ਪਾਬੰਦੀਸ਼ੁਦਾ ਬੀਕੇਆਈ ਅੱਤਵਾਦੀ ਸੰਗਠਨ ਦੇ ਮੈਂਬਰਾਂ ਅਤੇ ਕੈਡਰਾਂ ਦੁਆਰਾ ਕੀਤਾ ਗਿਆ ਸੀ, 10 ਦਸੰਬਰ 2024 ਨੂੰ ਹੋਇਆ ਸੀ। ਐਨਆਈਏ ਦੀ ਜਾਂਚ ਤੋਂ ਬਾਅਦ ਵਿੱਚ ਪਤਾ ਲੱਗਾ ਕਿ ਇਹ ਡੂੰਘੀਆਂ ਜੜ੍ਹਾਂ ਵਾਲੀ ਅੱਤਵਾਦੀ ਸਾਜ਼ਿਸ਼ ਗੋਲਡੀ ਬਰਾੜ ਅਤੇ ਉਸਦੇ ਸਾਥੀਆਂ ਦੁਆਰਾ ਰਚੀ ਗਈ ਸੀ। ਐਨਆਈਏ ਦੀ ਜਾਂਚ ਦੇ ਅਨੁਸਾਰ, ਅੱਤਵਾਦੀ ਸਿੰਡੀਕੇਟ ਦੇਸ਼ ਦੀ ਅਖੰਡਤਾ, ਸੁਰੱਖਿਆ (ਆਰਥਿਕ ਸੁਰੱਖਿਆ ਸਮੇਤ) ਅਤੇ ਪ੍ਰਭੂਸੱਤਾ ਨੂੰ ਖ਼ਤਰਾ ਪੈਦਾ ਕਰਨ ਲਈ ਪੈਸੇ ਵਸੂਲਣ, ਅੱਤਵਾਦੀ ਫੰਡ ਇਕੱਠਾ ਕਰਨ, ਵਿਸਫੋਟਕ ਅਤੇ ਹਥਿਆਰ ਅਤੇ ਗੋਲਾ ਬਾਰੂਦ ਪ੍ਰਾਪਤ ਕਰਨ ਅਤੇ ਆਮ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਅੱਤਵਾਦ ਵਿਰੋਧੀ ਏਜੰਸੀ ਮਾਮਲੇ ਦੀ ਜਾਂਚ ਜਾਰੀ ਰੱਖ ਰਹੀ ਹੈ। ਪਿਛਲੇ ਸਾਲ ਦਸੰਬਰ ਵਿੱਚ, ਗੁਰੂਗ੍ਰਾਮ ਦੇ ਸੈਕਟਰ 29 ਵਿੱਚ ਦੋ ਨਾਈਟ ਕਲੱਬਾਂ ਦੇ ਬਾਹਰ ਇੱਕ ਧਮਾਕੇ ਦੀ ਰਿਪੋਰਟ ਮਿਲੀ ਸੀ। ਇਹ ਮਾਮਲਾ ਹਰਿਆਣਾ ਪੁਲਿਸ ਨੇ ਦਰਜ ਕੀਤਾ ਸੀ ਅਤੇ ਬਾਅਦ ਵਿੱਚ ਐਨਆਈਏ ਨੇ ਇਸਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ। ਗੁਰੂਗ੍ਰਾਮ ਦੇ ਸੈਕਟਰ 29 ਵਿੱਚ ਸਥਿਤ ਕਲੱਬਾਂ ਦੇ ਬਾਹਰ ਦੋ ਦੇਸੀ ਬੰਬ ਸੁੱਟੇ ਗਏ ਅਤੇ ਮੇਰਠ ਦੇ ਰਹਿਣ ਵਾਲੇ ਸਚਿਨ ਵਜੋਂ ਪਛਾਣੇ ਗਏ ਇੱਕ ਵਿਅਕਤੀ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਬਾਅਦ ਵਿੱਚ, ਇਸ ਮਾਮਲੇ ਵਿੱਚ ਕੁਝ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

## ਨਾਜਾਇਜ਼ ਸਬੰਧਾਂ ਦੇ ਚੱਲਦਿਆਂ ਘਰ ਸੌਂਦਿਆ ਭਤੀਜਾ

ਵੈੱਬ ਡੈਸਕ 7 ਜੂਨ। ਪੱਛਮੀ ਬੰਗਾਲ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਇੱਕ ਭਿਆਨਕ ਸੱਚ ਸਾਹਮਣੇ ਆਇਆ ਹੈ, ਜੋ ਰਿਸ਼ਤਿਆਂ ਦੀਆਂ ਹੱਦਾਂ ਤੋੜਦਾ ਹੈ। ਇੱਕ ਚਾਚੀ ਨੇ ਆਪਣੇ ਹੀ ਭਤੀਜੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਉਸਦੀ ਲਾਸ਼ ਨੂੰ ਸੀਮਿੰਟ ਅਤੇ ਰੇਤ ਦੀ ਬਣੀ ਕੰਧ ਦੇ ਪਿੱਛੇ ਦੱਬ ਦਿੱਤਾ। ਇਹ ਕੋਈ ਫਿਲਮੀ ਕਹਾਣੀ ਨਹੀਂ ਹੈ, ਸਗੋਂ ਮਾਲਦਾ ਅਤੇ ਦੱਖਣੀ ਦਿਨਾਜਪੁਰ ਜ਼ਿਲ੍ਹਿਆਂ ਵਿਚਕਾਰ ਹਕੀਕਤ ਹੈ, ਜਿਸ ਨੇ ਪੂਰੇ ਖੇਤਰ ਨੂੰ ਦਹਿਸ਼ਤ 'ਚ ਪਾ ਦਿੱਤਾ ਹੈ। 31 ਸਾਲਾ ਸੱਦਾਮ ਨਦਾਫ ਪੇਸ਼ੇ ਤੋਂ ਇੱਕ ਲੇਬਰ ਠੇਕੇਦਾਰ ਸੀ ਅਤੇ ਮਾਲਦਾ 'ਚ ਰਹਿੰਦਾ ਸੀ। ਉਹ ਵੱਖ-ਵੱਖ ਰਾਜਾਂ 'ਚ ਮਜ਼ਦੂਰਾਂ ਨੂੰ ਕੰਮ ਦਿੰਦਾ ਸੀ। ਉਸਨੇ ਨਾ ਸਿਰਫ਼ ਆਪਣੀ ਚਾਚੀ ਮੌਮਿਤਾ ਹਸਨ ਨਦਾਫ ਨਾਲ ਕੰਮ ਦਾ ਰਿਸ਼ਤਾ ਸਾਂਝਾ ਕੀਤਾ, ਸਗੋਂ ਉਨ੍ਹਾਂ ਨੇ ਇੱਕ ਨਿੱਜੀ ਰਿਸ਼ਤਾ ਵੀ ਵਿਕਸਤ ਕੀਤਾ। 18 ਮਈ ਨੂੰ, ਸੱਦਾਮ ਸਕੂਟਰ 'ਤੇ ਘਰੋਂ ਨਿਕਲਿਆ, ਪਰ ਕਦੇ ਵਾਪਸ ਨਹੀਂ ਆਇਆ। ਪਰਿਵਾਰ ਨੇ ਪਹਿਲਾਂ ਤਾਂ ਉਸਨੂੰ ਆਪਣੇ ਆਪ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਕੋਈ ਖ਼ਬਰ ਨਾ ਮਿਲੀ ਤਾਂ ਉਨ੍ਹਾਂ ਨੇ 23 ਮਈ ਨੂੰ ਪੁਲਸ ਰਿਪੋਰਟ ਦਰਜ ਕਰਵਾਈ। ਸ਼ੱਕ ਦੀ ਸੂਈ ਸਿੱਧੀ ਉਸਦੀ ਚਾਚੀ ਮੌਮਿਤਾ ਤੇ ਉਸਦੇ ਪਤੀ ਰਹਿਮਾਨ ਨਦਾਫ ਵੱਲ ਗਈ। ਪੁਲਸ ਦੁਆਰਾ ਸਖ਼ਤ ਪੁੱਛਗਿੱਛ ਤੋਂ ਬਾਅਦ, ਮੌਮਿਤਾ ਟੁੱਟ ਗਈ ਤੇ ਇੱਕ ਦਿਲ ਦਹਿਲਾ ਦੇਣ ਵਾਲਾ ਇਕਬਾਲ ਕੀਤਾ-ਉਸਨੇ ਦੱਸਿਆ ਕਿ ਉਹ ਸੱਦਾਮ ਨੂੰ ਆਪਣੇ ਜੱਦੀ ਘਰ (ਤਪਨ, ਦਿਨਾਜਪੁਰ) ਲੈ ਗਈ ਸੀ। ਉੱਥੇ, ਕਿਸੇ ਝਗੜੇ ਦੌਰਾਨ, ਉਸਨੇ ਉਸਦਾ ਕਤਲ ਕਰ ਦਿੱਤਾ, ਲਾਸ਼ ਨੂੰ ਤਿੰਨ ਟੁਕੜਿਆਂ ਵਿੱਚ ਕੱਟ ਦਿੱਤਾ ਅਤੇ ਫਿਰ ਸੀਮੈਂਟ ਅਤੇ ਪਲਾਸਟਿਕ ਵਿੱਚ ਪੈਕ ਕਰਕੇ ਪੌੜੀਆਂ ਦੇ ਹੇਠਾਂ ਕੰਧ ਵਿੱਚ ਦੱਬ ਦਿੱਤਾ।

## ਸੋਨੀਆ ਗਾਂਧੀ ਨੂੰ ਸਿਹਤ ਵਿਗੜਨ ਤੋਂ ਬਾਅਦ ਸ਼ਿਮਲਾ ਵਿੱਚ ਹਸਪਤਾਲ ਲਿਜਾਇਆ ਗਿਆ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨੈਸ਼ਨਲ ਡੈਸਕ 7 ਜੂਨ। ਕਾਂਗਰਸ ਪਾਰਲੀਮੈਂਟਰੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਸ਼ਨੀਵਾਰ ਨੂੰ ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਉਸ ਸਮੇਂ ਲਿਜਾਇਆ ਗਿਆ ਜਦੋਂ ਉਨ੍ਹਾਂ ਦੀ ਸਿਹਤ ਪਹਾੜੀ ਸਟੇਸ਼ਨ 'ਤੇ ਵਿਗੜ ਗਈ। 78 ਸਾਲ ਦੀ ਇਸ ਸੀਨੀਅਰ ਕਾਂਗਰਸ ਨੇਤਾ, ਜਿਨ੍ਹਾਂ ਨੇ ਦਸੰਬਰ 2024 ਵਿੱਚ ਆਪਣਾ 78ਵਾਂ ਜਨਮਦਿਨ ਮਨਾਇਆ, ਨੂੰ ਟੈਸਟਾਂ ਅਤੇ ਜਾਂਚ ਲਈ ਹਸਪਤਾਲ ਲਿਜਾਇਆ ਗਿਆ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਮੁੱਖ ਸਲਾਹਕਾਰ (ਮੀਡੀਆ) ਨਰੇਸ਼ ਚੌਹਾਨ ਨੇ ਮੀਡੀਆ ਨੂੰ ਇਸ ਵਿਕਾਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ 'ਮਾਮੂਲੀ ਸਮੱਸਿਆਵਾਂ' ਕਾਰਨ ਨਿਯਮਤ ਸਿਹਤ ਜਾਂਚ ਲਈ ਹਸਪਤਾਲ ਲਿਜਾਇਆ ਗਿਆ। "ਕਾਂਗਰਸ ਪਾਰਲੀਮੈਂਟਰੀ ਪਾਰਟੀ ਦੀ



ਚੇਅਰਪਰਸਨ ਸੋਨੀਆ ਗਾਂਧੀ ਨੂੰ ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਕੁਝ ਮਾਮੂਲੀ ਸਿਹਤ ਸਮੱਸਿਆਵਾਂ ਕਾਰਨ ਨਿਯਮਤ ਸਿਹਤ ਜਾਂਚ ਲਈ ਲਿਜਾਇਆ ਗਿਆ ਹੈ," ਉਨ੍ਹਾਂ ਨੇ ਕਿਹਾ। ਸੋਨੀਆ ਗਾਂਧੀ ਨੇ ਆਖਰੀ ਵਾਰ 27 ਮਈ ਨੂੰ ਜਨਤਕ ਤੌਰ 'ਤੇ ਦਿੱਸੀ ਸੀ, ਜਦੋਂ ਉਨ੍ਹਾਂ ਨੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ 61ਵੀਂ ਬਰਸੀ 'ਤੇ ਦਿੱਲੀ ਦੇ ਸ਼ਾਂਤੀ ਵਨ ਵਿਖੇ ਉਨ੍ਹਾਂ ਦੀ ਯਾਦਗਾਰ 'ਤੇ ਫੁੱਲਾਂ ਦੀ ਸ਼ਰਧਾਂਜਲੀ ਅਰਪਿਤ ਕੀਤੀ ਸੀ। ਹਾਲ ਹੀ ਵਿੱਚ, ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸੋਨੀਆ ਗਾਂਧੀ ਨੂੰ ਨੈਸ਼ਨਲ ਹੈਰਾਲਡ ਮਾਮਲੇ ਵਿੱਚ ਮੁਖੀ ਮੁਲਜ਼ਮ ਨੰਬਰ 1 ਅਤੇ ਉਨ੍ਹਾਂ ਦੇ ਬੇਟੇ ਰਾਹੁਲ ਗਾਂਧੀ (54) ਨੂੰ ਮੁਲਜ਼ਮ ਨੰਬਰ 2 ਵਜੋਂ ਨਾਮਜ਼ਦ ਕੀਤਾ ਹੈ। ਉਨ੍ਹਾਂ ਦੇ ਨਾਲ, ਪੰਜ ਹੋਰ ਵਿਅਕਤੀਆਂ ਨੂੰ ਵੀ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀਐਮਐਲਏ) ਅਧੀਨ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਨਾਮਜ਼ਦ ਕੀਤਾ ਗਿਆ ਸੀ।

## ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ 'ਚ 5 ਹਜ਼ਾਰ ਵਾਧੂ ਬਿਸਤਰਿਆਂ ਦਾ ਕੀਤਾ ਪ੍ਰਬੰਧ

ਮਾਲੇਰਕੋਟਲਾ 7 ਜੂਨ। ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਨਸ਼ਿਆਂ ਦੀ ਗ੍ਰਿਫਤ 'ਚ ਫਸੇ ਵਿਅਕਤੀਆਂ ਦਾ ਇਲਾਜ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਦੇ ਨਸ਼ਾ ਛੁਡਾਊ ਕੇਂਦਰਾਂ ਵਿਚ 5 ਹਜ਼ਾਰ ਵਾਧੂ ਬਿਸਤਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਮਾਲੇਰਕੋਟਲਾ ਦੇ ਸਰਕਾਰੀ ਹਸਪਤਾਲ ਵਿਖੇ 30 ਵਾਧੂ ਬਿਸਤਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਜਾਣਕਾਰੀ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜਾਇਜ਼ਾ ਲੈਣ, ਕੋਵਿਡ, ਮੱਛਰਾਂ ਤੇ ਗੰਦੇ ਪਾਣੀ ਨਾਲ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆ ਨਾਲ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਬਲਬੀਰ ਸਿੰਘ ਨੇ ਨਸ਼ਿਆਂ ਦੇ ਸੌਦਾਗਰਾਂ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਜਾਂ ਤਾਂ ਨਸ਼ਿਆਂ ਦਾ ਕਾਰੋਬਾਰ ਛੱਡ ਦੇਣ ਜਾਂ ਫਿਰ ਪੰਜਾਬ ਛੱਡ ਕੇ ਚਲੇ ਜਾਣ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੀ ਜਵਾਨੀ ਨੂੰ ਬਚਾਉਣਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲੈ ਜਾਣ ਵਾਲਿਆਂ ਨੂੰ ਕਿਸੇ ਵੀ ਹਾਲਤ 'ਚ ਬਖਸ਼ਿਆ ਨਹੀਂ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਢਾਹਿਆ ਜਾਵੇਗਾ ਤਾਂ ਜੋ ਮੁੜ ਤੋਂ ਕੋਈ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ 'ਚ ਨਾ ਫਸਾ ਸਕੇ।

## ਜਲੰਧਰ ਨਿਗਮ ਦੇ ਅ.ਫਸਰ ਹੁਣ ਸੈਂਕਸ਼ਨ ਜ਼ਰੀਏ ਕੰਮ ਕਰਵਾਉਣ ਤੋਂ ਲੱਗੇ ਡਰਨ

*ਜਲੰਧਰ 7 ਜੂਨ। ਜਲੰਧਰ ਨਗਰ ਨਿਗਮ ਵਿਚ ਬਿਨਾਂ ਟੈਂਡਰ ਹੋਏ ਕਰੋੜਾਂ ਦੇ ਕੰਮਾਂ ਦੀ ਵਿਜੀਲੈਂਸ ਜਾਂਚ ਨੇ ਨਗਰ ਨਿਗਮ ਦੇ ਅਫ਼ਸਰਾਂ ਅਤੇ ਠੇਕੇਦਾਰਾਂ ਵਿਚ ਖਲਬਲੀ ਮਚਾ ਦਿੱਤੀ ਹੈ। ਹੁਣ ਅਫ਼ਸਰ ਨਾ ਸਿਰਫ਼ ਨਵੇਂ ਕੰਮਾਂ ਦੀ ਸੈਂਕਸ਼ਨ ਦੇਣ ਤੋਂ ਬਚ ਰਹੇ ਹਨ, ਸਗੋਂ ਪੁਰਾਣੇ ਸੈਂਕਸ਼ਨ 'ਤੇ ਦਸਤਖ਼ਤ ਕਰਨ ਤੋਂ ਵੀ ਡਰਨ ਲੱਗੇ ਹਨ। ਟਰਾਂਸਪੇਰੈਂਸੀ ਐਕਟ ਦੀ ਆੜ ਵਿਚ ਹੋਏ ਇਨ੍ਹਾਂ ਕੰਮਾਂ ਨਾਲ ਨਿਗਮ ਨੂੰ ਭਾਰੀ ਰੈਵੇਨਿਊ ਲਾਸ ਵੀ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 2022 ਵਿਚ ਲਾਗੂ ਕੀਤੇ ਗਏ ਟਰਾਂਸਪੇਰੈਂਸੀ ਐਕਟ ਤਹਿਤ ਨਗਰ ਨਿਗਮ ਕਮਿਸ਼ਨਰ ਨੂੰ ਹੰਗਾਮੀ ਸਥਿਤੀ ਵਿਚ ਬਿਨਾਂ ਟੈਂਡਰ ਸਿਰਫ਼ ਕੋਟੇਸ਼ਨ ਦੇ ਆਧਾਰ 'ਤੇ 5 ਲੱਖ ਰੁਪਏ ਤਕ ਦੇ ਕੰਮ ਕਰਵਾਉਣ ਦਾ ਅਧਿਕਾਰ ਦਿੱਤਾ ਗਿਆ ਸੀ ਪਰ ਜਲੰਧਰ ਨਿਗਮ ਵਿਚ ਇਸ ਵਿਵਸਥਾ ਦੀ ਖੁੱਲ੍ਹ ਕੇ ਦੁਰਵਰਤੋਂ ਕੀਤੀ ਗਈ। ਗੈਰ-ਜ਼ਰੂਰੀ ਅਤੇ ਗੈਰ-ਹੰਗਾਮੀ ਕੰਮਾਂ ਨੂੰ ਵੀ ਇਸੇ ਐਕਟ ਤਹਿਤ ਕਰਵਾਇਆ ਗਿਆ ਅਤੇ ਮਨਪਸੰਦ ਠੇਕੇਦਾਰਾਂ ਨੂੰ ਠੇਕੇ ਵੰਡੇ ਗਏ। ਹੁਣ ਤਕ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਨਿਗਮ ਦੇ ਬਿਲਡਿੰਗ ਐਂਡ ਰੋਡਸ (ਬੀ. ਐਂਡ ਆਰ.) ਅਤੇ ਆਪ੍ਰੇਸ਼ਨ ਐਂਡ ਮੇਨਟੀਨੈਂਸ (ਓ. ਐਂਡ ਐੱਮ.) ਵਿਭਾਗਾਂ ਵਿਚ ਸਿਰਫ ਕੋਟੇਸ਼ਨ ਅਤੇ ਸੈਂਕਸ਼ਨ ਦੇ ਆਧਾਰ 'ਤੇ ਵੱਡੇ ਪੱਧਰ 'ਤੇ ਕੰਮ ਕਰਵਾਏ ਗਏ। ਠੇਕੇਦਾਰਾਂ ਨੇ ਮਨਮਰਜ਼ੀ ਦੇ ਰੇਟ ਕੋਟ ਕੀਤੇ, ਅਧਿਕਾਰੀਆਂ ਨੇ ਨਾ ਤਾਂ ਬਾਜ਼ਾਰ ਜਾ ਕੇ ਰੇਟ ਪਤਾ ਕੀਤੇ ਅਤੇ ਨਾ ਹੀ ਵੱਖ-ਵੱਖ ਵੈਂਡਰਸ ਤੋਂ ਪਾਰਦਰਸ਼ੀ ਢੰਗ ਨਾਲ ਕੋਟੇਸ਼ਨ ਮੰਗਵਾਈ, ਜਿਸ ਨਾਲ ਨਿਗਮ ਨੂੰ ਲੱਖਾਂ ਦਾ ਆਰਥਿਕ ਨੁਕਸਾਨ ਹੋਇਆ। ਵਿਜੀਲੈਂਸ ਬਿਊਰੋ ਨੇ ਪਹਿਲਾਂ ਨਗਰ ਨਿਗਮ ਦੇ ਬਿਲਡਿੰਗ ਵਿਭਾਗ ਵਿਚ ਛਾਪਾ ਮਾਰ ਕੇ ਏ. ਟੀ. ਪੀ. ਸੁਖਦੇਵ ਵਸ਼ਿਸ਼ਟ ਅਤੇ ਬਿਲਡਿੰਗ ਇੰਸ. ਹਰਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਸੈਂਟਰਲ ਹਲਕੇ ਤੋਂ ਵਿਧਾਇਕ ਰਮਨ ਅਰੋੜਾ ਦੀ ਗ੍ਰਿਫ਼ਤਾਰੀ ਨੇ ਸਿਆਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿਚ ਤਹਿਲਕਾ ਮਚਾ ਦਿੱਤਾ। ਹੁਣ ਵਿਜੀਲੈਂਸ ਨੇ ਸਾਰੇ ਜੇ. ਈਜ਼ (ਜੂਨੀਅਰ ਇੰਜੀਨੀਅਰਜ਼) ਅਤੇ ਐੱਸ. ਡੀ. ਓਜ਼ (ਸਬ-ਡਵੀਜ਼ਨਲ ਆਫਿਸਰਜ਼) ਤੋਂ ਪੁੱਛਗਿੱਛ ਕਰ ਕੇ ਇਕ ਲੰਮੀ ਸੂਚੀ ਤਿਆਰ ਕੀਤੀ ਹੈ, ਜਿਸ ਵਿਚ ਦਰਜਨਾਂ ਸ਼ੱਕੀ ਕੰਮ ਸ਼ਾਮਲ ਹਨ। ਵਿਜੀਲੈਂਸ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਚਹੇਤੇ ਠੇਕੇਦਾਰਾਂ ਨੂੰ ਵਾਰ-ਵਾਰ ਕੰਮ ਦਿੱਤੇ ਗਏ। ਹੁਣ ਇਨ੍ਹਾਂ ਠੇਕੇਦਾਰਾਂ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿਚ ਹੈ ਅਤੇ ਵਿਜੀਲੈਂਸ ਨੇ ਇਨ੍ਹਾਂ ਨਾਲ ਜੁੜੇ ਸਾਰੇ ਦਸਤਾਵੇਜ਼ ਜ਼ਬਤ ਕਰ ਲਏ ਹਨ। ਮੰਨਿਆ ਜਾ ਰਿਹਾ ਹੈ ਕਿ ਜੇਕਰ ਜਾਂਚ ਨਿਰਪੱਖ ਰੂਪ ਨਾਲ ਹੋਈ ਤਾਂ ਕਈ ਵੱਡੇ ਨਾਵਾਂ 'ਤੇ ਸ਼ਿਕੰਜਾ ਕੱਸ ਸਕਦਾ ਹੈ। ਇਸ ਜਾਂਚ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਨਿਗਮ ਵਿਚ ਸਾਲਾਂ ਤੋਂ ਚੱਲਿਆ ਆ ਰਿਹਾ ਅਫਸਰ ਠੇਕੇਦਾਰ ਗੱਠਜੋੜ (ਨੈਕਸਸ) ਉਜਾਗਰ ਹੋਵੇਗਾ ਅਤੇ ਪ੍ਰਭਾਵਸ਼ਾਲੀ ਅਹੁਦੇ 'ਤੇ ਬੈਠੇ ਭ੍ਰਿਸ਼ਟ ਅਧਿਕਾਰੀਆਂ 'ਤੇ ਵੱਡੀ ਕਾਰਵਾਈ ਹੋਵੇਗੀ। ਟਰਾਂਸਪੇਰੈਂਸੀ ਐਕਟ, ਜਿਸ ਨੂੰ ਪਾਰਦਰਸ਼ਿਤਾ ਵਧਾਉਣ ਲਈ ਲਿਆਂਦਾ ਗਿਆ ਸੀ, ਉਸ ਦੀ ਆੜ ਵਿਚ ਕਰੋੜਾਂ ਦਾ ਭ੍ਰਿਸ਼ਟਾਚਾਰ ਕੀਤਾ ਗਿਆ। ਵਿਜੀਲੈਂਸ ਦੀ ਸਰਗਰਮੀ ਕਾਰਨ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵਿਚ ਅਜੇ ਵੀ ਭਾਰੀ ਦਹਿਸ਼ਤ ਹੈ। ਹਰ ਪਾਸੇ ਇਹੀ ਚਰਚਾ ਹੈ ਕਿ ਅਗਲਾ ਨੰਬਰ ਕਿਸ ਦਾ ਹੋਵੇਗਾ। ਅਧਿਕਾਰੀ ਹੁਣ ਨਾ ਤਾਂ ਨਵੇਂ ਕੰਮ ਦੀ ਫਾਈਲ ਅੱਗੇ ਵਧਾ ਰਹੇ ਹਨ ਅਤੇ ਨਾ ਹੀ ਪੁਰਾਣੇ ਸੈਂਕਸ਼ਨ 'ਤੇ ਸਾਈਨ ਕਰਨ ਦੀ ਹਿੰਮਤ ਜੁਟਾ ਪਾ ਰਹੇ ਹਨ। ਇਹ ਪੂਰਾ ਮਾਮਲਾ ਜਲੰਧਰ ਨਗਰ ਨਿਗਮ ਵਿਚ ਪ੍ਰਸ਼ਾਸਨਿਕ ਲਾਪ੍ਰਵਾਹੀ, ਭ੍ਰਿਸ਼ਟਾਚਾਰ ਅਤੇ ਨਿਯਮਾਂ ਦੇ ਖੁੱਲ੍ਹੇਆਮ ਉਲੰਘਣ ਦੀ ਜਿਊਂਦੀ ਜਾਗਦੀ ਉਦਾਹਰਣ ਬਣ ਗਿਆ ਹੈ। ਜੇਕਰ ਵਿਜੀਲੈਂਸ ਜਾਂਚ ਨਿਰਪੱਖ ਢੰਗ ਨਾਲ ਪੂਰੀ ਹੁੰਦੀ ਹੈ ਤਾਂ ਇਹ ਨਿਗਮ ਨੂੰ ਭ੍ਰਿਸ਼ਟਾਚਾਰ ਦੇ ਜਾਲ ਵਿਚੋਂ ਕੱਢਣ ਵਿਚ ਵਿਚ ਮੀਲ ਦਾ ਪੱਥਰ ਸਾਬਿਤ ਹੋ ਸਕਦੀ ਹੈ।*

## ਜਿਸਨੂੰ ਬਣਾਉਣਾ ਸੀ ਜਵਾਈ, ਉਸੇ ਨਾਲ ਮਾਂ ਨੇ ਪਾਈ ਪਿਆਰ ਦੀ ਪੀਂਘ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨੈਸ਼ਨਲ ਡੈਸਕ 7 ਜੂਨ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੋਂ ਬਾਅਦ ਹੁਣ ਸ਼ਾਹਜਹਾਂਪੁਰ ਤੋਂ ਇੱਕ ਹੋਰ ਅਜੀਬ ਪ੍ਰੇਮ ਕਹਾਣੀ ਸਾਹਮਣੇ ਆਈ ਹੈ, ਜਿਸਨੇ ਸਾਰਿਆਂ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਇੱਥੇ ਇੱਕ 45 ਸਾਲਾ ਵਿਧਵਾ ਔਰਤ ਆਪਣੀ ਧੀ ਲਈ ਲਾੜਾ ਲੱਭਣ ਲਈ ਬਾਹਰ ਗਈ ਸੀ ਪਰ ਉਸਨੂੰ ਖੁਦ ਆਪਣੇ ਜਵਾਈ ਨਾਲ ਪਿਆਰ ਹੋ ਗਿਆ। ਇਸ ਤੋਂ ਬਾਅਦ ਉਸਨੇ ਉਸ ਨਾਲ ਵਿਆਹ ਕਰਵਾ ਲਿਆ। ਇਸ ਅਨੋਖੇ ਵਿਆਹ ਵਿੱਚ ਸਭ ਤੋਂ ਖ਼ਾਸ ਗੱਲ ਇਹ ਸੀ ਕਿ ਧੀ ਨੇ ਖੁਦ ਆਪਣੀ ਮਾਂ ਦਾ ਪੂਰਾ ਸਾਥ ਦਿੱਤਾ ਅਤੇ ਉਸਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਜਦੋਂ ਵਿਆਹ ਦੀ ਖ਼ਬਰ ਪਿੰਡ ਪਹੁੰਚੀ ਤਾਂ ਪੂਰੇ ਇਲਾਕੇ ਵਿੱਚ ਹਫ਼ੜਾ-ਦਫ਼ੜੀ ਮੱਚ ਗਈ, ਜਿਸ ਤੋਂ ਬਾਅਦ ਇਹ ਪ੍ਰੇਮ ਮਾਮਲਾ ਹੁਣ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਮਾਮਲਾ ਬੰਡਾ ਦੇ ਦੇਵਕਾਲੀ ਅਧੀਨ ਪੈਂਦੇ ਰਣਮਸਤਪੁਰ ਇਲਾਕੇ ਦਾ ਹੈ। ਔਰਤ ਦੇ ਪਤੀ ਦਾ ਤਿੰਨ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ ਅਤੇ ਉਦੋਂ ਤੋਂ ਉਹ ਆਪਣੀ ਧੀ ਨਾਲ ਇਕੱਲੀ ਰਹਿ ਰਹੀ ਸੀ। ਉਸ ਦੀ ਧੀ ਦੀ ਹੁਣ ਵਿਆਹ ਦੀ ਉਮਰ ਹੋ ਗਈ ਸੀ। ਇਸ ਲਈ ਔਰਤ ਆਪਣੀ ਧੀ ਲਈ ਇੱਕ ਢੁਕਵੇਂ ਲਾੜੇ ਦੀ ਭਾਲ ਕਰ ਰਹੀ ਸੀ। ਕਈ ਥਾਵਾਂ 'ਤੇ ਰਿਸ਼ਤੇ ਲੱਭੇ ਗਏ ਪਰ ਕੁਝ ਨਹੀਂ ਬਣਿਆ। ਇਸ ਸਬੰਧ ਵਿੱਚ ਔਰਤ ਸ਼ਾਹਜਹਾਂਪੁਰ ਦੇ ਨੇੜੇ ਇੱਕ ਪਿੰਡ ਵਿੱਚ ਵਿਆਹ ਦੇ ਪ੍ਰਸਤਾਵ ਲਈ ਗਈ ਸੀ, ਜਿੱਥੇ ਉਸਨੂੰ ਆਪਣੀ ਧੀ ਲਈ ਇੱਕ ਢੁਕਵਾਂ ਨੌਜਵਾਨ ਮਿਲਿਆ। ਉਸਨੇ ਆਪਣੀ ਧੀ ਦਾ ਵਿਆਹ ਉਸ ਨੌਜਵਾਨ ਨਾਲ ਤੈਅ ਕਰ ਦਿੱਤਾ। ਇਸ ਤੋਂ ਬਾਅਦ, ਔਰਤ ਨੇ ਨੌਜਵਾਨ ਦਾ ਮੋਬਾਈਲ ਨੰਬਰ ਲੈ ਲਿਆ ਅਤੇ ਦੋਵੇਂ ਇੱਕ ਦੂਜੇ ਨਾਲ ਫ਼ੋਨ 'ਤੇ ਸੰਪਰਕ ਕਰਨ ਲੱਗ ਪਏ। ਹੌਲੀ-ਹੌਲੀ, ਇਹ ਸੰਪਰਕ ਦੋਸਤੀ ਅਤੇ ਫਿਰ ਡੂੰਘੇ ਪਿਆਰ ਵਿੱਚ ਬਦਲ ਗਿਆ। ਇਸ ਦੌਰਾਨ ਔਰਤ ਨੇ ਖੁਦ ਨੌਜਵਾਨ ਨਾਲ ਵਿਆਹ ਬਾਰੇ ਗੱਲ ਕਰਨੀ ਸ਼ੁਰੂ ਕਰ ਦਿੱਤੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਨੌਜਵਾਨ ਵੀ ਬਿਨਾਂ ਕਿਸੇ ਝਿਜਕ ਦੇ ਵਿਆਹ ਲਈ ਸਹਿਮਤ ਹੋ ਗਿਆ। ਜਦੋਂ ਔਰਤ ਨੇ ਆਪਣੀ ਧੀ ਨੂੰ ਸਾਰੀ ਸੱਚਾਈ ਦੱਸੀ ਤਾਂ ਧੀ ਨੇ ਆਪਣੀ ਮਾਂ ਦੀਆਂ ਭਾਵਨਾਵਾਂ ਨੂੰ ਸਮਝਿਆ ਅਤੇ ਉਸਦਾ ਸਮਰਥਨ ਕਰਨ ਦਾ ਫ਼ੈਸਲਾ ਕੀਤਾ। ਉਸਨੇ ਖੁਦ ਆਪਣੀ ਮਾਂ ਨੂੰ ਇਸ ਰਿਸ਼ਤੇ ਅਤੇ ਵਿਆਹ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਚਾਰ ਦਿਨ ਪਹਿਲਾਂ, ਦੋਵਾਂ ਨੇ ਸ਼ਾਹਜਹਾਂਪੁਰ ਦੇ ਇੱਕ ਮੰਦਰ ਵਿੱਚ ਮੰਡਪ 'ਚ ਫੇਰੇ ਲੈ ਕੇ ਵਰਮਾਲਾ ਪਾ ਕੇ ਵਿਆਹ ਕਰਵਾ ਲਿਆ। ਵਿਆਹ ਤੋਂ ਬਾਅਦ ਜਦੋਂ ਨਵਾਂ ਜੋੜਾ ਪਿੰਡ ਪਹੁੰਚਿਆ ਤਾਂ ਪਿੰਡ ਵਾਲੇ ਵੀ ਹੈਰਾਨ ਰਹਿ ਗਏ। ਕੋਈ ਵੀ ਵਿਸ਼ਵਾਸ ਨਹੀਂ ਕਰ ਸਕਦਾ ਸੀ ਕਿ ਵਿਆਹ ਲਈ ਨਿਕਲੀ ਔਰਤ ਦੁਲਹਨ ਬਣ ਕੇ ਵਾਪਸ ਆਵੇਗੀ। ਹਾਲਾਂਕਿ, ਕੁਝ ਲੋਕਾਂ ਨੇ ਕਿਹਾ ਕਿ ਇਹ ਰਿਸ਼ਤਾ ਸਮਾਜ ਦੇ ਨਿਯਮਾਂ ਦੇ ਵਿਰੁੱਧ ਹੈ ਅਤੇ ਇਸ 'ਤੇ ਇਤਰਾਜ਼ ਜਤਾਇਆ। ਇਸ ਦੇ ਨਾਲ ਹੀ, ਬਹੁਤ ਸਾਰੇ ਲੋਕ ਇਸਨੂੰ ਔਰਤ ਦਾ ਇੱਕ ਦਲੇਰਾਨਾ ਫ਼ੈਸਲਾ ਦੱਸ ਰਹੇ ਹਨ, ਜਿਸਨੇ ਸਮਾਜ ਦੀ ਪੁਰਾਣੀ ਸੋਚ ਨੂੰ ਚੁਣੌਤੀ ਦਿੱਤੀ ਹੈ। ਇਹ ਪ੍ਰੇਮ ਕਹਾਣੀ ਹੁਣ ਪੂਰੇ ਸ਼ਾਹਜਹਾਂਪੁਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ।

## ਕੇਦਾਰਨਾਥ ਜਾ ਰਿਹਾ ਹੈਲੀਕਾਪਟਰ ਰੁਦਰਪ੍ਰਯਾਗ ਵਿੱਚ ਹਾਈਵੇਅ 'ਤੇ ਹਾਦਸਾਗ੍ਰਸਤ ਹੋ ਗਿਆ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਨੈਸ਼ਨਲ ਡੈਸਕ 7 ਜੂਨ। ਅਧਿਕਾਰੀਆਂ ਨੇ ਦੱਸਿਆ ਕਿ ਕੇਦਾਰਨਾਥ ਜਾ ਰਹੇ ਇੱਕ ਹੈਲੀਕਾਪਟਰ ਨੂੰ ਸ਼ਨੀਵਾਰ ਨੂੰ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ, ਕਿਉਂਕਿ ਉਡਾਣ ਦੌਰਾਨ ਤਕਨੀਕੀ ਖਰਾਬੀ ਆ ਗਈ ਸੀ। ਹਾਲਾਂਕਿ, ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਵਿੱਚ ਸਵਾਰ ਸਾਰੇ ਸ਼ਰਧਾਲੂ ਅਤੇ ਪਾਇਲਟ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਹੈਲੀਕਾਪਟਰ ਨੇ ਬਾਦਾਸੂ ਬੇਸ ਤੋਂ ਕੇਦਾਰਨਾਥ ਲਈ ਉਡਾਣ ਭਰੀ ਸੀ ਜਦੋਂ ਟੇਕ-ਆਫ ਦੌਰਾਨ ਤਕਨੀਕੀ ਖਰਾਬੀ ਆਉਣ ਤੋਂ ਬਾਅਦ ਇਸਨੇ ਸਿਰਸੀ ਨੇੜੇ ਹਾਈਵੇਅ 'ਤੇ ਐਮਰਜੈਂਸੀ ਲੈਂਡਿੰਗ ਕੀਤੀ। ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਦਿਖਾਇਆ ਗਿਆ ਹੈ ਕਿ ਕੇਸਟਰਲ ਐਵੀਏਸ਼ਨ ਹੈਲੀਕਾਪਟਰ ਹਾਈਵੇਅ ਦੇ ਵਿਚਕਾਰ ਖੜ੍ਹਾ ਸੀ, ਜੋ ਕਿ ਆਬਾਦੀ ਵਾਲੀਆਂ ਇਮਾਰਤਾਂ ਦੇ ਨੇੜੇ ਖ਼ਤਰਨਾਕ ਤੌਰ




'ਤੇ ਸੀ ਅਤੇ ਇੱਕ ਕਾਰ ਦੇ ਟੇਲ ਰੋਟਰ ਨਾਲ ਨੁਕਸਾਨਿਆ ਗਿਆ ਸੀ। ਹੈਲੀਕਾਪਟਰ ਵਿੱਚ ਪਾਇਲਟ ਸਮੇਤ ਛੇ ਲੋਕ ਵਾਲ-ਵਾਲ ਬਚ ਗਏ। ਕੇਦਾਰਨਾਥ ਹੈਲੀ ਸੇਵਾ ਦੇ ਨੋਡਲ ਅਧਿਕਾਰੀ ਰਾਹੁਲ ਚੌਬੇ ਨੇ ਕਿਹਾ ਕਿ ਇਸ ਘਟਨਾ ਦਾ ਹਿਮਾਲੀਅਨ ਮੰਦਰ ਲਈ ਹੈਲੀ ਸ਼ਟਲ ਸੇਵਾ 'ਤੇ ਕੋਈ ਅਸਰ ਨਹੀਂ ਪਿਆ। ਹੈਲੀਕਾਪਟਰ ਨੂੰ ਹਾਈਵੇਅ ਤੋਂ ਹਟਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਪੰਜਾਬ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ ਵਿਚਾਲੇ ਰਾਜਾ ਵੜਿੰਗ ਦਾ ਵੱਡਾ ਬਿਆਨ

**ਕੌਮੀ ਪਤ੍ਰਿਕਾ**
**ਪਤਰ ਪਰੇਰਕ**

ਚੰਡੀਗੜ੍ਹ 7 ਜੂਨ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਨੇ ਪੰਜਾਬ ਕਾਂਗਰਸ 'ਚ ਛੁਪੀਆਂ ਅੰਦਰੂਨੀ ਧੜੇਬੰਦੀਆਂ ਨੂੰ ਇਕ ਵਾਰ ਫਿਰ ਸਾਹਮਣੇ ਲਿਆ ਦਿੱਤਾ ਹੈ। ਪੰਜਾਬ ਇਚਾਰਜ ਭੁਪੇਸ਼ ਬਘੇਲ ਕਈ ਵਾਰ ਸੂਬੇ ਦੇ ਆਗੂਆਂ ਨੂੰ ਇਕਜੁੱਟ ਰਹਿਣ ਦੀ ਨਸੀਹਤ ਦੇ ਚੁੱਕੇ ਹਨ। ਪਿਛਲੇ ਦਿਨੀਂ ਉਮੀਦਵਾਰ ਭਾਰਤ ਭੂਸ਼ਣ ਆਗੂ ਦੀ ਨਾਮਜ਼ਦਗੀ ਮੌਕੇ ਸਾਰੇ ਆਗੂ ਇਕੱਠੇ ਨਜ਼ਰ ਆਏ ਸਨ ਤਾਂ ਪਾਰਟੀ ਅੰਦਰ 'ਸਭ ਕੁਝ ਠੀਕ-ਠਾਕ ਹੈ, ਹੋਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਹੋਈ ਪਰ ਅਗਲੇ ਦਿਨ ਹੀ ਇਹ 'ਏਕਤਾ' ਖਿੱਲਰਦੀ ਨਜ਼ਰ ਆਈ। ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ ਚੋਣਾਂ ਦੌਰਾਨ ਲੁਧਆਣਾ ਤੋਂ ਉਮੀਦਵਾਰ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਮੁਖ਼ਾਲਫ਼ਤ ਕਰਨ ਵਾਲੇ ਕਮਲਜੀਤ ਸਿੰਘ ਕੜਵਲ ਤੇ ਕਰਨ ਵੜਿੰਗ ਨੂੰ ਪਾਰਟੀ 'ਚ ਸ਼ਾਮਲ ਕਰਵਾਇਆ ਤਾਂ ਵੜਿੰਗ ਨੇ ਜਲੰਧਰ ਲੋਕ ਸਭਾ ਚੋਣਾਂ ਦੌਰਾਨ ਉਮੀਦਵਾਰ ਚਰਨਜੀਤ ਸਿੰਘ ਚੰਨੀ ਦਾ ਵਿਰੋਧ ਕਰਨ ਵਾਲੇ ਵਿਕਰਮਜੀਤ ਸਿੰਘ ਚੌਧਰੀ ਨੂੰ ਪਾਰਟੀ 'ਚ ਸ਼ਾਮਲ ਕਰ ਲਿਆ। ਪਾਰਟੀ ਹਾਈਕਮਾਨ ਨੇ ਪਹਿਲਾਂ ਇਹ ਨਿਯਮ ਬਣਾਇਆ ਸੀ ਕਿ ਕਿਸੇ ਹੋਰ ਪਾਰਟੀ ਨੂੰ ਛੱਡ ਕੇ ਕਾਂਗਰਸ 'ਚ ਮੁੜ ਵਾਪਸੀ ਕਰਨ ਵਾਲੇ ਆਗੂਆਂ ਬਾਰੇ ਫ਼ੈਸਲਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਲਵੇਗੀ ਪਰ ਚਰਨਜੀਤ ਸਿੰਘ ਚੰਨੀ, ਭਾਰਤ ਭੂਸ਼ਣ ਆਗੂ ਤੇ ਰਾਣਾ ਗੁਰਜੀਤ ਸਿੰਘ ਦੇ ਧੜੇ ਵੱਲੋਂ ਖ਼ੁਦ ਇਹ ਫ਼ੈਸਲਾ ਲੈਣ 'ਤੇ ਪਾਰਟੀ 'ਚ ਭਸੂੜੀ ਪਈ ਹੋਈ ਹੈ,

> **ਪਿਛਲੇ ਦਿਨੀਂ ਉਮੀਦਵਾਰ ਭਾਰਤ ਭੂਸ਼ਣ ਆਗੂ ਦੀ ਨਾਮਜ਼ਦਗੀ ਮੌਕੇ ਸਾਰੇ ਆਗੂ ਇਕੱਠੇ ਨਜ਼ਰ ਆਏ ਸਨ ਤਾਂ ਪਾਰਟੀ ਅੰਦਰ 'ਸਭ ਕੁਝ ਠੀਕ-ਠਾਕ ਹੈ, ਹੋਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਹੋਈ ਪਰ ਅਗਲੇ ਦਿਨ ਹੀ ਇਹ 'ਏਕਤਾ' ਖਿੱਲਰਦੀ ਨਜ਼ਰ ਆਈ।**

ਹਾਲਾਂਕਿ ਇਸ ਬਾਰੇ ਜਦੋਂ ਰਾਜਾ ਵੜਿੰਗ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕਾਂਗਰਸ 'ਚ 'ਆਲ ਇਜ਼ ਵੈੱਲ' ਹੈ ਅਤੇ ਪਾਰਟੀ ਮਜ਼ਬੂਤ ਹੋ ਰਹੀ ਹੈ। ਹਾਲਾਂਕਿ ਪੰਜਾਬ ਇੰਚਾਰਜ ਭੁਪੇਸ਼ ਬਘੇਲ ਸਮੇਤ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਸੂਬਾ ਪ੍ਰਧਾਨ ਦੀ ਇਜਾਜ਼ਤ ਤੋਂ ਬਗ਼ੈਰ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰਨ 'ਤੇ ਨਾਰਾਜ਼ ਹੈ। ਇਸ ਘਟਨਾਕ੍ਰਮ ਨੇ ਪਾਰਟੀ ਅੰਦਰ ਆਪਸੀ ਖਿੱਚੋਤਾਣ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਕਾਂਗਰਸੀ ਵਰਕਰਾਂ ਤੋਂ ਲੈ ਕੇ ਪਾਰਟੀ ਦੇ ਵੱਡੇ ਨੇਤਾ ਵੀ ਇਸ ਵਿਵਾਦ 'ਤੇ ਕੁਝ ਕਹਿਣ ਤੋਂ ਗੁਰੇਜ਼ ਕਰ ਰਹੇ ਹਨ। ਕਈ ਸਾਲਾਂ ਤੋਂ ਕਾਂਗਰਸ 'ਚ ਸੇਵਾਵਾਂ ਨਿਭਾ ਰਹੇ ਪਾਰਟੀ ਦੇ ਪੁਰਾਣੇ ਵਰਕਰ ਨਵੇਂ ਆਏ ਚਿਹਰਿਆਂ ਦੀ ਲਗਾਤਾਰ ਵਾਪਸੀ ਤੋਂ ਨਿਰਾਸ਼ ਹਨ। ਜਿੱਥੇ ਇਕ ਧਿਰ ਕਿਸੇ ਵੀ ਤਰ੍ਹਾਂ ਦੀ ਅਨੁਸ਼ਾਸਨਹੀਣਤਾ ਨੂੰ ਸਹਿਣ ਨਹੀਂ ਕਰਨਾ ਚਾਹੁੰਦੀ, ਉੱਥੇ ਦੂਜੀ ਧਿਰ ਨਤੀਜਿਆਂ ਦੀ ਆੜ ਲੈ ਕੇ ਆਪਣੀ ਪਸੰਦ ਦੇ ਲੋਕਾਂ ਨੂੰ ਮੁੜ ਪਾਰਟੀ 'ਚ ਲਿਆ ਰਹੀ ਹੈ। ਫ਼ੈਸਲੇ ਲੈਂਦੀ ਰਹੀ ਤਾਂ ਲੁਧਿਆਣੇ ਦੇ ਚੋਣ ਨਤੀਜੇ ਨਿਰਾਸ਼ਾਜਨਕ ਹੋ ਸਕਦੇ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸ ਦੀ ਇਕਜੁੱਟਤਾ ਨੂੰ ਸਿਰਫ਼ ਦਿਖਾਵਾ' ਕਰਾਰ ਦਿੰਦਿਆਂ ਕਿਹਾ ਕਿ ਪਾਰਟੀ ਅੰਦਰੋਂ ਫੁੱਟ ਅਤੇ ਵਿਸ਼ਵਾਸਘਾਤ ਨਾਲ ਜੂਝ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕੱਲ੍ਹ ਤੱਕ ਇਕੱਠੇ ਚਾਹ ਪੀਣ ਤੋਂ ਇਨਕਾਰ ਕਰਦੇ ਸਨ, ਅੱਜ ਉਨ੍ਹਾਂ ਨੂੰ ਬਾਂਹ ਫੜ ਕੇ ਮੰਚ 'ਤੇ ਚੜ੍ਹਾਇਆ ਜਾ ਰਿਹਾ ਹੈ। ਇਹ ਕਾਂਗਰਸ ਦੀ ਨੀਤੀ ਰਹਿਤ ਸਿਆਸਤ ਦੀ ਸਭ ਤੋਂ ਵੱਡੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਆਸਤੀਨ ਦੇ ਸੱਪ ਤੋਂ ਬਚੋ। ਆਸ਼ੂ ਨਾਲ ਸਟੇਜ 'ਤੇ ਕਈ ਵੱਡੇ ਨੇਤਾ ਇਕੱਠੇ ਦਿਸ ਰਹੇ ਸਨ ਪਰ ਹਕੀਕਤ ਇਹ ਹੈ ਕਿ ਕਾਂਗਰਸ ਅੰਦਰੋਂ ਫ਼ਰੇਬਾਜ਼ੀ ਨਾਲ ਭਰੀ ਹੋਈ ਹੈ। ਹਰੇਕ ਵਿਅਕਤੀ ਦੂਜੇ 'ਤੇ ਸ਼ੱਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਅੰਦਰੂਨੀ ਹਾਲਾਤ ਇੰਨੇ ਖ਼ਰਾਬ ਹਨ ਕਿ ਜਿਹੜੇ ਨੇਤਾ ਕਦੇ ਕਿਸੇ ਹੋਰ ਨੂੰ ਆਪਣੇ ਨਾਲ ਮੰਚ 'ਤੇ ਖੜ੍ਹਾ ਨਹੀਂ ਸਨ ਹੋਣਦਿੰਦੇ, ਅੱਜ ਇਕੱਠੇ ਚੋਣ ਲੜਣ ਦਾ ਨਾਟਕ ਕਰ ਰਹੇ ਹਨ। ਇਹ ਸਿਰਫ਼ ਲੋਕਾਂ ਨੂੰ ਭਲਾਵਾ ਦੇਣ ਦੀ ਕੋਸ਼ਿਸ਼ ਹੈ। ਉਨ੍ਹਾਂ ਨੇ ਕਾਂਗਰਸ ਦੀ ਅੰਦਰੂਨੀ ਲੀਡਰਸ਼ਿਪ ਤੇ ਵੀ ਤੰਜ ਕਸਦਿਆਂ ਕਿਹਾ ਕਿ ਜਿਹੜੇ ਲੋਕ ਕਦੇ ਵਿਧਾਨ ਸਭਾ 'ਚ ਮੁੱਖ ਮੰਤਰੀ ਦੀ ਅੱਖ 'ਚ ਅੱਖ ਪਾ ਕੇ ਗੱਲ ਨਹੀਂ ਕਰ ਸਕਦੇ, ਉਹ ਹੁਣ ਲੋਕਾਂ ਨੂੰ ਗੱਲਾਂ ਦੇ ਜਾਲ 'ਚ ਫਸਾ ਰਹੇ ਹਨ। ਇਹ ਸਿਰਫ਼ ਦਿਖਾਵੇ ਦੀ ਸਿਆਸਤ ਹੈ। ਪਾਰਟੀ 'ਚ ਮੁੜ ਸ਼ਾਮਲ ਹੋਏ ਕਮਲਜੀਤ ਸਿੰਘ ਕੜਵਲ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਭਾਰਤ ਭੂਸ਼ਣ ਆਸ਼ੂ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ। ਅਸੀਂ ਪੂਰੀ ਤਾਕਤ ਨਾਲ ਉਨ੍ਹਾਂ ਦੇ ਹੱਕ 'ਚ ਕੰਮ ਕਰਾਂਗੇ। ਜਦੋਂ ਉਨ੍ਹਾਂ ਕੋਲ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਸਿਮਰਨਜੀਤ ਸਿੰਘ ਬੈਂਸ ਨਾਲ ਕੋਈ ਗੱਲਬਾਤ ਹੋਈ ਹੈ ਤਾਂ ਉਨ੍ਹਾਂ ਸਾਫ਼ ਕਿਹਾ ਕਿ ਫਿਲਹਾਲ ਕੋਈ ਗੱਲਬਾਤ ਨਹੀਂ ਹੋਈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਪੂਰੀ ਵਫ਼ਾਦਾਰੀ ਨਾਲ ਪਾਰਟੀ ਦੇ ਹੁਕਮਾਂ ਦੀ ਪਾਲਣਾ ਕਰਨਗੇ। ਸਾਨੂੰ ਜਿੱਥੇ ਵੀ ਪਾਰਟੀ ਹੁਕਮ ਕਰੇਗੀ, ਅਸੀਂ ਉੱਥੇ ਪਾਰਟੀ ਲਈ ਖੜ੍ਹਾਂਗੇ। ਪਾਰਟੀ ਦੀ ਸੂਝ-ਬੂਝ ਤੇ ਫ਼ੈਸਲੇ ਉੱਤੇ ਸਾਨੂੰ ਪੂਰਾ ਭਰੋਸਾ ਹੈ।

## 19 ਪੰਚਾਇਤਾਂ ਨੇ ਨਸ਼ਾ ਵਿਰੋਧੀ ਮੁਹਿੰਮ ਦਾ ਕੀਤਾ ਸਮਰਥਨ

ਬਠਿੰਡਾ 7 ਜੂਨ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ"ਮੁਹਿੰਮ ਨੂੰ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਵਿੱਚ ਭਾਰੀ ਜਨ ਸਮਰਥਨ ਮਿਲ ਰਿਹਾ ਹੈ। ਇਸ ਮੁਹਿੰਮ ਤੋਂ ਪ੍ਰੇਰਿਤ ਹੋ ਕੇ ਹਲਕੇ ਦੇ 19 ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੇ ਆਪਣੇ ਪਿੰਡਾਂ ਵਿੱਚ ਚਿੱਟੇ (ਹੈਰੋਇਨ) ਦੀ ਵਰਤੋਂ ਤੇ ਵਿਕਰੀ ਉੱਤੇ ਪੂਰੀ ਪਾਬੰਦੀ ਲਾਉਣ ਸਬੰਧੀ ਪ੍ਰਸਤਾਵ ਪਾਸ ਕੀਤੇ ਹਨ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਰਾਮਪੁਰਾ ਹਲਕੇ ਵਿੱਚ ਕੁੱਲ 54 ਪੰਚਾਇਤਾਂ ਹਨ, ਜਿਨ੍ਹਾਂ ਵਿੱਚੋਂ ਹੇਠ ਲਿਖੀਆਂ 19 ਪੰਚਾਇਤਾਂ ਨੇ ਨਸ਼ੇ ਵਿਰੁੱਧ ਪ੍ਰਸਤਾਵ ਪਾਸ ਕੀਤੇ ਹਨ: ਮੱਲੂਆਣਾ, ਹਿੰਮਤਪੁਰਾ, ਟੱਲਵਾਲੀ, ਪਿੱਪਲੀ, ਗੁਰੂਸਰ ਮਹਿਰਾਜ, ਕੋਠੇ ਰਥੜੀਆਂ, ਮਹਿਰਾਜ ਖੁਰਦ, ਕਾਲੇਬਾਰਾ, ਭਾਈਰੂਪਾ ਖੁਰਦ, ਕੋਠੇ ਸੁੱਖਾ ਨੰਦਾ, ਨਵਾਂ ਕੇਸਰ ਸਿੰਘ, ਬੁਰਜ ਥਰੋੜ, ਕੋਠਾ ਗੁਰੂ ਖੁਰਦ, ਗੁਰਦਿੱਤ ਸਿੰਘ ਵਾਲਾ, ਗੰਸਪੁਰਾ, ਗੁਰੂਸਰ ਜਲਾਲ, ਭਾਈਆਣਾ, ਸੰਧੂ ਖੁਰਦ ਅਤੇ ਕਾਲੋਕੇ। ਬਲਕਾਰ ਸਿੰਘ ਸਿੱਧੂ ਨੇ ਦੱਸਿਆ ਕਿ ਰਾਮਪੁਰਾ ਸ਼ਹਿਰ ਵਿੱਚ ਚਿੱਟੇ ਦੀ ਤਸਕਰੀ ਅਤੇ ਵਰਤੋਂ ਉੱਤੇ ਨਿਗਰਾਨੀ ਰੱਖਣ ਲਈ 50 ਉੱਚ ਗੁਣਵੱਤਾ ਵਾਲੇ ਸੀਸੀਟੀਵੀ ਕੈਮਰੇ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਰਾਹੀਂ ਇਲਾਜ ਦਿੱਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਯੋਗਤਾ ਅਨੁਸਾਰ ਖੁਦਰੋਜ਼ਗਾਰ ਦੇ ਮੌਕੇ ਵੀ ਦਿੱਤੇ ਜਾ ਰਹੇ ਹਨ। ਪੰਚਾਇਤਾਂ ਅਤੇ ਨੌਜਵਾਨਾਂ ਦੀ ਮੰਗ ਮੁਤਾਬਕ ਪਿੰਡਾਂ ਵਿੱਚ ਖੇਡ ਮੈਦਾਨ ਅਤੇ ਜਿਮ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਨਸ਼ਿਆਂ ਤੋਂ ਬਚ ਚੁੱਕੇ ਅਤੇ ਖੇਡਾਂ ਨਾਲ ਜੁੜੇ ਨੌਜਵਾਨਾਂ ਨੂੰ ਤੰਦਰੁਸਤ ਬਣਾਉਣ ਲਈ ਦੇਸੀ ਘੀ ਵੀ ਵੰਡਿਆ ਗਿਆ ਹੈ। ਰਾਮਪੁਰਾ ਫੂਲ ਦੇ ਬੂਟਾ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਦੌਰਾਨ 99 ਕੇਸ ਦਰਜ ਕਰਕੇ 171 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਪਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚ 1 ਕਿਲੋ 349.89 ਗ੍ਰਾਮ ਹੀਰੋਇਨ, 13033 ਨਸ਼ੀਲੀਆਂ ਗੋਲੀਆਂ, 115.29 ਕਿਲੋ ਭੁੱਕੀ, 3570 ਕੈਪਸੂਲ, 1.5 ਕਿਲੋ ਗਾਂਜਾ, 6 ਗ੍ਰਾਮ ਸਮੈਕ ਅਤੇ 5 ਕਿਲੋ ਹਰਾ ਪੋਸਤ ਸ਼ਾਮਲ ਹਨ।